# 100 ਕਵਿਤਾਵਾਂ

ਪ੍ਰੀਤਮ ਸਿੰਘ ਧੰਜਲ (ਕੈਨੇਡਾ)

Thought Provoking

# Punjabi and Urdu Poems

in Gurmukhi Script

by:

Pritam Singh Dhanjal (Canada)

www.dhanjal..com

pritam@dhanjal.com

**ਚੇਤਾਵਨੀ**
**CAUTION**

## ਤਤਕਰਾ


1 ਉਹ ਜੀਵਨ ਦਾ ਰਸ ਕੀ ਮਾਣੇ?
2 ਉੱਚੀਆਂ ਲੰਮੀਆਂ ਟ੍ਹਾਲੀਆਂ
3 ਅਸਲੀਅਤ ਕੀ ਹੈ?
4 ਅਗਲਾ ਕਦਮ
5 ਅ-ਜਨਮ
6 ਅਧੂਰੀ ਕਿਰਤ
7 ਅਫ਼ਸਾਨਾ ਹਮਾਰਾ
8 ਅੱਖਾਂ
9 ਅੱਧਾ-ਕਵੀ
10 ਕੀਰਤਪੁਰ / ਗੰਗਾ
11 ਆਤਮ-ਘਾਤੀ ਹਿੰਸਕ?
12 ਆਦਮ ਦੀ ਕਹਾਣੀ?
13 ਆਦਮ, ਲਿਲਿਥ ਤੇ ਹੱਵਾ
14 ਆਵਾਗਵਣ
15 ਐ ਖ਼ੁਦਾ!
16 ਅੰਮ੍ਰਿਤ (ਅ-ਮ੍ਰਿਤ) ਵੇਲਾ?
17 ਇਕ ਬੱਚੀ ਦਾ ਸਕੂਲ
18 ਇਕ ਕਦਮ ਇਕ ਦਰਵਾਜ਼ੇ 'ਚੋਂ
19 ਇਕ ਪ੍ਰਛਾਵਾਂ ਅੱਗੇ
20 ਪਾਂਧੀ
21 ਸ਼ਹੀਦ
22 ਸਤਿਯੰਮ ਸ਼ਿਵਮ ਸੁੰਦਰਮ 1, 2, 3
23 ਸਬੱਬ ਨਾਲ
24 ਸਭ ਤੋਂ ਸੁਹਣਾ ਫੁੱਲ
25 ਸ਼ਾਂਤੀ ਪੁਰਸਕਾਰ
26 ਸ਼ਾਮ-ਏ-ਨੌ-ਸਾਲ
27 ਸਿਫ਼ਰ
28 ਸ਼ੋਅਲਾ ਸ਼ਬਨਮ
29 ਸੋਚਣ ਸ਼ਕਤੀ
30 ਸੁਪਨਾ

31 ਹਮ ਕਲ ਨਾ ਯਹਾਂ ਹੋਂਗੇ
32 ਹਰ ਛਿਣ ਨਵਾਂ ਨਕੋਰ
33 ਹੰਗਾਮਾ?
34 ਕਲਮ ਨੂੰ
35 ਕੀ ਕਰਾਂ?
36 ਕੁਝ ਖ਼ਿਆਲ
37 ਖ਼ੁਦਕੁਸ਼ੀ ਸੇ ਪਹਿਲੇ
38 ਗ਼ਰੀਬ ਔਰਤ
39 ਗੋਸ਼ਟੀ
40 ਚਾਨਣ ਦੀ ਭਾਲ
41 ਛੇ ਦਿਨ?
42 ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।
43 ਜੀਵਨ ਚਾਹ
44 ਜੀਵਨ ਰਾਹ
45 ਜੇ ਲਿਖਾਰੀ ਹੋਵਾਂ
46 ਜੋ ਸੁਖ ਛੱਜੂ ਦੇ ਚੁਬਾਰੇ .. ..
47 ਟਾਪੂ
48 ਟੈਰੀ ਫ਼ੌਕਸ
49 ਤਨ-ਮਨ
50 ਤੱਤ / ਭੁਲੇਖੇ
51 ਤਾਜ-ਪੋਸ਼ੀ ਦਾ ਭੂਤ
52 ਤ੍ਰਿਕਾਲਾਂ
53 ਤੇਰੀ ਤਸਵੀਰ
54 ਤੇਰੇ ਵਜੂਦ ਕਾ ਮਰਕਜ਼
55 … ਤੋ ਮੈਂ ਕਿਆ ਕਹੂੰ?
56 ਤੁਲਸੀ ਦੇ ਪੱਤਰ
57 ਤੂੰ ਤੇ ਮੈਂ
58 ਦੁੱਖ ਸਮੁੰਦਰੋਂ ਪਾਰ ਦੇ
59 ਧਰਤੀ ਦੀ ਮਹਿਕ
60 ਨਈ ਧੁਨ
61 ਨਾਂਹ ਦਾ ਮਤਲਬ ਨਾਂਹ
62 ਨਿਰਪ - ੳ
63 ਨਿਰਪ - ਅ
64 ਨਿਰਪ - ੲ
65 ਨਿਰਪ - ਸ
66 ਨਿਰਪ - ਹ

67 ਨਿਰਪ - ਕ
68 ਨਿਰਪ - ਖ
69 ਨਿਰਪ - ਗ
70 'ਨ੍ਹੇਰਾ' ਤੋਂ ਪਹਿਲਾਂ ਕੁਝ ਸ਼ੇਅਰ
71 ਨ੍ਹੇਰਾ
72 'ਨ੍ਹੇਰਾ' ਦੇ ਪਿੱਛੋਂ ਕੁਝ ਸ਼ੇਅਰ
73 ਨੂਰ-ਏ-ਕੁਤਬ
74 ਪਰਵਾਸੀ
75 ਪੱਛਮੀਂ ਲਹਿਰਾਂ
76 ਪੰਜਾਬੀਅਤ
77 ਪਾਂਧੀ
78 ਪਾਣੀਆਂ! ਓ ਪਾਣੀਆਂ!!
79 ਪਿਆਰ ਦੀ ਹੋਂਦ
80 ਬਨਾਮ ਬੇਨਾਮ 1
81 ਬਨਾਮ ਬੇਨਾਮ 2
82 ਬੰਬਾਰੀ
83 ਬਾਲ ਵਿਧਵਾ
84 ਰੂਹ
85 ਮਰਹੂਮ ਵਾਲਦੈਨ
86 ਮਿਲਨ
87 ਮਿਲਣ
88 ਮਿਲਾਪ
89 ਮੇਰਾ ਮਾਹੌਲ
90 ਮੇਰੀ ਜ਼ਿੰਦਗੀ 'ਚੋਂ ਜਾ ਕੇ
91 ਮੇਰੇ ਮਹਿਬੂਬ
92 ਮੈਦਾਨ-ਏ-ਜੰਗ ਮੇਂ
93 ਮੈਂ ਪੂਛਤਾ ਹੂੰ
94 ਮੁਬਾਰਕ, ਦੱਖਣੀ ਅਫ਼ਰੀਕਾ!
95 ਯੁਗ ਪਰਿਵਰਤਨ
96 ਰਾਜ ਕਰੇਗਾ ਖ਼ਾਲਸਾ?
97 ਰਾਤ (ਦੁਨਿਆਵੀ ਨ੍ਹੇਰਾ)
98 ਰੂਹ
99 ਵਿਕਸਤ
100 ਵਿਦਾਇਗੀ

**ਚੇਤਾਵਨੀ**

**CAUTION**

ਕੁਝ ਰਚਨਾਵਾਂ ਬਹੁਤ ਭਾਵੁਕ ਹਨ, ਇਹਨਾਂ ਨੂੰ ਆਪਣੀ ਜ਼ੁਮੇਵਾਰੀ ‘ਤੇ ਪੜ੍ਹਨਾ।

Some of these poems are very emotional. Read at your Own risk.

ਤਤਕਰਾ

## 1 - ਉਹ ਜੀਵਨ ਦਾ ਰਸ ਕੀ ਮਾਣੇ!

ਇਕ ਹੁਸਨ ਜੋ ਗੰਨੇ ਤੋਂ ਗੋਰਾ,
ਇਕ ਹੁਸਨ ਜੋ ਗੰਨੇ ਤੋਂ ਉੱਚਾ,
ਇਕ ਹੁਸਨ ਜੋ ਖੋਰੀ ਵਿਚ ਦਮਕੇ,
ਇਕ ਹੁਸਨ ਜੋ ਗੰਨੇ ਤੋਂ ਮਿੱਠਾ।
ਜਿਹਨੇ 'ਗੁੜ ਦੀ ਪੇਸੀ' ਹੀ ਦੇਖੀ,
ਜਿਹਨੇ ਛੰਨੇ ਵਿਚ ਸ਼ੱਕਰ ਦੇਖੀ,
ਉਹ ਓਸ ਹੁਸਨ ਨੂੰ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ?

ਜਿਸ ਨੇ ਨਹੀਂ ਦੇਖਿਆ ਜੀਵਨ ਵਿਚ,
ਕਿਸੇ ਸੁਬਹ ਨੂੰ ਅੱਖਾਂ ਪੁੱਟਦੀ ਨੂੰ।
ਕਿਸੇ ਜੀਵਨ ਪੈਦਾ ਹੁੰਦੇ ਨੂੰ,
ਕਿਸੇ ਨਵੀਂ ਕਰੂੰਬਲ ਫੁੱਟਦੀ ਨੂੰ।
ਜਿਹਨੇ ਸ਼ਮ੍ਹਾਂ-ਦਾਨ ਜਗਾਏ ਨੇ।
ਜਿਹਨੇ ਫੂਲ-ਦਾਨ ਸਜਾਏ ਨੇ।
ਉਹ ਓਸ ਹੁਸਨ ਨੂੰ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ?

ਜਿਸ ਲਾ-ਇਲਾਜੀ ਸਮਝੀ  ਨਹੀਂ,
ਜਿਸ ਨੇ ਕੋਈ ਮਰਦਾ ਦੇਖਿਆ ਨਹੀਂ,
ਕਿਸੇ ਫ਼ਰਜ਼ਾਂ ਹੇਠ ਲਿਤਾੜੇ ਦਾ,
ਜਿਸਨੇ ਕੋਈ ਕਫ਼ਨ ਸਮੇਟਿਆ ਨਹੀਂ,
ਜੋ ਕਦੀ ਵੀ ਰੋਗੀ ਨਹੀਂ ਹੋਇਆ,
ਜੋ ਕਦੀ ਵੀ ਸੋਗੀ ਨਹੀਂ ਹੋਇਆ।
ਉਹ ਜੀਵਨ ਦਾ ਰਸ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ?

ਤਤਕਰਾ

ਜੋ ਆਪਣੇ ਜੀਵਨ ਦੇ ਅੰਦਰ,
ਧਰਮਾਂ ਤੋਂ ਉੱਚਾ ਹੋਇਆ ਨਾ,
ਜੋ ਕਿਸੇ ਦੀ ਖ਼ੁਸ਼ੀ 'ਚ ਹੱਸਿਆ ਨਾ,
ਜੋ ਕਿਸੇ ਦੇ ਗ਼ਮ ਵਿਚ ਰੋਇਆ ਨਾ।
ਜੋ ਜੀਵਨ ਦੇ ਰਾਹ ਚੱਲਦਿਆਂ,
ਬਿਰਹਾ ਨਾ ਪਿੱਛੇ ਛੱਡ ਸਕਿਆ,
ਉਹ ਸ਼ਖ਼ਸ 'ਅਨੰਦ' ਨੂੰ ਕੀ ਜਾਣੇ?
ਉਹ ਜੀਵਨ ਦਾ ਰਸ ਕੀ ਮਾਣੇ।

ਤਤਕਰਾ

ਪੰਜਾਬ - 1980-ਵਿਆਂ ਦਾ ਦੌਰ

## 2 - ਉੱਚੀਆਂ ਲੰਮੀਆਂ ਟਾਲ੍ਹੀਆਂ

(ਪੰਜਾਬ ਦੀਆਂ ਮਾਂਵਾਂ)

ਉੱਚੀਆਂ ਲੰਮੀਆਂ ਟਾਲ੍ਹੀਆਂ ਦੇ,
ਟੁੱਟੀ ਜਾਂਦੇ ਟਾਹਣ ਵੇ ਮਾਹੀਆ ।
ਇਹ ਤੂਫ਼ਾਨਾਂ ਮਾਰੀਆਂ ਵੇ,
ਪੀੜਾਂ ਨਾਲ ਕਰਾਹਣ ਵੇ ਮਾਹੀਆ ।

ਮੋਛੇ[1] ਵਢ ਵਢ ਬਾਲਦੇ ਵੇ,
ਘਰ ਘਰ ਅੱਗਾਂ ਲਾਣ ਵੇ ਮਾਹੀਆ ।
ਆਪੇ ਬਾਹਾਂ[2] ਛਾਂਗਦੇ ਵੇ,
ਸੀ ਜਿਨ੍ਹਾਂ ਤੇ ਮਾਣ ਵੇ ਮਾਹੀਆ ।

ਬੇਪੱਤ ਕਰਦੇ ਬੱਚੀਆਂ ਨੂੰ,
ਸੰਗਣ ਨਾ ਸ਼ਰਮਾਣ ਵੇ ਮਾਹੀਆ ।
ਜਿਵੇਂ ਅਨਾੜੀ ਤੱਛਦੇ ਵੇ,
ਤਿਵੇਂ ਇਹ ਪੱਤਾਂ ਲਾਹਣ ਵੇ ਮਾਹੀਆ ।

ਸਣੇ ਆਲ੍ਹਣੇ ਡਿੱਗ ਪਏ ਜੋ,
ਬੋਟ[3] ਪਏ ਕੁਰਲਾਣ ਵੇ ਮਾਹੀਆ ।
ਖੰਭ-ਕਟਿਆਂ ਦੇ ਸਾਹਮਣੇ ਵੇ,
ਭੱਜਣ ਨੂੰ ਹੁਣ ਵਾਹਣ ਵੇ ਮਾਹੀਆ ।

ਤੇਰੀਆਂ ਵਾਟਾਂ ਸੋਚ ਕੇ ਵੇ,
ਗੋਤੇ ਪੈਂਦੇ ਜਾਣ ਵੇ ਮਾਹੀਆ ।
ਨਾ ਤੀਆਂ ਨਾ ਸਾਥਣਾ ਵੇ,
’ ਪ੍ਰੀਤਮ ’ ਨੂੰ ਅੱਜ ਭਾਣ ਵੇ ਮਾਹੀਆ ।

---

1. ਪੁੱਤਰ 2. ਭਰਾ, 3. ਯਤੀਮ

ਤਤਕਰਾ

# 3 - ਅਸਲੀਅਤ ਕੀ ਹੈ?

## ਕੁੱਖ

ਕੁੱਖ ਦੀ ਹਸਤੀ ਦੁਨੀਆਂ ਦੇ ਵਿਚ,
ਵੰਨ-ਸੁਵੰਨੇ ਖੇਡ ਦਿਖਾਏ,
ਸਫ਼ਲ ਹੋ ਕੇ ਜੀਵਨ ਦੇਵੇ
ਤੇ ਕਦੇ ਇਹ ਬਾਂਝ ਰਹਿ ਜਾਏ।

ਇਕ ਕੁੱਖ ਖੂਹਣੀਆਂ ਗਾਲ ਦੇਂਦੀ ਹੈ,
ਬੇਸ਼ੱਕ ਉਹ ਸਫ਼ਲ ਹੋ ਜਾਏ।
ਤੇ ਇਕ ਕੁੱਖ ਬਾਂਝ ਰਹਿ ਕੇ ਵੀ,
ਸਭ ਨੂੰ ਮੰਜ਼ਿਲ ਤਕ ਪਹੁੰਚਾਏ। (ਪਗਡੰਡੀ)

ਕੁੱਖ ਨੇ ਭਗਤ ਤਾਂ ਪੈਦਾ ਕੀਤੇ,
ਪਰ ਜ਼ਾਲਿਮ ਭੀ ਕਿਉਂ ਉਪਜਾਏ?
ਜੀਵਨ ਦੇ ਚਾਨਣ ਦੇ ਉੱਤੇ,
ਕਿਉਂ ਇਹ ਮੌਤ ਦੇ ਨ੍ਹੇਰੇ ਪਾਏ?

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਸ੍ਰਿਸ਼ਟੀ ਦੀ ਸਿਰਜਨਤਾ ਦੇ ਵਿਚ,
ਕੁੱਖਾਂ ਦੀ ਅਸਲੀਅਤ ਕੀ ਹੈ?

ਤਤਕਰਾ

## ਭੁੱਖ

ਇਕ ਭੁੱਖ ਤਨ ਦੇ ਨਾਲ ਸੰਬੰਧਤ,
ਇਕ ਭੁੱਖ ਮਨ ਦੇ ਤਲ ਤੋਂ ਆਵੇ।
ਇਕ ਭੁੱਖ ਦਿਲ ਦੀਆਂ ਗੱਲਾਂ ਚਾਹਵੇ,
ਇਕ ਭੁੱਖ ਰੂਹ ਦਾ ਚੋਗਾ ਖਾਵੇ।

ਕਦੇ ਮਨੁੱਖ ਦਾ ਤਨ ਮਨ ਵੇਚੇ,
ਕਦੇ ਬੇ-ਗ਼ੈਰਤ ਵੀ ਹੈ ਕਰਦੀ।
ਕਦੇ ਇਹ ਤੜਪ ਤੋਂ ਜਾਨ ਬਚਾਵੇ,
ਔਖੀ ਵੇਲੇ ਬਣ ਹਮਦਰਦੀ।

ਦੁਨੀਆਂ ਦੀ ਹਰ ਸ਼ੈਅ ਖਾ ਕੇ ਵੀ,
ਮਿਟਦੇ ਨਹੀਂ ਹਨ ਇਸ ਦੇ ਪਾੜੇ।
ਪਤਾ ਨਹੀਂ ਇਹ ਹਰ ਇਕ ਭੋਜਨ,
ਕਿਹੋ ਜਿਹੀ ਅੱਗ ਵਿਚ ਸਾੜੇ।

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਰੋਟੀ ਖਾਂਦਿਆਂ ਮੈਂ ਇਹ ਸੋਚਾਂ,
ਭੁੱਖਾਂ ਦੀ ਅਸਲੀਅਤ ਕੀ ਹੈ?

ਤਤਕਰਾ

## ਰੁੱਖ

ਹਰੇ ਭਰੇ ਰੁੱਖਾਂ ਦੇ ਤਨ ‘ਤੇ,
ਉਹ ਸਮਾਂ ਵੀ ਆ ਜਾਂਦਾ ਹੈ,
ਉਹ ਹੀ ਧਰਤੀ ਅੰਬਰ ਹੁੰਦਿਆਂ,
ਫਿਰ ਭੀ ਰੁੱਖ ਮੁਰਝਾ ਜਾਂਦਾ ਹੈ।

ਪੱਤ ਝੜਦੇ ਤੇ ਫੁੱਲ ਫਲ ਟੁੱਟਦੇ,
ਰੁੱਤ ਉਦਾਸੀ ਛਾ ਜਾਂਦੀ ਹੈ।
ਪਰ ਇਹ ਉਸਦੀ ਮੌਤ ਨਹੀਂ ਹੈ,
ਫਿਰ ਹਰਿਆਵਲ ਆ ਜਾਂਦੀ ਹੈ।

ਤੇ ਕੁਝ ਰੁੱਖ ਅਜਿਹੇ ਵੀ ਨੇ,
ਸਦਾ ਬਹਾਰ ਉਨ੍ਹਾਂ ‘ਤੇ ਰਹਿੰਦੀ।
ਇਹ ਮੌਸਮ ਜਾਂ ਸਮੇਂ ਦੀ ਗਰਦਸ਼,
ਉਹਨਾਂ ਤਾਈਂ ਕੁਝ ਨਾ ਕਹਿੰਦੀ।

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਰੁੱਖ ਹੇਠਾਂ ਬੈਠਾ ਮੈਂ ਸੋਚਾਂ,
ਰੁੱਖਾਂ ਦੀ ਅਸਲੀਅਤ ਕੀ ਹੈ?

ਤਤਕਰਾ

## ਮਨੁੱਖ

ਹਰ ਮਨੁੱਖੀ ਹੋਂਦ ਦੇ ਅੰਦਰ,
ਤਨ ਹੈ, ਮਨ ਹੈ, ਦਿਲ ਹੈ, ਰੂਹ ਹੈ।
ਹਰ ਚੰਗੀ ਜਾਂ ਮੰਦੀ ਸ਼ੈਅ ਦੀ,
ਹਰ ਮਨੁੱਖੀ ਹੋਂਦ ਨੂੰ ਸੂਹ ਹੈ।

ਇਹ ਵੀ ਜਾਣੇ, ਬਚਪਨ ਅੰਦਰ,
ਦਇਆ ਤੇ ਪਿਆਰ ਨੇ ਜਾਨ ਬਚਾਈ।
ਫਿਰ ਕਿਉਂ ਕੁਝ ਮਨੁੱਖਾਂ ਨੇ ਇਹ,
ਜੀਵਨ ਵਾਲੀ ਗੱਲ ਭੁਲਾਈ?

ਕਿਉਂ ਕੋਈ ਹੈਂਕੜ ਦੇ ਪਿੱਛੇ,
ਹਰ ਇਕ ਜੀਵ ਨੂੰ ਮਾਰਨਾ ਚਾਹਵੇ!
ਕਿਉਂ ਕੋਈ ਮਨੁੱਖਤਾ ਦੇ ਲਈ,
ਆਪਣੀ ਜਾਨ ਵੀ ਵਾਰਨਾ ਚਾਹਵੇ!

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਸ਼ਹੀਦ ਤੇ ਕਾਤਿਲ ਦੇਖ ਇਹ ਸੋਚਾਂ,
ਮਨੁੱਖਾਂ ਦੀ ਅਸਲੀਅਤ ਕੀ ਹੈ?

ਤਤਕਰਾ

## ਦੁੱਖ

ਜੇ ਨੌਕਰ ਨੇ ਸਮੇਂ ਦੇ ਉੱਤੇ,
ਚਾਹ ਦਾ ਪਿਆਲਾ ਨਹੀਂ ਲਿਆਂਦਾ,
ਇਕ ਰਈਸ, ਦੌਲਤ ਦਾ ਮੱਤਾ,
ਪਲਾਂ ਦੇ ਵਿਚ ਦੁਖੀ ਹੋ ਜਾਂਦਾ।

ਤੇ ਕੋਈ, ਮਾਨੱਖਤਾ ਦੇ ਲਈ,
ਤੱਤੀ ਤਵੀ ‘ਤੇ ਜਾ ਬਹਿੰਦਾ ਹੈ।
ਉੱਬਲਦੀਆਂ ਦੇਗਾਂ ਵਿਚ ਬਹਿ ਕੇ,
ਭਾਣਾ ਮੰਨ, ਸੁਖੀ ਰਹਿੰਦਾ ਹੈ।

ਤਨ, ਮਨ, ਦਿਲ ਤੇ ਰੂਹ ਦਾ, ਸੋਚਾਂ,
ਆਪਸ ਦੇ ਵਿਚ ਕੀ ਨਾਤਾ ਹੈ?
ਕਿਸੇ ਨੇ ਸੁਖ ਨੂੰ ਦੁੱਖ ਜਾਤਾ ਹੈ,
ਕਿਸੇ ਨੇ ਦੁੱਖ ਨੂੰ ਸੁਖ ਜਾਤਾ ਹੈ।

ਕੁਦਰਤ ਦੀਆਂ ਇਨ੍ਹਾਂ ਰਮਜ਼ਾਂ ਦੀ,
ਪਤਾ ਨਹੀਂ ਤਰਬੀਅਤ ਕੀ ਹੈ?
ਤਨ, ਮਨ, ਦਿਲ, ਰੂਹ ਦੀ ਦੁਨੀਆਂ ਵਿਚ,
ਦੁੱਖਾਂ ਦੀ ਅਸਲੀਅਤ ਕੀ ਹੈ?

ਤਤਕਰਾ

ਜੀਵ-ਆਤਮਾ ਦੇ ਵਿਕਸਿਤ ਹੋਣ ਲਈ

## 4 - ਅਗਲਾ ਕਦਮ

ਸ਼ੋਰ ਮਚਾਉਂਦੀ ਰਾਤ ਦਾ ਪਹਿਰਾ,
ਕੁਝ ਵੀ ਨਜ਼ਰ ਨਾ ਆਵੇ,
ਕਦੇ ਜਦੋਂ ਕੋਈ ਬਿਜਲੀ ਚਮਕੇ,
ਇਕ ਅੱਧ ਸ਼ੈਅ ਰੁਸ਼ਨਾਵੇ।

‘ਇਕ-ਚਿੱਤ’ ਜੇ ਚਮਕਾਉਣਾ ਚਾਹਵੇ,
ਤਾਂ ਇਹ ਬਿਜਲੀ ਚਮਕੇ,
ਜਿਸ ਨੂੰ ‘ਸੋਚ’ ਸਮਝ ਨਹੀਂ ਸਕਦੀ,
ਉਹ ਗੱਲ ਵੀ ਸਮਝਾਵੇ।

ਸੁਣਿਆਂ ਹੈ, ਇਕ ਵਾਰ ‘ਕ੍ਰਿਸ਼ਨ’ ਸੀ
ਇੰਜ ਬਿਜਲੀ ਚਮਕਾਈ,
‘ਅਰਜਨ’ ਗਿਆਨ-ਹੀਣ ਨੂੰ ਉਸਨੇ,
ਸਾਰੀ ਸ੍ਰਿਸ਼ਟ ਦਿਖਾਈ।

ਚੰਗਾ ਹੋਵੇ ਜੇ ਇਹ ਬਿਜਲੀ,
ਚਮਕੀ ਹੀ ਰਹਿ ਜਾਵੇ,
ਵਿਕਸਿਤ ਹੁੰਦੀ ਰੂਹ ਜੀਵ ਦੀ,
ਅਗਲਾ ਕਦਮ ਉਠਾਵੇ।

ਤਤਕਰਾ

## 5 - ਅਜਨਮ

ਮਨ ਬੈਰਾਗੀ, ਸੁੰਨ-ਮੰਡਲਿ ਘਰ ਪਾਇਆ।
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਗਰਭ-ਪੀੜ ਨੇ, ਜੀਵਨ ਦੀ ਥਾਂ, ਮੌਤ ਗੋਦ ਵਿਚ ਪਾਈ,
ਕੁੱਖ ਕੰਬੀ, ਦਿਲ ਟੁਕੜੇ ਹੋਇਆ, ਰੂਹ ਮੋਈ ਕੁਰਲਾਈ।
ਇਕ ਟਿੱਕ ਹੋ ਕੇ ਪੱਥਰ ਹੋਈਆਂ, ਅੱਖੀਆਂ ਨੀਰ ਵਹਾਇਆ,
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਨਾਮ ਕੀ ਦੇਵਾਂ[1] ! ਇਕ ਵਾਰੀ ਵੀ ਜਿਸ ਨੂੰ ਲੈ ਨਹੀਂ ਹੋਣਾ,
ਨਾ ਸੁਹਣੇ ਦੇ ਹਾਸੇ ਮੇਰੇ, ਨਾ ਸੁਹਣੇ ਦਾ ਰੋਣਾ।
ਨਾ ਮਾਂ ਸਦਕੇ ਗਈ ਓਸ ਤੋਂ, ਨਾ ਹੀ ਲਾਡ ਲਡਾਇਆ।
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਰੀਝਾਂ ਦੇ ਬੂਟੇ ਨੂੰ ਜੇ ਕੋਈ, ਖ਼ੂਨ ਪਸੀਨਾ ਪਾਵੇ,
ਉਸ ’ਤੇ ਕੀ ਬੀਤੇਗੀ! ਜੇ ਪਹਿਲੀ ਡੋਡੀ ਝੜ ਜਾਵੇ।
ਮਨ ਦੀਆਂ ਪੀੜਾਂ ਹੋਣ ਸਵਾਈਆਂ, ਨਾ ਸਮਝੇ ਸਮਝਾਇਆ,
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਖ਼ੁਸ਼ੀ, ਬਣਨ ਤੋਂ ਪਹਿਲਾਂ ਮਿਟ ਗਈ, ਬਣਦੀ ਬਣਦੀ ਆਸਾ,
ਇਕ ਅਭਾਗਾ ਹੰਸ ਰਿਹਾ ਹੈ, ਸਰਵਰ ਵਿਚ ਨਿਰਾਸਾ।
ਜਦ ਇਕ ਬੂੰਦ ਸੀ ਮੋਤੀ ਬਣਨਾ, ਉਹ ਵੇਲਾ ਨਾ ਆਇਆ।
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਸ਼ਖ਼ਸੀਅਤ ਦੀ ਕੀ ਅਸਲੀਅਤ? ਕੋਈ ਆਣ ਸੁਣਾਵੇ,
ਕਿਸ ਦੀ ਨਿਅਮਤ, ਦੌਲਤ, ਤਾਕਤ? ਕੋਈ ਤੇ ਦੱਸ ਜਾਵੇ!
ਕਿਸ ਵੇਲੇ ਤੋਂ, ਕਿਸ ਦਾ, ਕੀ, ਕਿਸ ਨਾਲ ਸੰਬੰਧ ਬਣਾਇਆ?
ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!

ਜੀਵਨ ਦੇਵਣ ਲੈਵਣ ਵਾਲੇ, ਇਹ ਕੀ ਖੇਲ ਬਣਾਇਆ!
ਮਨ ਬੈਰਾਗੀ, ਸੁੰਨ-ਮੰਡਲਿ ਘਰ ਪਾਇਆ।

---

1 ਕੈਨੇਡਾ ਵਿਚ ਕਾਨੂੰਨ ਹੈ ਕਿ ਬੱਚਾ ਭਾਵੇਂ ਮਰਿਆ ਹੋਇਆ ਪੈਦਾ ਹੋਵੇ, ਉਸ ਦਾ ਨਾਮ ਜ਼ਰੂਰ ਰੱਖਣਾ ਪੈਂਦਾ ਹੈ।

ਤਤਕਰਾ

## 6- ਅਧੂਰੀ ਕਿਰਤ

ਮੈਂ, ਕਿ ਇਕ ਕਤਰਾ ਜਿਹਦਾ ਆਧਾਰ ਹੈ,
ਬੇ-ਸ਼ੁਮਾਰ ਸਮੁੰਦਰਾਂ 'ਚੋਂ ਬੂੰਦ ਹਾਂ।
ਮੈਂ, ਕਿ ਜੋ ਕਈ ਲੱਖਾਂ ਵਿਚੋਂ ਇਕ ਹਾਂ,
ਮੈਂ, ਕਿ ਮੇਰੀ ਹੋਂਦ ਬੁਲਬੁਲੇ ਵਾਂਗਰਾਂ,
ਜਾਂ ਪਾਣੀ ਦੇ ਵਿਚ ਪਤਾਸੇ ਵਾਂਗਰਾਂ।

ਮੈਂ, ਕਿ ਮਨ ਆਈ ਹੀ ਕੀਤੀ ਹੈ ਸਦਾ,
ਘਰ ਤੋਂ ਨਿਕਲਣ ਦੀ ਵੀ ਭੁਗਤੀ ਹੈ ਸਜ਼ਾ।

ਰਾਤਾਂ ਦੀ ਇਸ ਕਾਲੀ-ਸਿਆਹ ਸਲੇਟ 'ਤੇ,
ਤਾਰਿਆਂ ਦੇ, ਜਦ ਚਿੰਨ੍ਹ ਪਏ ਮੈਂ ਦੇਖਦਾਂ,
ਕੀ ਬੁਝਾਰਤ? ਕੌਣ ਸੀ ਉਹ ਜੋ ਲਿਖ ਗਿਆ?
ਰੋਟੀ ਤੋਂ ਵਿਹਲਾ ਹੋ, ਇਹਨੂੰ ਸੋਚਦਾਂ।

ਮੈਂ ਕਦੀ, ਕੁਦਰਤ ਨੂੰ ਸਮਝਣ ਲੱਗਿਆਂ,
ਆਪਣੇ ਤਨ 'ਤੇ ਹਰ ਤਸੀਹਾ ਸਹਿ ਗਿਆ,
ਪਰ ਸਦਾ 'ਉਹਦੀ' ਅਭੇਦੀ ਕਿਰਤ ਦਾ,
ਇਕ ਨਿਗੂਣਾ ਅੰਸ਼ ਹੋ ਕੇ ਰਹਿ ਗਿਆ।

ਇਸ ਵਿਸਮਾਦ-ਕਿਰਤ ਨੂੰ ਵਿੰਹਦਿਆਂ ਵਿੰਹਦਿਆ,
ਮੈਂ ਕਦੀ ਹੈ ਗੀਤ ਸੰਗੀਤ ਨੂੰ ਛੂਹ ਲਿਆ,
ਤੇ ਇਸ ਕਿਰਤ ਨੂੰ ਸਾਂਭ ਕੇ ਰੱਖਣ ਵਾਸਤੇ,
ਤਸਵੀਰਾਂ ਤੇ ਬੁੱਤਾਂ ਵਿਚ ਸਮੋ ਲਿਆ।

ਸੰਤ, ਸਿਪਾਹੀ, ਹਾਲੀ, ਦਾਨੀ ਤੇ ਕਦੇ
ਆਗੂ ਬਣ, ਦੁਨੀਆਂ ਦੇ ਧੋਣੇ ਧੋਵੰਦਾ।
ਲ਼ੋੜ ਪਏ ਦੁਨੀਆਂ ਵਿਚ ਪੈਦਾ ਹੋਣ ਦੀ,
ਰੱਬ ਵੀ ਮੇਰੇ ਵਿਚ ਦੀ ਪੈਦਾ ਹੋਵੰਦਾ।

ਤਤਕਰਾ

ਪਿਆਰ ਦੇ ਰਾਹ ‘ਤੇ ਚੱਲਦਿਆਂ, ਮੇਰੇ ਸਾਹਮਣੇ,
ਹਰ ਕਦਮ ‘ਤੇ ਦਿਸੇ, ਸੇਜਾ ਪਿਆਰ ਦੀ।
ਹਰ ਮੁਸ਼ਕਿਲ ਦੇ ਵਿਚ ਹੈ ਨਿੱਘ ਪਿਆਰ ਦਾ,
ਹਰ ਨਜ਼ਾਰੇ ਵਿਚ ਹੈ ਸੂਰਤ ਯਾਰ ਦੀ।

ਮੈਂ, ਕਿ ਜਿਸ ਨੇ ਮਿੱਠਾ ਖਾ ਕੇ ਦੇਖਿਆ,
ਮੈਂ, ਕਿ ਜਿਸ ਨੇ ਕੌੜਾ ਸੁਣ ਕੇ ਦੇਖਿਆ,
ਮੈਂ, ਕਿ ਜੋ ਕਦੀ ਖੱਟਾ ਹੋ ਕੇ ਰਹਿ ਗਿਆ,
ਮੈਂ, ਕਿ ਜਿਸ ਨੇ ਘੁੱਟ ਵੀ ਭਰ ਕੇ ਦੇਖਿਆ।
ਪ੍ਰੇਮ-ਪੁਜਾਰੀ ਇੰਜ ਬਣਾਂ ਕਿ ਰੱਬ ਕੀ!
ਮਸਤੀ ਦੇ ਵਿਚ ਆ ਕੇ ਪੱਥਰ ਪੂਜਦਾਂ,
ਤੇ ਕਦੀ ‘ਹੈਂਕੜ’ ਨਾ ਮੰਨੇ ਰੱਬ ਨੂੰ,
ਰੋਹ ‘ਚ ਆ ਕੇ, ਉਹਦੇ ਮੰਦਰ ਢਾ ਦਿਆਂ।

ਕੁੱਲੀ, ਗੁੱਲੀ, ਜੁੱਲੀ ਮਿਲੇ ਹਰੇਕ ਨੂੰ,
ਇਸ ਆਹਰ ਵਿਚ ਬਹੁਤਾ ਸਮਾਂ ਲੰਘਾ ਦਿਆਂ,
ਆਪਣੀ ਮਰਜ਼ੀ, ਆਪਣੀ ਚੌਧਰ ਵਾਸਤੇ,
ਬਾਕੀ ਸਮੇਂ ‘ਚ, ਹਰ ਥਾਂ ਆਢਾ ਲਾ ਦਿਆਂ।

ਮੇਰੀ ਉਪਜ ਵੀ ਹੁੰਦੀ ਪਸੂਆਂ ਵਾਂਗਰਾਂ,
ਮੇਰੇ ਤੇ ਪਸੂਆਂ ਵਿਚ ਬਹੁਤਾ ਫ਼ਰਕ ਨਾ।

ਮੈਂ ਸੋਚਣ ਵਿਚ ਉਹਨਾਂ ਤੋਂ ਅੱਗੇ ਰਿਹਾ,
ਸੋਚ ਨੇ ਦੈਂਤਾਂ ‘ਤੇ ਵੀ ਕਾਬੂ ਪਾ ਲਿਆ,
ਸੋਚ ਅਕਾਸ਼ਾਂ ‘ਚੋਂ ਤਾਰੇ ਵੀ ਤੋੜ ਲਏ,
ਪਰ ਸੋਚ ਅਕਾਸ਼ਾਂ ਤੋਂ ਕਦੇ ਜੇ ਡਿੱਗ ਪਏ,
ਤਾਂ, ਮੇਰੇ ਤੇ ਪਸੂਆਂ ਵਿਚ ਬਹੁਤਾ ਫ਼ਰਕ ਨਾ,
ਮੇਰੀ ਉਪਜ ਵੀ ਹੁੰਦੀ ਪਸੂਆਂ ਵਾਂਗਰਾਂ।

ਮੈਂ, ਕਿ ਮੇਰਾ ਦਾਈਆ ਮੱਛੀ ਤੋਂ ਪਰੇ,
ਪੱਥਰ ਚੱਟਣ ਬਾਅਦ ਵੀ ਜੋ ਨਾ ਮੁੜੇ।

ਤਤਕਰਾ

ਮੈਂ ਕਦੇ ਚੰਗਾ ਬਣਨ ਦੇ ਵਾਸਤੇ,
ਆਪਣੇ ਆਪ ਨੂੰ 'ਧਰੁਵ' ਦੇ ਉੱਤੇ ਲੈ ਗਿਆ,
ਤੇ ਜਦੋਂ, ਨੇਮਾਂ ਤੋਂ ਅ-ਧਰੁਵ ਹੋ ਗਿਆ,
ਚਾਰੇ ਪਾਸੇ ਲਹੂ ਦੇ ਛਿੱਟੇ ਪਾ ਗਿਆ।

ਆਪੇ ਪਾਈ ਲਕੀਰ ਤੋਂ ਵਧ ਕੇ ਕਦੇ,
ਮੈਂ ਮਨੁੱਖਤਾ ਦੀ ਆਜ਼ਾਦੀ ਨਾ ਸਵ੍ਹਾਂ।
ਮੇਰੀ ਕਲਮ 'ਚ ਹਨ ਜਬਾੜ੍ਹੇ ਮੌਤ ਦੇ,
ਕੀ ਗੋਲੀ! ਕੀ ਬਿਜਲੀ!! ਤੇ ਕੀ ਫਾਂਸੀਆਂ!!!
ਕਾਤਲ ਵਾਂਗੂੰ ਮੌਤ ਦਾ ਹੁਕਮ ਸੁਣਾ ਦਿਆਂ,
ਫਿਰ ਵੀ ਆਪਣੇ ਆਪ ਨੂੰ ਮੁਨਸਫ਼ ਕਵ੍ਹਾਂ।

ਮੈਂ ਗ਼ੁਲਾਮੀ ਨੂੰ ਹਾਂ ਧੱਬਾ ਸਮਝਦਾ,
ਪਰ ਗ਼ੁਲਾਮਾਂ ਦੀ ਸਦਾ ਲੋਚਾ ਕਰਾਂ।
ਇੱਛਾਵਾਂ ਦੇ ਲਈ, ਮੈਂ ਬੰਧਨ ਤੋੜਦਾਂ,
ਪਰ ਇੱਛਾਵਾਂ ਦਾ ਸਦਾ ਕੈਦੀ ਰਵ੍ਹਾਂ।

"ਹਰ ਉਚਾਈ ਮੇਰੀ ਹੀ ਤਾਂ ਕਿਰਤ ਹੈ"।
ਮਾਣ ਤੇ ਇੱਜ਼ਤ ਮੈਂ ਦੁਨੀਆਂ ਤੋਂ ਲਵਾਂ।
ਜੇ ਅਸਫ਼ਲਤਾ ਦੀ ਠੋਕਰ ਖਾ ਲਵਾਂ,
ਤਾਂ 'ਪਰਲੋਕੀ-ਰੱਬ' ਨੂੰ ਦੋਸ਼ੀ ਕਵ੍ਹਾਂ।

ਮੈਂ ਕਿ ਮੇਰੀ ਹੋਂਦ ਤਾਂ ਰੁੱਖ ਦੇ ਵਾਂਗਰਾਂ,
ਮੇਰੇ ਟਾਹਣਾ 'ਤੇ ਵੀ ਫੁੱਲ, ਫਲ ਲੱਗਦੇ।
ਮੈਂ, ਕਿ ਫਿਰ ਵੀ ਰੁੱਖ ਦੀ ਹੋਂਦ ਤੋਂ ਵੱਖਰਾ,
ਰੁੱਖ ਦੇ ਵਾਂਗੂੰ ਮੇਰਾ ਰਹਿਣਾ, ਨਾ ਕਦੇ।
ਮੇਰੀ ਪਤਝੜ ਜਦ ਮੇਰੇ 'ਤੇ ਆਵੰਦੀ,
ਮੇਰੇ ਫੁੱਲ, ਫਲ ਓਸੇ ਤਰ੍ਹਾਂ ਸੁਹਾਵੰਦੇ।
ਰੁੱਖ, ਕਿ ਜਿਸ ਤੇ ਫਿਰ ਬਹਾਰਾਂ ਆਉਂਦੀਆਂ,
ਮੈਂ, ਕਿ ਪਤਝੜ ਪਿਛੋਂ, ਮਿੱਟੀ ਜਾ ਮਿਲਾਂ।

ਤਤਕਰਾ

ਦੁਨੀਆਂ ਦੀ ਹਰ ਸ਼ੈਅ ਮੁਸੀਬਤ ਦੇਖ ਕੇ,
ਬਚਣ ਦਾ ਜਦ ਕੋਈ ਉਪਰਾਲਾ ਕਰਾਂ,
ਮੈਂ ਤਿਆਗੀ ਹੋ ਕੇ, ਦੁਨੀਆਂ ਵਿਚ ਹੀ,
ਜੀਂਦੇ ਜੀਅ, ਮਰ ਜਾਣ ਦੀ ਕੋਸ਼ਿਸ਼ ਕਰਾਂ।
ਜੀਣਾ ਚਾਹਵਾਂ ਜਿਸ ਤਰ੍ਹਾਂ, ਨਾ ਜੀ ਸਕਾਂ,
ਤੇ ਕਦੀ, ਮਰ ਕੇ ਵੀ ਏਥੋਂ ਨਾ ਮਰਾਂ।

ਖੇਡਣ ਨੂੰ ਮੇਰਾ ਕਦੇ ਜੇ ਦਿਲ ਕਰੇ,
ਚੰਦਰਮਾਂ ਦਾ ਬੂਹਾ ਜਾ ਖੜਕਾ ਦਿਆਂ।
ਇਹ ਦੁਨੀਆਂ ਵਸਦੀ ਹੈ ਮੇਰੇ ਰਹਿਮ ‘ਤੇ,
ਮੈਂ ਚਾਹਵਾਂ ਤਾਂ ਇਹਦਾ ਤੁਖ਼ਮ ਉੜਾ ਦਿਆਂ।
ਮੇਰੀ ‘ਚਤਰਾਈ’ ਦੀ, ਏਥੇ ਬੱਸ ਨਾ,
ਪਰ ਮੈਂ ... ... ਕਿ ਏਥੇ ਕੁਝ ਵੀ ਮੇਰੇ ਵੱਸ ਨਾ।

ਮੇਰੀਆਂ ਹੱਦਾਂ ਵੀ ਨੇ ਸਾਗਰ ਵਾਂਗਰਾਂ,
ਇਨ੍ਹਾਂ ਤੋਂ ਬਾਹਰ ਜਾਣ ਲਈ ਤਰਲੇ ਲਵਾਂ।
ਮੈ ਭੁਲਾਂ, ਕਿ ਬਿਨਾ ‘ਆਕਾਰ ਦੀ ਹੱਦ’ ਦੇ,
ਇਸ ਦੁਨੀਆਂ ਦੇ ਉੱਤੇ, ਹੋਏ ਵਜੂਦ ਨਾ।
ਮੈਂ ਭੁਲਾਂ, ਕਿ ਅੱਖ ਹੈ ਦੇਖਣ ਵਾਸਤੇ,
ਅੱਖ ਦਾ ਕੰਮ ਨਹੀਂ ਆਪਣੇ ਆਪ ਨੂੰ ਦੇਖਣਾ,
ਮੈਂ ਖ਼ੁਦ ਨੂੰ ਹੀ, ਸਭ ਤੋਂ ਪਹਿਲਾਂ, ਦੇਖਦਾਂ,
ਪਰ-ਉਪਕਾਰੀ ਕੀ ਹੈ? ਇਹ ਨਾ ਸੋਚਣਾ।
ਮੈਂ ਭੁੱਲਾਂ, ਕਿਉਂਕਿ ਅਧੂਰੀ ਕਿਰਤ ਹਾਂ,
ਅਸਲੀਅਤ ਤੋਂ ਮੈਂ ਅਜੇ ਅਨਜਾਣ ਹਾਂ।
ਜੋ ‘ਪ੍ਰੀਤਮ’ ਰਾਹਾਂ ਤੋਂ ਵਾਕਿਫ਼ ਨਹੀਂ,
ਉਹ ਮੁਸਾਫ਼ਿਰ, ਮੈਂ ਹੀ ਤਾਂ ਇਨਸਾਨ ਹਾਂ।

ਤਤਕਰਾ

## 7 - ਅਫ਼ਸਾਨਾ ਹਮਾਰਾ

ਸੱਜਨ ਰਹਾ ਹੈ ਜ਼ਮਾਨਾ ਹਮਾਰਾ,
ਦੁਸ਼ਮਨ, ਰਹਾ ਹੈ ਜ਼ਮਾਨਾ ਹਮਾਰਾ।

ਆਤੀ ਰਹੀਂ ਜੈਸੇ ਦਿਲਕਸ਼ ਫ਼ਿਜ਼ਾਏਂ,
ਖਾਤੀ ਰਹੀਂ ਉਨਕੋ ਜ਼ਾਲਿਮ ਖ਼ਿਜ਼ਾਏਂ,
ਬਨ ਕੇ ਬਿਗੜਨਾ, ਬਿਗੜ ਕੇ ਸੰਵਰਨਾ,
ਯੂੰ ਹੀ ਰਹਾ ਹੈ 'ਫ਼ਸਾਨਾ ਹਮਾਰਾ।

ਅਗਰ ਘਿਰਤੀ ਹੈਂ ਬਦਲੀਆਂ, ਘਿਰ ਹੀ ਜਾਏਂ,
ਅਗਰ ਗਿਰਤੀ ਹੈਂ ਬਿਜਲੀਆਂ, ਗਿਰ ਹੀ ਜਾਏਂ,
ਜਲ ਭੀ ਗਿਆ ਤੋ ਬਨਾ ਲੇਂਗੇ ਫਿਰ ਸੇ,
ਅਕੇਲਾ ਨਹੀਂ ਆਸ਼ਿਆਨਾ ਹਮਾਰਾ।

ਤੂ ਦੁਨੀਆਂ ਮੇਂ ਇਤਨਾ ਮਸਰੂਫ਼ ਕਿਉਂ ਹੈ?
ਤੂ ਦੁਨੀਆਂ ਸੇ ਇਤਨਾ ਮਾਯੂਸ ਕਿਉਂ ਹੈ?
ਐ ਪ੍ਰੀਤਮ! ਆ ਦੋ ਦਿਨ ਖ਼ੁਸ਼ ਹੋ ਕੇ ਜੀ ਲੇਂ,
ਮੁਕੰਮਲ ਨਹੀਂ ਯਿਹ ਠਿਕਾਨਾ ਹਮਾਰਾ।

ਤਤਕਰਾ

ਸ਼ਮਸ਼ਾਨ ਵਿਚ

# 8 - ਅੱਖਾਂ

ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,
ਨਾ ਝਮਕਣ ਦੀ ਤਲਬ ਹੈ ਕੋਈ
ਤੇ ਨਾ ਹੀ ਇਹ ਥੱਕਦੀਆਂ।

ਕਦੇ ਕਿਸੇ ਟਾਹਣੀ ਦੇ ਉੱਤੇ
ਹੈ ਸੀ ਜਿਹੜਾ ਬੂਰ ਪਿਆ,
ਫਲ ਬਣ ਉੱਠਿਆ, ਵੱਡਾ ਹੋਇਆ,
ਚਿਹਰਾ ਮੋਹਰਾ ਨਿੱਖਰਿਆ।
ਰੁੱਤ ਬਦਲਦੀ ਨਾਲ ਇਨ੍ਹਾਂ ਨੇ,
ਤੱਕੀਆਂ ਜਿੰਦਾਂ ਪੱਕਦੀਆਂ
ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,

ਇਹ 'ਸਦੀਵੀ-ਪਤਾ' ਹੈ ਇੱਕੋ,
ਪਿੰਡ ਦੇ ਲੱਖਾਂ ਲੋਕਾਂ ਦਾ।
ਇਸ ਥਾਂ 'ਤੇ ਇਤਫ਼ਾਕ ਬੜਾ ਹੈ,
ਝੌਂਪੜੀਆਂ ਤੇ ਮਹਿਲਾਂ ਦਾ।
ਆਪਣੀ ਨਿੱਕੀ ਪੁਤਲੀ ਅੰਦਰ,
ਕਿੰਨੀਆਂ ਯਾਦਾਂ ਰੱਖਦੀਆਂ,
ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,

ਇਹਨਾਂ ਵਿਚ ਦੇਖਣ ਦੀ
ਤਾਕਤ ਕਿੱਥੇ ਹੈ! ਜੇ ਨ੍ਹੇਰਾ ਹੈ।
ਏਸ ਆਖ਼ਰੀ-ਪੜਾ ਦੇ ਅੰਦਰ ਤਕ
ਇਹਨਾਂ ਦਾ ਘੇਰਾ ਹੈ।
ਚਾਨਣ ਨਾ ਹੋਵੇ ਤਾਂ 'ਪ੍ਰੀਤਮ'
ਇਹ ਅੱਖਾਂ ਨਾ ਕੱਖਦੀਆਂ।
ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,

ਤਤਕਰਾ

ਕੁਝ ਸਸਤਾਉਣ ਲਈ, ਸ਼ਾਇਦ ਤੁਸੀਂ ਛਾਂਵੇਂ ਆ ਬੈਠੇ ਸੀ,
ਰੁੱਖ ਦਾ ਫ਼ਲਸਫ਼ਾ ਲੇਕਿਨ, ਤੁਹਾਨੂੰ ਦਿਲਚਸਪ ਲੱਗਾ।

## 9 - ਅੱਧਾ-ਕਵੀ

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਮੈਂ ਤੇ ਬਸ ਆਪਣਾ ਚੌਗਿਰਦਾ ਦੇਖਿਆ,
ਓਸੇ ਹੀ ਅੱਖ ਨਾਲ, ਹਰ ਥਾਂ ਭਾਂਪਿਆ।

ਮੈਂ ਤੇ ਦੇਖੇ ਹੱਕ ਪਰਾਇਆ ਮਾਰਦੇ,
ਬਣਦੇ ਤੋਂ ਵੀ ਵੱਧ ਦਿੰਦੇ, ਨਾ ਦਿਸੇ।

ਮੈਂ ਤੇ ਗੰਨਾ ਪੀੜ ਹੁੰਦਾ ਦੇਖਿਆ,
ਰਸ ਪੀ ਕੇ ਅਨੰਦ ਸੀ ਜੋ ਲੈ ਰਿਹਾ,
ਮੇਰੀਆਂ ਨਜ਼ਰਾਂ ਤੋਂ ਉਹ ਓਝਲ ਰਿਹਾ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਮੈਂ ਹੁਸਨ ਦੀ ਕਦਰ ਲਿਖ ਸਕਿਆ ਨਹੀਂ,
ਇਸ਼ਕ ਦੇ ਸੋਹਿਲੇ ਵੀ ਗਾ ਸਕਿਆ ਨਹੀਂ,

ਹੁਸਨ ਦੇ ਨਖ਼ਰੇ ਉਠਾ ਸਕਿਆ ਨਹੀਂ,
ਰੁੱਸੇ ਹੋਏ ਨੂੰ ਮਨਾ ਸਕਿਆ ਨਹੀਂ।

ਕੀ ਮਜ਼ਾ ਹੈ ਰੁੱਸਣ ਤੇ ਮੰਨ ਜਾਣ ਦਾ,
ਮੇਰਾ ਦਿਲ ਹਰਗਿਜ਼ ਨਹੀਂ ਪਹਿਚਾਣਦਾ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਤਤਕਰਾ

ਹੱਥ ਦੀ ਮਿਹਨਤ ਦੀ ਗੱਲ ਕਰਦਾ ਰਿਹਾ,
ਪਰ ਨਾ ਕੀਤੀ ਸੁਹਜ ਦੀ, ਸ਼ਿੰਗਾਰ ਦੀ,

ਕਿਸ ਤਰ੍ਹਾਂ ਹੈ ਪੈਰਾਂ ਉੱਤੇ ਸੋਭਦੀ,
ਨਾ ਝਾਂਜਰ, ਨਾ ਜੁੱਤੀ-ਤਿੱਲੇਦਾਰ ਦੀ।

ਖੱਚਰ ਤੇ ਹੁੰਦਾ ਜ਼ੁਲਮ ਵਿੰਹਦਾ ਰਿਹਾ,
ਉਸ ਦੇ ਉੱਤੇ ਬੈਠੇ ਲਈ ਨਹੀਂ ਸੋਚਿਆ।

ਕੋਈ ਜੇਕਰ ਖਿੜਖਿੜਾ ਕੇ ਹੱਸ ਪਿਆ,
ਤਾਂ ਹਾਸੇ ਦਾ ਮਤਲਬ ਹੀ ਲੱਭਦਾ ਰਿਹਾ।

ਖਾਣ ਦੇ ਲਈ ਜਦ ਕਦੀ ਅੰਬ ਮਿਲ ਗਿਆ,
ਇੱਕ-ਚਿੱਤ ਹੋ ਕੇ ਉਸ ਦਾ ਰਸ ਮਾਨਣ ਦੀ ਥਾਂ,
ਮੈਂ ਅੰਬਾਂ ਦੇ ਰੁੱਖ ਗਿਣਨ ਲਈ ਤੁਰ ਪਿਆ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਮੈਂ ਗ਼ਰੀਬੀ ਦੀ ਹੀ ਗੱਲ ਕਰਦਾ ਰਿਹਾ,
ਪਰ ਕਈ ਰੂਹਾਂ ਬਹੁਤ ਧਨਵਾਨ ਨੇ।

ਤਿੜਕਦੇ ਜਿਸਮਾਂ ਦੀ ਗੱਲ ਵੀ ਠੀਕ ਪਰ,
ਕੁਝ ਇਰਾਦੇ ਬਹੁਤ ਹੀ ਬਲਵਾਨ ਨੇ।

ਮੇਰੀਆਂ ਲਿਖਤਾਂ ਨੇ ਅਕਸਰ ਦੇਖਿਆ,
ਸੁਖ ਹੀ ਸੁਖ ਇਹਨਾਂ 'ਤੇ ਭਾਰੂ ਹੋ ਗਏ,

ਸੁਖ ਕਈ, ਕਾਰਣ ਬਣੇ ਨੇ ਰੋਗ ਦਾ,
ਦੁੱਖ ਕਈ, ਰੋਗਾਂ ਦਾ ਦਾਰੂ ਹੋ ਗਏ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਤਤਕਰਾ

ਹਰ ਵਜਹ ਦੀ ਵਜਹ ਨੂੰ ਵੀ ਖੋਜਿਆ,
'ਲੋਕ-ਵਿਸ਼ਵਾਸਾਂ' ਦੀ ਗੱਲ ਕੀਤੀ ਨਹੀਂ।

ਭੇਦ ਲੱਭਣ, ਨ੍ਹੇਰਿਆ ਵੱਲ ਤੁਰ ਪਿਆ,
'ਅੰਧ-ਵਿਸ਼ਵਾਸਾਂ' ਦੀ ਗੱਲ ਕੀਤੀ ਨਹੀਂ।

ਮੇਰੀ ਉਤਸੁਕਤਾ ਦਾ ਘੇਰਾ ਹੈ ਵਿਸ਼ਾਲ,
ਸੋਚ ਮੇਰੀ ਨੂੰ 'ਜਵਾਬਾਂ' ਦੀ ਕਮੀਂ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਢਾਬੇ 'ਤੇ ਕੰਮ ਕਰਨ ਵਾਲੇ ਵਾਂਗ ਹਾਂ,
ਬਖ਼ਸ਼ੀਸ਼ਾਂ ਵੀ ਮੈਂ ਦੇ ਸਕਿਆਂ ਨਹੀਂ।

ਕਾਂਵਾਂ ਦੇ ਆਖੇ ਨਾ ਢੱਗੇ ਮਰ ਸਕਣ,
ਬਦ-ਅਸੀਸਾਂ ਵੀ ਮੈਂ ਦੇ ਸਕਿਆ ਨਹੀਂ।

ਜੇ ਕੋਈ ਮਜਬੂਰ, ਛੱਡ ਕੇ ਤੁਰ ਗਿਆ,
ਮੇਰੇ ਹੋਠਾਂ 'ਤੇ ਨਹੀਂ ਸ਼ਿਕਵਾ ਰਿਹਾ।

ਜਾਹ! ਤੈਨੂੰ ਬਿਰਹਾ ਦੇ ਕੀੜੇ ਪੈਣ ਵੇ!
ਨਾ ਵੈਰੀ, ਨਾ ਯਾਰੜੇ ਨੂੰ ਇਹ ਕਿਹਾ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਤਤਕਰਾ

ਆਖਣਾ 'ਪ੍ਰੀਤਮ' ਨੂੰ ਜੇ ਕਵਿਤਾ ਲਿਖੇ,
ਅਪਣੀ ਅਸਲੀਅਤ ਹੀ ਅੱਗੇ ਨਾ ਧਰੇ।

ਸਿਰਫ਼ ਜੜ੍ਹ ਦੀ ਸੋਚ ਵਿਚ, ਨਾ ਬੈਠ ਕੇ,
ਫੁੱਲ-ਪੱਤੀਆਂ ਦੀ ਵੀ ਗੱਲ ਕਰਿਆ ਕਰੇ।

ਆਪਣੇ, ਚਿਤਵੇ ਹੋਏ ਸੁਰਗਾਂ ਤੋਂ ਵੱਧ,
ਹੋਰ ਵੀ ਸੁੰਦਰ ਨਜ਼ਾਰੇ ਬਹੁਤ ਨੇ।

ਵੇਲ ਦੀ ਨਿਰਬਲਤਾ ਬਾਰੇ ਹੀ ਨਾ ਲਿਖ,
ਇਹ ਵੀ ਲਿਖ, ਉਸਦੇ ਸਹਾਰੇ ਬਹੁਤ ਨੇ।

ਮਿੱਟੀ ਦੀ ਤਾਸੀਰ ਉੱਭਰਦੀ ਰਹੀ,
ਮੇਰੀ ਜੜ੍ਹ, ਮੇਰੇ 'ਚ ਰੰਗ ਭਰਦੀ ਰਹੀ,

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਤਤਕਰਾ

ਮੇਰੇ ਇਕ ਦੋਸਤ ਦੀ ਅੰਤਮ-ਇੱਛਾ ਸੀ ਕਿ ਉਸ ਦੀਆਂ ਅਸਤੀਆਂ ਉਸ ਦੇ ਪਿੰਡ, ਉਸ ਦੇ ਖੇਤਾਂ ਵਿਚ ਪਾਈਆਂ ਜਾਣ। ਮੇਰੇ, ਉਸ ਦੀ ਅੰਤਮ-ਇੱਛਾ ਪੂਰੀ ਕਰਦਿਆਂ:-

## 10 - ਕੀਰਤਪੁਰ / ਗੰਗਾ

ਤੇਰੀ ਜੀਵਨ-ਗਾਥਾ ਆਜ ਹਮੇਂ ਫਿਰ ਐਸੀ ਜਗਹ ਪਿਹ ਲਾਈ ਹੈ,
ਜਿਸ ਜਗਹ ਹੂਈ ਆਮਦ ਤੇਰੀ ਹਰ ਹੋਂਦ ਯਹਾਂ ਅਸਥਾਈ ਹੈ।
ਯਿਹ ਤੇਰੀ ਜੜ੍ਹ ਕਾ ਸਿਰਨਾਵਾਂ, ਤੇਰਾ ਆਦਿ ਯਹਾਂ ਤੇਰਾ ਅੰਤ ਯਹਾਂ,
ਤੁਝੇ ਨੂਰ ਦੀਆ ਹੈ ਕੁਦਰਤ ਨੇ ਯਹੀਂ ਰੂਹ ਨੇ ਹਸਤੀ ਪਾਈ ਹੈ।

ਹੈਂ ਯਾਦੇਂ ਤੇਰੇ ਬਚਪਨ ਕੀ, ਕੁਛ ਸ਼ੋਖ਼ ਜਵਾਨੀ ਕੇ ਕਿੱਸੇ,
ਤੇਰੇ ਗਾਓਂ ਕੀ ਮਿੱਟੀ ਮੇਂ, ਤੇਰੀ ਰੂਹ ਕੀ ਖ਼ੁਸ਼ਬੂ ਰਹਿਤੀ ਹੈ,
ਇਨ ਖੇਤੋਂ ਮੇਂ ਖਲਿਆਨੋਂ ਮੇਂ, ਮੈਂ ਤੇਰੀ ਰਾਖ਼ ਕੋ ਲੇ ਆਇਆ,
ਯਹੀਂ ਕੀਰਤਪੁਰ ਭੀ ਹੈ ਤੇਰਾ, ਯਹੀਂ ਗੰਗਾ ਬਹਿਤੀ ਹੈ।

ਤਤਕਰਾ

# 11 - ਆਤਮ-ਘਾਤੀ ਹਿੰਸਕ

ਕੱਲ੍ਹ ਉਹ ਕੱਚਿਆਂ ਵਿਚ ਸੀ ਫੜਿਆ ਗਿਆ,
ਦੁਸ਼ਮਣਾ ਦੇ ਵੱਲੋਂ ਨੰਬਰ[1] ਓਸਦਾ,
ਓਸ ਦੇ ਮੱਥੇ ‘ਤੇ ਸੀ ਖੁਣਿਆਂ ਗਿਆ।

ਉਹ ਰਫ਼ਿਊਜੀ-ਕੈਂਪ ਵਿਚ ਸੀ ਜੰਮਿਆਂ,
ਸੁਰਤ ਆਈ ਤਾਂ ਇਹ ਸੀ ਦੱਸਿਆ ਗਿਆ।
ਓਸ ਦੀ ਦੁਨੀਆਂ ਤੇ ਖ਼ਾਬਾਂ ਦਾ ਜਹਾਨ,
ਧਰਮ ਦੇ ਹੀ ਨਾਮ ‘ਤੇ ਲੁੱਟਿਆ ਗਿਆ।

ਅਣਖ ਹੀ ਬਾਕੀ ਤਾਂ ਉਸ ਦੇ ਕੋਲ ਸੀ,
ਹੋਰ ਸਾਰਾ ਕੁਝ ਹੀ ਸੀ ਜਾਂਦਾ ਰਿਹਾ।
ਐਸੀ ਹਾਲਤ ਵਿਚ, ਆਪਣੇ ਹਮ-ਉਮਰ,
ਰੋਜ਼ ਮਰਦੇ ਮਾਰਦੇ ਵਿੰਹਦਾ ਰਿਹਾ।

ਜ਼ਿੱਲਤ ਭਰੀ ਐਸੀ ਜਵਾਨੀ ਵਿਚ ਜਦ,
ਕਿਧਰਿਓਂ ਵੀ ਪਿਆਰ ਨਾ ਸੀ ਦਿਸ ਰਿਹਾ।
ਆਪਣੇ ਆਪੇ ਤੋਂ ਬਿਨਾ ਉਸ ਕੋਲ ਹੁਣ,
ਕੋਈ ਵੀ ਹਥਿਆਰ ਨਾ ਸੀ ਦਿਸ ਰਿਹਾ।

ਮੱਥੇ ਦਾ ਉਹ ਦਾਗ਼, ਪੱਕਿਆਂ ਕਰ ਗਿਆ,
ਆਪਣੇ ਦੁਆਲੇ ਬੰਬ ਲਪੇਟ ਕੇ,
ਅੱਜ ਉਹ ਆਪਣਾ ਸਿਰ ਤਲੀ ‘ਤੇ ਧਰ ਗਿਆ।

ਲਾਸ਼ ਤਾਂ ਭਾਵੇਂ ਸੀ ਉਸਦੀ ਤੜਪਦੀ,
ਪਰ ਅਨੂਠਾ ਚੈਨ ਸੀ ਇਕ ਆ ਰਿਹਾ।
ਦੁਸ਼ਮਣਾ ਦੇ ਬਹੁਤ ਸਾਰੇ ਆਦਮੀ,
ਅੱਜ ਆਪਣੇ ਨਾਲ ਸੀ ਲੈ ਜਾ ਰਿਹਾ।

---

1. Mr. Tommy Lapid, an Israeli politician who survived the Nazi Holocaust expressed outrage over Israeli troops, writing identification numbers on the forehead and forearms of Palestinian detainees. (Associated Press)

ਤਤਕਰਾ

## 12 - ਆਦਮ ਦੀ ਕਹਾਣੀ

ਆਦਮ ਦੀ ਕਹਾਣੀ ਘੜਨ ਵਾਲੇ ਨੂੰ ਮੈਂ ਪੁੱਛਦਾ ਹਾਂ:

ਆਦਮ ਨੇ ਜੇ ਵਰਜਤ-ਫਲ ਖਾਧਾ, ਕੱਢਿਆ ਸੁਰਗੋਂ,
ਚੁਰਾਸੀ ਲੱਖ, ਬਾਕੀ ਜੂਨਾਂ ਦਾ ਭਲਾ ਦੱਸੋ ਗੁਨਾਹ ਕੀ ਸੀ?

## 13 - ਆਦਮ, ਲਿਲਿਥ ਤੇ ਹੱਵਾ

ਛੱਡ ਕੇ ‘ਲਿਲਿਥ’, ‘ਹੱਵਾ’ ਨੂੰ ਅਪਣਾਇਆ ‘ਆਦਮ’ ਨੇ,
‘ਹੱਵਾ’ ਹੁਣ ਜਾਣ ਚੁੱਕੀ ਹੈ, ‘ਲਿਲਿਥ’ ਦੀ ਕਹਾਣੀ ਨੂੰ।

ਤਤਕਰਾ

## 14 – ਆਵਾਗਵਣ

ਅੱਜ ਹਵਾ ਨੇ ਪਾਣੀ ਚੁੱਕਿਆ, ਪੈਰ ਹਵਾ ਦੇ ਭਾਰੇ,
ਇਸ ਦੀ ਰਿਮਝਿਮ ਪੈਦਾ ਕਰਨੇ, ਲੱਖਾਂ ਹੀ ਜਲਪਾਰੇ।

ਇਹ ਧੁੱਪਾਂ, ਚਮਕੀਲੀਆਂ ਛਾਂਵਾਂ, ਕਿਰਦੀ ਜਾਂਦੀ ਰਚਨਾ,
ਇਹ ਸ਼ਕਤੀ, ਇਹ ਮੁਕਤੀ ਜਾਂ ਇਹ ਫਿਰ ਭਟਕਣ ਦੇ ਕਾਰੇ।

ਗ਼ਮ ਦੇ ਵਹਿਣ, ਖ਼ੁਸ਼ੀ ਦੀਆਂ ਲਹਿਰਾਂ, ਦੋ-ਚਿੱਤ ਘੁੰਮਣਘੇਰੀ,
ਜ਼ਖ਼ਮੀਂ ਹੋ ਹੋ ਕੇ ਅਰੜਾਉਂਦੇ, ਇਹ ਸੁਹਲ ਜਲ-ਧਾਰੇ।

ਕਲ-ਕਲ, ਝਿਰ-ਝਿਰ ਤੇ ਗਰੜਾ ਕੇ, ਮੈਂ ਸੰਗੀਤ ਬਣਾਏ,
ਸੂਖ਼ਮ ਭਾਵਾਂ ਵਰਗੇ ਮਿੱਠੇ, ਹੰਝੂਆਂ ਵਰਗੇ ਖਾਰੇ।

ਸਾਗਰ ਤੋਂ ਸਾਗਰ ਵੱਲ ਤੁਰਿਆ, ਮੈਂ ਟੁੱਟਿਆ, ਮੈਂ ਜੁੜਿਆ,
ਉੱਥਲ ਪੁੱਥਲ ਹੁੰਦੇ ਨੂੰ ਵੀ, ਮਿਲਦੇ ਗਏ ਕਿਨਾਰੇ।

ਜੀਅ ਸਨ, ਫੁੱਲ ਸਨ, ਪੌਣ-ਸੁਗੰਧਾਂ, ਮੁਸ਼ਕ ਮਾਰਦੀਆਂ ਲਾਸ਼ਾਂ,
ਮੇਰੇ ਸਾਥੀ ਬਣਦੇ ਗਏ ਨੇ, ਇਹ ਸਾਰੇ ਦੇ ਸਾਰੇ।

ਅੱਜ ਅਸੀਂ ਜਿਸ ਪੱਤਣ ’ਤੇ ਹਾਂ, ਫਿਰ ਮੁੜ ਕੇ ਕਦ ਆਉਣਾ?
ਇਸ ਦਾ ਫ਼ਿਕਰ ਭੁਲਾ ਕੇ, ‘ਪ੍ਰੀਤਮ’! ਲਈਏ ਲਹਿਰ ਹੁਲਾਰੇ। - 1

ਆਵਾਗਵਣ ਦਾ ਜੋ ਇਹ ਸਵਾਲ ਹੈ,
ਮਾਨੁੱਖਤਾ ਦੀ ਬੜੀ ਪੁਰਾਣੀ ਭਾਲ਼ ਹੈ।
ਮੈਂ ਇਹਨੂੰ ਮੰਨਾਂ, ਨਾ-ਮੰਨਾਂ ਦੋਸਤੋ!
ਪਰ ਉੱਮੀਦ ਲਈ ਚੰਗਾ ਖ਼ਿਆਲ ਹੈ। - 2

ਤਤਕਰਾ

ਚਹੁੰਦੇ ਓ ਜੇਕਰ ਆਪਣੇ ਆਲੇ ਨੂੰ ਜਾਣਨਾ,
ਤਾਂ ਆਪਣੇ ਚੌਗਿਰਦੇ ਨੂੰ ਪਹਿਚਾਣਨਾ।
ਉੱਮੀਦ ਵੀ ਚੰਗੀ ਹੈ, ਪ੍ਰੀਤਮ! ਜੀਣ ਨੂੰ,
ਪਰ ਏਸ ਤੋਂ ਵੀ ਵੱਧ ਸਚਾਈ ਪਛਾਣਨਾ। - 3

ਬ੍ਰਹਿਮੰਡ ਦੀ ਸਾਰੀ ਰਚਨਾ ਜਨਮੇਂ ਤੇ ਮਰ ਜਾਵੇ,
ਕਦੇ ਕਿਸੇ ਨੇ ਇਹ ਨਾ ਡਿੱਠਾ ਕਿ ਕੋਈ ਫਿਰ ਆਵੇ,
ਆਦਮ-ਜ਼ਾਤ ਹੀ, ਫੋਕੀਆਂ ਆਸਾਂ ਰੱਖਣ ਵਾਲੀ, ਪ੍ਰੀਤਮ!
ਆਵਾਗਵਣ ਆਖ ਆਖ ਕੇ, ਆਪਣਾ ਮਨ ਸਮਝਾਵੇ। - 4

ਛੱਡ ਕੇ ਆਵਾਗਵਣ ਦਾ ਆਪਣੇ ਮਨੋਂ ਖ਼ਿਆਲ,
ਸੱਚ ਜਾਣਨ ਤੇ ਸਹਿਣ ਦਾ ਕੋਈ ਤਰੀਕਾ ਭਾਲ਼।
ਪ੍ਰੀਤਮ! ਸੂਝ ਅਸਾਡੜੀ ਇਹੋ ਰਹੀ ਸਿਖਾਲ਼,
'ਜਿਉ ਬਨ ਫਲ ਪਾਕੇ ਭੁਇ ਗਿਰਿਹ ਬਹੁਰਿ ਨ ਲਾਗਹਿ ਡਾਲ਼' - 5

ਤਤਕਰਾ

ਜਬ ਮੈਂ ਦੁਨੀਆਂ ਬੇਜ਼ਾਰ ਸੁਨਤਾ ਹੂੰ, ਖ਼ਾਬ-ਏ-ਦੌਰ-ਏ-ਬਹਾਰ ਬੁਨਤਾ ਹੂੰ,
ਚਾਹੇ ਗੁਲਸ਼ਨ ਖਿਲਾ ਸਕੂੰ ਨਾ ਸਕੂੰ, ਇਸ ਕੀ ਰਾਹੋਂ ਸੇ ਖ਼ਾਰ ਚੁਨਤਾ ਹੂੰ।

# 15 - ਐ ਖ਼ੁਦਾ!

ਐ ਖ਼ੁਦਾ!
ਵੋਹ ਰਾਸਤੇ, ਜੋ ਤੇਰੀ ਬਾਰਗਾਹ ਕੋ ਆਤੇ ਹੈ,
ਉਨਕੇ ਰਾਹੀ ਤੋ ਅਕਸਰ ਹੀ ਭੂਲ ਜਾਤੇ ਹੈਂ,
ਟਹਿਕਤੇ ਗੁਲ ਹੀ ਨਹੀਂ, ਤੇਰੀ ਪੂਜਾ ਕੀ ਖ਼ਾਤਿਰ,
ਲੋਗੋਂ ਕੇ ਸਰ ਭੀ ਵੋਹ ਕਾਟ ਕਰ ਲੇ ਆਤੇ ਹੈਂ।

ਐ ਖ਼ੁਦਾ!
ਤੇਰੇ ਹੀ ਨਾਮ ਪਿਹ, ਦੁਨੀਆਂ ਮੇ ਹਾਹਾਕਾਰੀ ਹੈ,
ਤੇਰੇ ਹੀ ਨਾਮ ਪਿਹ, ਵਹਿਸ਼ਤ ਕਾ ਚਲਨ ਜਾਰੀ ਹੈ,
ਤੂ ਹਕੀਕਤ ਮੇਂ ਜੋ ਹੋਤਾ ਤੋ ਖ਼ਬਰੇ ਕਿਆ ਹੋਤਾ!
ਤੇਰਾ ਤਖ਼ੱਯੁਲ ਹੀ ਇਨਸਾਨੀਅਤ ਪਿਹ ਭਾਰੀ ਹੈ।

ਐ ਖ਼ੁਦਾ!
ਤੇਰੇ, ਯਿਹ ਦੀਨ ਕੇ ਰਹਿਬਰ, ਹਮੇਂ ਮਜਬੂਰ ਕਰੇਂ,
ਯਹੀ ਹੈਂ ਵੋਹ, ਜੋ ਹਮੇਂ ਤੁਮਸੇ ਔਰ ਦੂਰ ਕਰੇਂ,
ਯੇ ਖ਼ੁਦ ਸ਼ੀਸ਼ੇ ਕੇ ਮਹਿਲੋਂ ਮੇਂ ਰਹੇਂ ਮਗਰ ਫਿਰ ਭੀ,
ਮੇਰੇ ਜੈਸੇ ਦਿਲੋਂ ਕੋ, ਯਿਹ ਚਕਨਾਚੂਰ ਕਰੇਂ।

ਐ ਖ਼ੁਦਾ!
ਹਮ ਜ਼ਮਾਨੇ ਕੀ ਮੁਸੱਰਤ ਕੀ ਬਾਤ ਕਰਤੇ ਹੈਂ,
ਔਰ ਯਿਹ ਹੈਂ, ਕਿ ਸ਼ਹਾਦਤ ਕੀ ਬਾਤ ਕਰਤੇ ਹੈਂ,
ਅਭੀ ਤਕ ਜ਼ਿੰਦਗੀ ਕੇ ਮਸਲੇ ਤੋ ਹੱਲ ਕਰ ਨਾ ਸਕੇ,
ਮਗਰ ਯਿਹ, ਮਰਨੇ ਕੇ ਬਾਅਦ ਜੰਨਤ ਕੀ ਬਾਤ ਕਰਤੇ ਹੈਂ।

ਐ ਖ਼ੁਦਾ!
ਤੇਰੇ ਹੀ ਨਾਮ ਪਿਹ, ਜਿਸਮੋਂ ਪਿਹ ਕਿਤਨੇ ਜ਼ਖ਼ਮ ਹੂਏ,
ਤੂ ਯਿਹ ਤੋ ਸੋਚ ਜ਼ਰਾ।
ਤੇਰੇ ਹੀ ਨਾਮ ਪਿਹ, ਕਿਤਨੇ ਹੀ ਜਿਸਮ ਖ਼ਤਮ ਹੂਏ,
ਤੂ ਯਿਹ ਤੋ ਸੋਚ ਜ਼ਰਾ।

ਤਤਕਰਾ

ਮਗਰ ਐ ਖ਼ੁਦਾ!

ਕਿਸੀ ਕੇ ਤਨ ਕਾ ਦਰਦ ਕਿਆ ਹੈ? ਯਿਹ ਤੂ ਕਿਆ ਜਾਨੇ!
ਕਿ ਤੇਰਾ ਤਨ ਹੀ ਨਹੀਂ।
ਕਿਸੀ ਕੇ ਮਨ ਕਾ ਦਰਦ ਕਿਆ ਹੈ! ਯਿਹ ਤੂ ਕਿਆ ਜਾਨੇ!!
ਕਿ ਤੇਰਾ ਮਨ ਹੀ ਨਹੀਂ।
ਵੋਹ, ਜਿਸ ਕਾ ਭਾਈ ਉਸਕੇ ਸਾਮਨੇ ਤੜਪ ਕੇ ਮਰਾ,
ਤੂ ਵੋਹ ਬਹਿਨ ਹੀ ਨਹੀਂ।
ਵੋਹ, ਜਿਸਕੀ ਮਾਂਗ ਕੋ ਸੰਧੂਰ ਨਹੀਂ ਰਾਖ਼ ਮਿਲੀ,
ਤੂ ਵੋਹ ਦੁਲਹਨ ਹੀ ਨਹੀਂ।

ਐ ਖ਼ੁਦਾ! ਗੁਜ਼ਾਰਿਸ਼ ਹੈ!!

ਕਭੀ ਵਾਈਜ਼ ਕੋ ਭੀ ਕੁਛ ਰੋਜ਼, ਤੂ ਇਨਸਾਨ ਬਨਾ ਦੇ,
ਕਭੀ ਇਨਕੀ ਭੀ ਸੋਈ ਹੁਈ ਰਾਤੋਂ ਕੋ ਜਗਾ ਦੇ,
ਤਾ ਕਿ ਜਾਨ ਸਕੇਂ, ਦੁਨੀਆਂ ਕਾ ਦਰਦ ਕਿਆ ਸ਼ੈਅ ਹੈ,
ਜਿਸੇ ਯਿਹ ਸਹਿ ਨਾ ਸਕੇਂ, ਐਸਾ ਇਕ ਦਰਦ ਲਗਾ ਦੇ।

ਐ ਖ਼ੁਦਾ!
ਮੈਂ ਜਾਨਤਾ ਹੂੰ, ਕਿ ਤੁਝੇ ਭੀ ਜ਼ਰੂਰਤ ਹੈ ਇਨਕੀ,
ਤੇਰੀ ਸ਼ੁਹਰਤ ਭੀ ਤਬ੍ਹੀ ਹੈ, ਜੋ ਸ਼ੁਹਰਤ ਹੈ ਇਨਕੀ,
ਮੇਰੇ ਜੈਸੇ ਕੋ ਤੋ, ਯਿਹ, ਕਾਫ਼ਿਰ ਹੀ ਕਹਿ ਦੇਤੇ ਹੈਂ,
ਪੱਲਾ ਛੁੜਾਨੇ ਕੀ, ਪੁਰਾਨੀ ਯਿਹ ਆਦਤ ਹੈ ਇਨਕੀ।

ਐ ਖ਼ੁਦਾ!
'ਗਰ ਸ਼ਰਾਫ਼ਤ ਹੈ, ਤੋ ਅਹਿਸਾਸ-ਏ-ਦਰਦ ਇਨ ਮੇਂ ਭਰ ਦੋ,
ਵਰਨਾ, ਹਰ ਸ਼ਖ਼ਸ ਕੋ ਤੁਮ ਆਜ ਸੇ ਕਾਫ਼ਿਰ ਕਰ ਦੋ।

ਤਤਕਰਾ

## 16 - ਅੰਮ੍ਰਿਤ (ਅ-ਮ੍ਰਿਤ) ਵੇਲ਼ਾ?

ਇਸ ਧੁੰਧ ਤੋਂ ਉੱਚੀ ਹੈ,
ਇਕ ਪਰਬਤ ਦੀ ਚੋਟੀ।

ਬੱਚੇ ਦੇ ਵਾਂਗ ਸੁੱਤਾ,
ਇਕ ਮਨ ਫਿਰ ਜਾਗ ਪਿਆ;
ਜਿਵੇਂ ਪਹਿਲੀਆਂ ਰਿਸ਼ਮਾਂ ਨੇ,
ਕਲੀਆਂ ਦੇ ਚਿਹਰੇ ਤੋਂ,
ਕੋਈ ਘੁੰਘਟ ਲਾਹਿਆ ਹੈ।

ਪੱਥਰਾਂ ਦੇ ਉਸ ਪਾਸੇ,
ਇਕ ਝਰਨਾ ਬੋਲ ਰਿਹਾ,
ਆਪੇ ਲਿਖ ਲਿਖ ਕੇ ਉਹ,
ਕੋਈ ਗੀਤ ਸੁਣਾਂਦਾ ਹੈ।

ਧਰਤੀ ਦੀ ਗਤੀ ਜਿੰਨਾ,
ਕੋਈ ਤੇਜ਼ ਤੁਰੇ ਜੇਕਰ,
ਤਾਂ ਸ਼ੋਰ ਤਾਂ ਹੋਣਾ ਹੈ।
ਇਸ ਗੂੰਜ ਤੋਂ ਪੈਦਾ ਹੋ,
ਕੰਨਾਂ ਦੇ ਅੰਦਰ ਨੇ,
ਜਿਵੇਂ ਬਿੰਡੇ ਬੋਲ ਰਹੇ।

ਮਨ ਸ਼ਾਂਤ, ਅ-ਸੋਚ ਜਿਹਾ,
ਕੁਦਰਤ ਦੀ ਗੋਦੀ ‘ਚੋਂ,
ਉੱਠਣ ਨੂੰ ਕਰਦਾ ਹੈ।
ਅੱਧ-ਮੀਟੀਆਂ ਅੱਖਾਂ ਵਿਚ,
ਨਾ ਸੋਚ ਨਾ ਸੁਪਨਾ ਹੈ,
ਮਨ ਚੁੱਪ-ਚੁਪੀਤਾ ਹੈ,
ਅੰਮ੍ਰਿਤ ਦਾ ਵੇਲ਼ਾ ਹੈ।

ਤਤਕਰਾ

ਨਾ ਨਾ ਜੀ, ਨਾ ਜੀ ਨਾ,
ਅ-ਮ੍ਰਿਤ ਕੁਝ ਨਾ ਹੁੰਦਾ।
ਹਰ ਸ਼ੈਅ ਗਤੀ ਅੰਦਰ,
ਦਿਨ ਦੇ ਵਿਚ ਇਕ ਵਾਰੀ,
ਏਥੋਂ ਦੀ ਲੰਘਦੀ ਹੈ,
ਫਿਰ ਓਝਲ਼ ਹੁੰਦੀ ਹੈ।

ਤਤਕਰਾ

ਧਰਮੀ-ਕੱਟੜਤਾ ਦੇ ਮਾਰੇ ਇਕ ਦੇਸ਼ ਦੀ

## 17 - ਇਕ ਬੱਚੀ ਦਾ ਸਕੂਲ

ਮਾਂ ਦਾ ਦਰਦ ਹੀ ਦੇਖਿਆ ਹੈ ਮੈਂ,
ਮਾਂ ਦੀ ਪੀੜ ਹੀ ਦੇਖੀ ਹੈ ਮੈਂ,
ਮਾਂ ਦੀ ਚੁੱਪ ਹੀ ਦੇਖੀ ਹੈ ਮੈਂ,
ਇਹਦੀ ਇਕੱਲਤਾ ਦੇਖੀ ਹੈ ਮੈਂ।

ਮੈਂ ਕਦੇ ਬਾਪੂ ਵਾਂਗੂੰ ਇਸਨੂੰ,
ਹੱਸਦੇ ਮੱਲ੍ਹਦੇ ਨਹੀਂ ਦੇਖਿਆ,
ਪ੍ਰੇਸ਼ਾਨੀਆਂ ਵਿਚੋਂ ਨਿਕਲ.
ਕਦੇ ਖ਼ੁਸ਼ ਹੁੰਦੇ ਨਹੀਂ ਦੇਖਿਆ।

ਲਗਦਾ ਹੈ ਕਿ ਸਾਡੇ ਘਰ ਵਿਚ,
ਮਾਂ ਦੀ ਕੋਈ ਪਸੰਦ ਨਹੀਂ ਹੈ,
ਮਾਂ ਦਾ ਕੋਈ ਹੱਕ ਨਹੀਂ ਹੈ,
ਸਵਾਲ ਤਾਂ ਕੀ ਇਨਕਾਰ ਨਹੀਂ ਹੈ।

ਮਾਂ ਬੜਾ ਕੁਝ ਸਹਿ ਜਾਂਦੀ ਹੈ,
ਨਾ ਸਹਿ ਸਕੇ ਤਾਂ ਸ਼ਹਿ ਜਾਂਦੀ ਹੈ।
ਛੁਪ ਛੁਪ ਕੇ ਇਹ ਰੋ ਲੈਂਦੀ ਹੈ,
ਰੋ ਰੋ ਫਾਵੀ ਹੋ ਲੈਂਦੀ ਹੈ।

ਝੋਲੀਆਂ, ਬੋਲੀਆਂ, ਚੁੱਪ ਰਾਤਾਂ ਨੂੰ,
ਉੱਪਰ ਵੱਲ ਨੂੰ ਹੱਥ ਉਠਾ ਕੇ,
ਅਕਸਰ ਮਾਂ ਦੁਆ ਕਰਦੀ ਹੈ,
ਕਦੇ ਤਾਂ ਇਹ 'ਭਲਾ' ਮੰਗਦੀ ਹੈ,
ਕਦੇ ਕਦੇ ਕਜ਼ਾ ਮੰਗਦੀ ਹੈ।

ਤਤਕਰਾ

# 18 - ਇਕ ਕਦਮ ਇਕ ਦਰਵਾਜ਼ੇ ’ਚੋਂ

ਮੈਂ ਜੰਗਲ ਵਿਚ ਆ ਵੜਿਆ ਹਾਂ।
ਮੈਂ ਸਾਗਰ ਵਿਚ ਆ ਵੜਿਆ ਹਾਂ।
ਘਰ ਦੀ ਚਾਰ-ਦੀਵਾਰੀ ਛੱਡ ਕੇ,
ਮੈਂ ‘ਬਾਹਰ’ ਵਿਚ ਆ ਵੜਿਆ ਹਾਂ।

ਪਰ ਇਹ ਜੰਗਲ ਨਹੀਂ ਡਰਾਉਣਾ,
ਇਹ ਤਾਂ ’ਬਿੰਦਰਾ-ਬਨ’ ਹੈ ਸਾਰਾ।
ਇਸ ਸਾਗਰ ਵਿਚ ਡਰ ਨਾ ਕੋਈ,
ਇਹ ’ਕੌਸਰ’, ਜੀਵਨ ਦੀ ਧਾਰਾ।

ਸਾਰਾ ’ਬਾਹਰ’ ਆਪਣਾ ਹੋਇਆ,
ਹੁਣ ਮੰਜ਼ਿਲ ਦੀ ਲੋੜ ਰਹੀ ਨਾ।
ਬੈਠ ਇਕੱਲਾ ਮੌਜਾਂ ਮਾਣਾ,
ਹੁਣ ਮਹਫ਼ਿਲ ਦੀ ਲੋੜ ਰਹੀ ਨਾ।

ਮੈਂ ਆਪੇ ਹੀ ’ਮੈਂ’ ਬਣ ਜਾਵਾਂ,
ਮੈਂ ਆਪੇ ’ਮਿੱਤਰ’ ਬਣ ਜਾਵਾਂ।
ਮੈਂ ਆਪੇ ਹੀ ਬਣਾ ’ਨਜ਼ਾਰਾ’,
ਆਪੇ ਹੀ ’ਨਜ਼ਰ’ ਬਣ ਜਾਵਾਂ।

ਸੋਚਾਂ ਦੇ ਮੇਲੇ ’ਚੋਂ ਨਿੱਕਲ
ਮੈਂ ਆਪੇ ਵਿਚ ਖੋ ਜਾਂਦਾ ਹਾਂ
ਮੈਂ ਮੈਨੂੰ ਹੀ ਚੰਗਾ ਲੱਗਾਂ,
ਮੈਂ ਆਪਣਾ ਹੀ ਹੋ ਜਾਂਦਾ ਹਾਂ।

ਤਤਕਰਾ

ਆਪਣੇ ਘਰ ਦੀ ਚਾਰ-ਦੀਵਾਰੀ,
'ਬਾਹਰ' ਦੇ ਵਿਚ ਸ਼ਾਮਿਲ ਹੋਈ,
ਨਾ ਹੁਣ ਕੋਈ ਬੇਗਾਨਾ ਹੈ
ਨਾ ਹੀ ਏਥੇ ਆਪਣਾ ਕੋਈ।

ਇਕ ਕਦਮ, ਇਕ ਦਰਵਾਜ਼ੇ 'ਚੋਂ,
ਸਾਰਾ ਜੱਗ ਦਿਖਾ ਦਿੰਦਾ ਹੈ।
ਇਕ ਕਦਮ, ਇਕ ਦਰਵਾਜ਼ੇ 'ਚੋਂ,
ਬੰਦਿਓਂ ਰੱਬ ਬਣਾ ਦਿੰਦਾ ਹੈ।

ਤਤਕਰਾ

ਜ਼ਿੰਦਗੀ ਲਈ ... ... ਇਕ ਧੁੰਧਲਿਆਈ ਸੜਕ ਹੈ। ਜਿਸ ਦੇ ਨਾਲ ਨਾਲ ਬਣੀ ਪਟੜੀ ’ਤੇ ਕਿਸੇ ਉਡੀਕਵਾਨ ਦੀ ਤਰ੍ਹਾਂ ਖੜੀਆਂ, ਖੰਭਿਆਂ ਦੀਆਂ ਰੌਸ਼ਨੀਆਂ ਹਨ। ਇਕਲੌਤਾ ਮੁਸਾਫ਼ਿਰ ਜਦੋਂ ਕਿਸੇ ਰੌਸ਼ਨੀ ਦੇ ਨੇੜੇ ਨੂੰ ਹੁੰਦਾ ਹੈ ਤਾਂ ਉਸ ਦਾ ਆਪਣਾ ਪ੍ਰਛਾਵਾਂ ਪਿੱਛੇ ਨੂੰ ਚਲਾ ਜਾਂਦਾ ਹੈ। ਪਰ ਜਦ ਉਹ ਓਸ ਰੌਸ਼ਨੀ ਨੂੰ ਛੱਡ ਕੇ, ਅੱਗੇ ਲੰਘ ਤੁਰਦਾ ਹੈ ਤਾਂ ਉਹੀ ਪ੍ਰਛਾਵਾਂ ਉਸ ਦੇ ਅੱਗੇ ਆ ਜਾਂਦਾ ਹੈ। ਉਹ ਜਿੰਨਾ ਅੱਗੇ ਵਧਦਾ ਹੈ, ਪ੍ਰਛਾਵਾਂ ਓਨਾ ਲੰਬਾ ਹੁੰਦਾ ਜਾਂਦਾ ਹੈ; ਓਦੋਂ ਤਕ, ਜਦੋਂ ਕਿਸੇ ਹੋਰ ਖਿੱਚ ਦੀ ਰੌਸ਼ਨੀ ਉਸ ਨੂੰ ਫੇਰ ਪਿੱਛੇ ਨਹੀਂ ਪਾ ਦਿੰਦੀ।

... ... ਤੇ ਜਦੋਂ ਉਡੀਕਵਾਨ ਦੀ ਤਰ੍ਹਾਂ ਖੜੀਆਂ ਰੌਸ਼ਨੀਆਂ ਦੇ ਖੰਭੇ ਖ਼ਤਮ ਹੋ ਜਾਂਦੇ ਹਨ ਤਾਂ ਜ਼ਿੰਦਗੀ ਹਨੇਰੇ ਦੀ ਲਪੇਟ ਵਿਚ ਆ ਜਾਂਦੀ ਹੈ। ਸ਼ਾਇਦ ਏਸੇ ਹਨੇਰੇ ਦਾ ਦੂਸਰਾ ਨਾਮ ਮੌਤ ਹੈ।

(ਇਕ ਰੌਸ਼ਨੀ ਦੀ ਗੱਲ ਹੈ)

## 19 - ਇਕ ਪ੍ਰਛਾਵਾਂ ਅੱਗੇ

ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ;<br>
ਕਦੇ ਤਾਂ ਆਪਣਾ ਲਗਦਾ ਹੈ ਇਹ ਕਦੇ ਪਰਾਇਆ ਲੱਗੇ।

ਮੂੰਹ-ਹਨੇਰਾ, ਸੜਕ ’ਚ ਰਾਹੀ, ਕੰਢੇ ਰੌਸ਼ਨੀਆਂ ਨੇ।<br>
ਰੌਸ਼ਨੀਆਂ ਨੇ ਕਿ ਇਹ ਜਿੰਦਾਂ, ਸੱਜਣ ਬਣ ਖੜੀਆਂ ਨੇ?<br>
          ਸੱਜਣਾ ਦੀ ਮਿੱਠੀ ਮੁਸਕਾਹਟ, ਦਿਲ ਰਾਹੀ ਦਾ ਠੱਗੇ।<br>
          ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ।

ਦੇਰ ਹੋਈ ਕਿ ਇਕ ਸ਼ਮ੍ਹਾਂ ਨੇ, ਕਿਰਣ ਸੁਨਹਿਰੀ ਪਾਈ;<br>
ਦਿਲ ਦੀ ਇਕ ਹਨੇਰੀ ਨੁੱਕਰ, ਅਚਨਚੇਤ ਰੁਸ਼ਨਾਈ।<br>
          ਜੋ ਪ੍ਰਛਾਵਾਂ ਪਿੱਛੇ ਬਣਿਆਂ, ਉਹ ਪ੍ਰਛਾਵਾਂ ਅੱਗੇ।<br>
          ਕਦੇ ਤਾਂ ਆਪਣਾ ਲਗਦਾ ਹੈ ਇਹ, ਕਦੇ ਪਰਾਇਆ ਲੱਗੇ।

ਸ਼ਮ੍ਹਾਂ ਵੀ ਕੈਦਣ ਸ਼ਮ੍ਹਾਂ-ਦਾਨ ਦੀ, ਰਾਹੀ ਵੀ ਨਹੀਂ ਬਹਿਣਾ;<br>
ਲੰਬੇ ਹੁੰਦੇ ਪ੍ਰਛਾਵੇਂ ਨੇ, ਇੰਜ ਹੀ ਅੱਗੇ ਰਹਿਣਾ।<br>
          ਨਾ ਨ੍ਹੇਰਾ, ਨਾ ਚਾਨਣ ਕੋਈ ਏਧਰ ਆਉਂਦਾ ਲੱਗੇ।<br>
          ਕੱਲ੍ਹ ਪ੍ਰਛਾਵਾਂ ਪਿੱਛੇ ਹੈ ਸੀ, ਅੱਜ ਪ੍ਰਛਾਵਾਂ ਅੱਗੇ।

ਤਤਕਰਾ

## 20 – ਪਾਂਧੀ

ਮੇਰੀ ਕਬਰ ’ਤੇ ਬੈਠ ਕੇ ਨਾ ਰੋ ਤੂੰ,
ਹੁਣ ਤਕ ਏਥੇ ਹੀ ਨਹੀਂ ਮੈਂ ਬਹਿਣ ਵਾਲਾ,
ਮੈਨੂੰ ਮੇਰੀ ਪਰਵਾਜ਼ ਨੇ ਸੁਰਗ ਦਿੱਤੇ,
ਮੈਂ ਨਹੀਂ ਏਸ ਉਜਾੜ ਵਿਚ ਰਹਿਣ ਵਾਲਾ।

ਮੈਨੂੰ ਦੇਖਣਾ ਹੈ ਤਾਂ ਦੇਖ ਲੈ ਤੂੰ,
ਕਿਸੇ ਬੱਚੇ ਦੀ ਭੋਲੀ ਮੁਸਕਾਨ ਉੱਤੇ,
ਜਾਂ ਫਿਰ ਦੇਖ ਲੈ ਚੰਦ੍ਰਮਾ ਪੁੰਨਿਆਂ ਦਾ,
ਸੁਹਣੇ ਤਾਰਿਆਂ ਭਰੇ ਅਸਮਾਨ ਉੱਤੇ।

ਕਿਸੇ ਪੱਕੇ ਹੋਏ ਫਲ ਦੀ ਦਿੱਖ ਹਾਂ ਮੈਂ,
ਕਿਸੇ ਚਮਨ ਦੀ ਖਿੜੀ ਬਹਾਰ ਹਾਂ ਮੈਂ,
ਕਿਸੇ ਮਸਤ-ਹੁਲਾਰੇ ਲਈ ਪੀਂਘ ਹਾਂ ਮੈਂ,
ਕਿਸੇ ਸਾਉਣ ਦੀ ਮੱਠੀ ਫੁਹਾਰ ਹਾਂ ਮੈਂ।

ਮੈਂ ਹਾਂ ਪਾਂਧੀ, ਮੈਂ ਮੰਜ਼ਿਲਾਂ ਕੀ ਜਾਣਾ!
ਕਿਸੇ ਥਾਂ, ਮੈਂ ਸਦਾ ਨਹੀਂ ਰਹਿਣ ਵਾਲਾ,
ਮੇਰੀ ਕਬਰ ’ਤੇ ਬੈਠ ਕੇ ਨਾ ਰੋ ਤੂੰ,
‘ਪ੍ਰੀਤਮ’ ਹੁਣ ਤਕ ਏਥੇ ਨਹੀਂ ਬਹਿਣ ਵਾਲਾ।

ਤਤਕਰਾ

## 21 - ਸ਼ਹੀਦ

ਸ਼ਹੀਦ[1] ਉਹ ਜੋ ਦੇਸ਼ ਕੌਮ ਲਈ, ਜਾਨ ਦੀ ਬਾਜ਼ੀ ਲਾਵੇ।
ਅਸਹਿ ਤਸੀਹੇ ਜਰਦਾ ਜਰਦਾ, ਸੱਚ ਲਈ ਮਰ ਜਾਵੇ।
ਜਾਂ ਜੋ ਉਮਰਾ ਮਾਨਵਤਾ ਲਈ, ਜਿਹਲਾਂ ਵਿਚ ਲੰਘਾਵੇ,
ਜਾਂ ਅਣਭੋਲ-ਸਮਰਥਕ ਬਣ ਕੇ, ਆਪਣੀ ਜਾਨ ਗਵਾਵੇ।

ਪਰ ਜੋ ਵਿਚ ਜੰਗ ਦੇ ਮਰਦੈ, ਸ਼ਹੀਦ ਨਾ ਆਖੋ ਕੋਈ;
"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ"[2]।

---

1 ਗੁਰਬਾਣੀ ਵਿਚ, ਜੰਗ ਵਿਚ ਬਹਾਦਰੀ ਨਾਲ ਮਰਨ ਵਾਲੇ ਨੂੰ 'ਸੂਰਬੀਰ' ਆਖਿਆ ਗਿਆ ਹੈ।

2 ਗੁਰੂ ਨਾਨਕ ਦੇਵ ਜੀ, ਆਸਾ ਮਹਲਾ 1, ਗੁਰੂ ਗ੍ਰੰਥ ਸਾਹਿਬ, ਪੰਨਾ 360

ਤਤਕਰਾ

## 22 - ਸਤਿਯੰਮ ਸ਼ਿਵਮ ਸੁੰਦਰਮ-1

ਸਤਿਯੰਮ ਸ਼ਿਵਮ ਸੁੰਦਰਮ!
ਸਤਿਯੰਮ ਸ਼ਿਵਮ ਸੁੰਦਰਮ!!
ਸਤਿਯੰਮ ਸ਼ਿਵਮ ਸੁੰਦਰਮ!!!

ਸਤਿਯੰਮ ਸ਼ਿਵਮ ਸੁੰਦਰਮ?
ਸਤਿਯੰਮ ਸ਼ਿਵਮ ਸੁੰਦਰਮ??
ਸਤਿਯੰਮ ਸ਼ਿਵਮ ਸੁੰਦਰਮ???

ਸਤਿਯੰਮ ਸ਼ਿਵਮ ਸੁੰਦਰਮ, ਕਹਿਣ ਵਾਲੇ!
ਇਹ ਸ਼ਾਇਰ ਤੇਰੇ ਨਾਲ਼ ਸਹਿਮਤ ਨਹੀਂ ਹੈ।
ਬੜਾ ਕੋਝ ਵੀ ਹੈ ਧਰਤੀ ਦੇ ਉਂਤੇ,
ਇਹ ਦੁਨੀਆਂ ਨਿਰੀ ਖ਼ੂਬਸੂਰਤ ਨਹੀਂ ਹੈ।

ਤੇਰੇ ਲਈ ਤਾਂ 'ਥਾਂ' ਦਾ ਵੀ ਮਤਲਬ ਨਹੀਂ ਕੋਈ,
ਸੋ ਆ ! ਤੈਨੂੰ ਆਪਣੀ ਨਜ਼ਰ ਵਿਚ ਬਿਠਾਵਾਂ।
ਤੇਰੇ 'ਵਕਤ' ਵਿਚ, ਭਾਵੇਂ ਨਾ ਦਿਨ ਨਾ ਰਾਤਾਂ,
ਆ ! ਮੈਂ ਤੈਨੂੰ ਇਕ ਸ਼ਾਮ, ਆਪਣੀ ਦਿਖਾਵਾਂ।

ਅੱਜ 4 ਦਸੰਬਰ, ਮੱਸਿਆ ਦਾ ਦਿਨ ਹੈ।

ਅੱਜ ਦੀ ਸ਼ਾਮ ਚੰਦ ਨੂੰ ਕਹਿ ਦਿਓ, ਆਵੇ ਜਾਂ ਨਾ ਆਵੇ,
ਅੱਜ ਦੀ ਸ਼ਾਮ, ਘਰ ਮੇਰੇ ਮੇਰਾ ਮਹਿਬੂਬ ਆਇਆ ਹੈ।

ਅੱਜ ਦੀ ਸ਼ਾਮ ਬਰਫ਼ ਨੂੰ ਕਹਿ ਦਿਓ, ਇਹ ਫੁੱਲ ਬਰਸਾਵੇ,
ਮੇਰਾ ਮਹਿਬੂਬ ਬਹਾਰਾਂ ਜਿਹਾ ਮੌਸਮ ਲਿਆਇਆ ਹੈ।

ਅੱਜ ਦੀ ਸ਼ਾਮ ਭੌਰੇ ਨੂੰ ਕਹੋ, ਕੁਝ ਗੁਣਗੁਣਾ ਦੇਵੇ,
ਕਿ ਅੱਜ ਦਿਲ ਦੀ ਕਲੀ ਨੇ ਮੁੱਖ ਤੋਂ ਘੁੰਘਟ ਉਠਾਇਆ ਹੈ।

ਅੱਜ ਦੀ ਸ਼ਾਮ ਹਵਾ ਨੂੰ ਕਹਿ ਦਿਓ, ਇਹ ਤੇਜ਼ ਨਾ ਚੱਲੇ,
ਕਿ ਮੈਂ ਏਥੇ ਮੁਹੱਬਤ ਦਾ ਇਕ ਦੀਪਕ ਜਗਾਇਆ ਹੈ।

ਮੇਰਾ ਮਹਿਬੂਬ ਆਇਆ ਹੈ ; ਭੌਰਾ ਗੁਣਗੁਣਾਇਆ ਹੈ।

ਤਤਕਰਾ

1.
ਮੇਰਾ ਮਹਿਬੂਬ ਆਇਆ ਹੈ ; ਭੌਰਾ ਗੁਣਗੁਣਾਇਆ ਹੈ।

ਨੀਂ ਕਲੀਏ! ਹੁਣ ਫੁੱਲ ਬਣ ਜਾ।
ਰੁੱਤ ਆਈ ਏ, ਮਹਿਕ ਲੁਟਾ।

ਮਾਣਮੱਤੀ ਹਾਂ, ਨਾਜ਼ ਉਠਾ।
ਗੁਨ ਗੁਨ ਗੁਨ ਗੁਨ ਗੁਨ ਗੁਨ ਗਾ।

ਤੇਰੇ ਹੁਸਨ ਦਾ ਨਾਜ਼ ਫ਼ਿਜ਼ਾਂ ਅੰਦਰ,
ਅਣਭੋਲ਼ ਸ਼ਰਾਰਤਾਂ ਕਰ ਗਿਆ ਏ।
ਤੇਰੀ ਚਾਹਤ ਦਾ ਰੰਗ ਦਿਲਾਂ ਅੰਦਰ,
ਹੁਣ ਤੇ ਕੰਢਿਆਂ ਤੀਕਰਾਂ ਭਰ ਗਿਆ ਏ।
ਤੇਰੀ ਪੂਜਾ ਲਈ ਧਰਮ ਈਮਾਨ ਆਪਣਾ,
ਕੋਈ ਧਰਨ ਆਇਆ ਕੋਈ ਧਰ ਗਿਆ ਏ।
ਤੇਰੇ ਜ਼ਾਲਿਮ ਸ਼ਬਾਬ ਦੀ ਮਾਰ ਖਾ ਕੇ,
ਕੋਈ ਸਹਿਕਦਾ ਏ, ਕੋਈ ਮਰ ਗਿਆ ਏ।

ਮੋਇਆਂ ਹੋਇਆਂ ਨੂੰ ਫੇਰ ਜਿਵਾ,
ਨੀਂ ਕਲੀਏ ! ਹੁਣ ਫੁੱਲ ਬਣ ਜਾ।
ਰੁੱਤ ਆਈ ਏ ਮਹਿਕ ਲੁਟਾ।

ਮੈਨੂੰ ਜਿਨ੍ਹਾਂ ਬਹਾਰਾਂ ਨੇ ਜਨਮ ਦਿੱਤਾ,
ਮੈਂ ਵੀ ਉਨ੍ਹਾਂ ਦਾ ਮਾਣ ਵਧਾਇਆ ਹੈ।
ਸੱਤ ਰੰਗਾਂ ਦਾ ਝੂਲਣਾ ਝੂਲਿਆ ਮੈਂ,
ਸਰਸਵਤੀ ਨੇ ਗੋਦ ਖਿਡਾਇਆ ਹੈ।
ਮੈਨੂੰ ਮੇਰੇ ਚੌਗਿਰਦੇ ਨੇ ਸੂਝ ਦੇ ਕੇ,
ਕੀ ਹਾਂ? ਆਪਣਾ ਆਪ ਦਿਖਾਇਆ ਹੈ।
ਸੀਰਤ ਨਾਲ਼ ਹੈ ਸੂਰਤ ਦਾ ਮੇਲ਼ ਸੁਹਣਾ,
ਤੇਰੀ ਨਜ਼ਰ ਅਹਿਸਾਸ ਕਰਾਇਆ ਹੈ।

ਸਿੱਖ ਸਲੀਕਾ ਇਸ਼ਕਾਂ ਦਾ।
ਮਾਣਮੱਤੀ ਹਾਂ, ਨਾਜ਼ ਉਠਾ।
ਗੁਨ ਗੁਨ ਗੁਨ ਗੁਨ ਗੁਨ ਗੁਨ ਗਾ।

ਤਤਕਰਾ

ਗੋਰੇ ਚਿਹਰੇ 'ਤੇ ਮੇਲ੍ਹ ਕੇ ਇਹ ਜ਼ੁਲਫ਼ਾਂ,
ਤੁਰਿਆਂ ਜਾਂਦਿਆਂ ਰਾਹੀਆਂ ਨੂੰ ਡੰਗਦੀਆਂ ਨੇ।
ਇਨ੍ਹਾਂ ਕੋਲੋਂ ਸ਼ਰਮਾ ਕੇ ਰਹਿ ਗਈਆਂ,
ਘਟਾਂ ਕਾਲ਼ੀਆਂ ਵੀ ਪਾਣੀ ਮੰਗਦੀਆਂ ਨੇ।
ਤੇਰੇ ਬੂਹੇ ਅੱਗੇ ਆ ਕੇ ਕਰਨ ਸੱਜਦਾ,
ਜਦੋਂ ਜਦੋਂ ਜਵਾਨੀਆਂ ਲੰਘਦੀਆਂ ਨੇ।
ਨਜ਼ਰਾਂ ਤੇਰੀਆਂ ਕਿਸੇ ਦੀ ਭਾਲ਼ ਅੰਦਰ,
ਸਭ ਨੂੰ ਆਪਣੇ ਰੰਗ ਵਿਚ ਰੰਗਦੀਆਂ ਨੇ।

ਆ ਨੇੜੇ, ਆ ਹੱਥ ਫੜਾ।
ਨੀਂ ਕਲੀਏ ! ਹੁਣ ਫੁੱਲ ਬਣ ਜਾ।
ਰੁੱਤ ਆਈ ਏ, ਮਹਿਕ ਲੁਟਾ।

ਤਨ ਬਦਨ ਦੀ ਗੱਲ ਹੀ ਕਰੀ ਜਾਵੇਂ,
ਇਸ ਤੋਂ ਵਧ ਕੇ ਔਰਤ ਹੋਰ ਵੀ ਹੈ।
ਹੁਸਨ ਢਲ਼ ਜਾਵੇ, ਜੀਵਨ ਨਹੀਂ ਮਿਟਦਾ,
ਏਸ ਜੀਵਨ ਦੀ ਦੌਲਤ ਹੋਰ ਵੀ ਹੈ।
ਉਹ ਹੀ ਨਹੀਂ ਜੋ ਜਿਸਮ ਨੂੰ ਹੋ ਸਕਦੀ,
ਇਸ ਤੋਂ ਬਿਨਾਂ ਮੁਹੱਬਤ ਹੋਰ ਵੀ ਹੈ।
ਪਿਆਰ ਸਿਰਫ਼ ਇਕ ਕਲੀ ਜਾਂ ਫੁੱਲ ਹੀ ਨਹੀਂ,
ਸਗੋਂ ਇਹਦੀ ਹਕੀਕਤ ਹੋਰ ਵੀ ਹੈ।

ਕੰਡਿਆਂ ਤੋਂ ਦੀ ਤੁਰ ਕੇ ਆ।
ਮਾਣਮੱਤੀ ਹਾਂ, ਨਾਜ਼ ਉਠਾ।
ਗੁਨ ਗੁਨ ਗੁਨ ਗੁਨ ਗੁਨ ਗੁਨ ਗਾ।

2.
ਅੱਜ ਦੀ ਸ਼ਾਮ ਕਾਣੀ-ਵੰਡ ਨੇ ਫਿਰ ਸਿਖਰ ਛੋਹੀ ਹੈ,
ਅੱਜ ਦੀ ਸ਼ਾਮ ਸਾਰੇ ਸ਼ਹਿਰ ਵਿਚ ਫ਼ਿਰਕਾ-ਪ੍ਰਸਤੀ ਹੈ।
ਅੱਜ ਦੀ ਸ਼ਾਮ ਤਾਕਤਵਰ ਨੇ ਇਹ ਐਲਾਨ ਕੀਤਾ ਹੈ,
"ਇਹਦਾ ਸਭ ਕੁਝ ਹੀ ਮੇਰਾ ਹੈ, ਇਹ ਸਾਰੀ ਮੇਰੀ ਬਸਤੀ ਹੈ।"

ਤਤਕਰਾ

ਹਜ਼ਾਰਾਂ ਸਾਲ ਲਾ ਕੇ ਇਨਸਾਨਾਂ ਦੁਨੀਆਂ ਸੁਵਾਰੀ ਹੈ ;
ਹਜ਼ਾਰਾਂ ਸਾਲ ਤੋਂ ਇਨਸਾਨ ਹੀ ਦੁਨੀਆਂ 'ਤੇ ਭਾਰੀ ਹੈ।
ਅਮਨ ਦਾ ਇਕ ਸੁਨੇਹਾਂ, ਮਾਨਵਤਾ ਨੂੰ ਕਿਸ ਪੁਚਾਣਾ ਹੈ,
ਅਮਨ ਦੇ ਰਹਿਬਰਾਂ ਵਿਚ ਏਸ ਬਾਰੇ ਜੰਗ ਜਾਰੀ

ਅੱਜ ਦੀ ਸ਼ਾਮ ਫਿਰ ਮਜ਼ਹਬ ਅਤੇ ਸੱਭਿਤਾ ਦੇ ਨਾਂ ਉੱਤੇ.
ਚਿੰਤਾਵਾਂ 'ਚ ਡੁੱਬੇ ਸ਼ਹਿਰ ਉੱਤੇ ਗੋਲਾਬਾਰੀ ਹੈ।
ਅੱਜ ਦੀ ਸ਼ਾਮ ਫਿਰ ਜੀਵਨ ਦੇ ਸਾਧਨ ਖ਼ਤਮ ਹੋਏ ਨੇ,
ਅੱਜ ਦੀ ਸ਼ਾਮ ਫਿਰ ਹਰ ਜ਼ਿੰਦਗੀ 'ਤੇ ਮੌਤ ਭਾਰੀ ਹੈ।

ਅੱਜ ਦੀ ਸ਼ਾਮ ਫਿਰ ਇਕ ਜਿੱਤ ਤੇ ਇਕ ਹਾਰ ਹੋਈ ਹੈ,
ਅੱਜ ਦੀ ਸ਼ਾਮ ਫਿਰ ਇਕ ਸ਼ਹਿਰ ਨੇ ਹਥਿਆਰ ਸੁੱਟੇ ਨੇ।
ਅੱਜ ਦੀ ਸ਼ਾਮ ਫਿਰ ਹਰ ਲੜਕੀ 'ਤੇ ਕਬਜ਼ਾ ਕਿਸੇ ਦਾ ਹੈ,
ਅੱਜ ਦੀ ਸ਼ਾਮ ਫਿਰ ਬੰਦਿਆਂ ਨੇ ਬੰਦੇ ਮਾਰ ਸੁੱਟੇ ਨੇ।

3.

ਫਿਰ ਅੱਜ ਦੀ ਸ਼ਾਮ ਦੇ ਨ੍ਹੇਰੇ ਵਿਚ, ਜਰਵਾਣੇ ਜਿੱਤ ਕੇ ਆਏ ਨੇ,
ਕੁੜੀਆਂ ਦਾ ਇੱਜੜ ਲਿਆਏ ਨੇ,
ਕੁਝ ਮਾਣਮੱਤੀਆਂ ਲਾਸ਼ਾਂ ਦੇ ਜਿਸਮਾਂ ਦੇ ਜਸ਼ਨ ਮਨਾਏ ਨੇ।

ਇਕ ਗਰਭਵਤੀ ਸੀ ਉਹਨਾਂ 'ਚੋਂ ਇਨ੍ਹਾਂ ਉਸ ਨੂੰ ਮਾਰ ਮੁਕਾਇਆ ਹੈ,
ਉਹਦੀ ਕੁੱਖ 'ਤੇ ਛੁਰਾ ਚਲਾਇਆ ਹੈ।
"ਏਥੇ ਵੈਰੀ ਨਹੀਂ ਜਨਮੇਗਾ", ਇਹ ਸਭ ਨੂੰ ਆਖ ਸੁਣਾਇਆ ਹੈ।

ਇਹ ਮਲਕੀਅਤ ਦੀ ਹਵਸ ਹੈ, ਜੋ , ਕਈ ਕੋਝੇ ਕੰਮ ਕਰਾਉਂਦੀ ਹੈ।
ਕਮਜ਼ੋਰ ਨੂੰ ਪਿੰਜਰੇ ਪਾਉਂਦੀ ਹੈ।
ਕਦੀ ਔਰਤ ਨੂੰ ਝਾਂਜਰ ਪਾਵੇ, ਕਦੀ ਜ਼ੰਜੀਰਾਂ ਪਹਿਨਾਉਂਦੀ ਹੈ।

ਫਿਰ ਕੈਦ 'ਚ ਪਾ ਕੇ ਇਹਨਾਂ ਦੀ, ਇੱਜ਼ਤ ਦੇ ਬੋਹਲ਼ ਲਗਾਏ ਨੇ,
ਗ਼ੈਰਤ ਦੇ ਬੋਹਲ਼ ਲਗਾਏ ਨੇ,
ਜੋ ਚਾਹਵੇ ਆ ਕੇ ਲੈ ਜਾਵੇ, ਇਸਮਤ ਦੇ ਬੋਹਲ਼ ਲਗਾਏ ਨੇ।

ਤਤਕਰਾ

ਇਸ ਬਾਰੇ ਜੋ ਵੀ ਸੁਣਦਾ ਹੈ, ਮੂੰਹ ਏਧਰ ਚੁੱਕੀ ਆਉਂਦਾ ਹੈ।
ਹਰ ਦੁੱਕੀ ਤਿੱਕੀ ਆਉਂਦਾ ਹੈ।
ਹੈ ਜਿਸ ਨੂੰ ਦੁਨੀਆਂਦਾਰੀ ਦੀ ਉਹ ਚੋਰੀ ਛੁੱਪੀ ਆਉਂਦਾ ਹੈ।

ਇਕ ਦਿਨ ਵਿਚ ਇਕ ਦੋ ਵਾਰ ਨਹੀਂ ਕਈ ਵਾਰ ਹੀ ਚੋਰੀ ਹੋਈ ਹੈ।
ਅੱਜ ਕੋਈ ਹੈ, ਕੱਲ੍ਹ ਕੋਈ ਹੈ,
ਕਦੀ ਦੱਬ ਘੁੱਟ ਕੇ ਕਦੀ ਫੁੱਟ ਫੁੱਟ ਕੇ, ਮਜਬੂਰ ਜਵਾਨੀ ਰੋਈ ਹੈ।

ਇਸ ਤਰ੍ਹਾਂ ਹੀ ਸੱਤ ਮਹੀਨਿਆਂ ਤੋਂ, ਉਹ ਕਰਦੇ ਰਹੇ ਖ਼ੁਆਰੀ ਨੇ।
ਕਈਆਂ ਦੇ ਪੈਰ ਵੀ ਭਾਰੀ ਨੇ।
ਹਾਲੇ ਤਕ ਘੱਟ ਨਹੀਂ ਹੋਏ, ਹਰ ਰੋਜ਼ ਤਸ਼ੱਦਦ ਜਾਰੀ ਨੇ।

ਇਕ ਗਿਣੀ ਮਿਥੀ ਸਾਜ਼ਿਸ਼ ਹੇਠਾਂ, ਇਹਨਾਂ ਨੂੰ ਕੋਲ ਬੁਲਾਇਆ ਹੈ।
ਏਥੋਂ ਆਜ਼ਾਦ ਕਰਾਇਆ ਹੈ।
ਇਕ ਨਰਕ ਦੇ ਵਿਚੋਂ ਕੱਢਿਆ ਹੈ ਤੇ ਦੂਜੇ ਦੇ ਵਿਚ ਪਾਇਆ ਹੈ।

ਕਹਿੰਦੇ,"ਇਹਨਾਂ 'ਚੋਂ ਹਰ ਨੱਢੀ, ਤੱਕ ਗਰਭ-ਨਿਸ਼ਾਨੀ ਰੋਵੇਗੀ।
ਇਸ ਕਾਲ਼ਖ਼ ਨੂੰ ਕਿੰਜ ਧੋਏਗੀ।
ਛੱਡਣਾ ਵੀ ਹੁਣ ਤੇ ਵੱਸ ਨਹੀਂ, ਰੱਖੇਗੀ ਤਾਂ ਕੋਹੜੀ ਹੋਵੇਗੀ।"

ਸੋਚਾਂ ਦੀ ਘੁਮਣ-ਘੇਰੀ ਵਿਚ ਉਮੀਦ ਦੀ ਬੇੜੀ ਪਾਈ ਹੈ,
ਆਵਣ ਦੀ ਖ਼ਬਰ ਪੁਚਾਈ ਹੈ।
ਬਰਬਾਦ ਜਵਾਨੀ ਉੱਜੜ ਕੇ ਫਿਰ ਆਪਣੇ ਸ਼ਹਿਰ 'ਚ ਆਈ ਹੈ।

ਓਧਰ ਤਾਂ ਲੋਕ ਪਰਾਏ ਸਨ, ਏਧਰ ਵੀ ਲੋਕ ਪਰਾਏ ਨੇ।
ਜੋ ਅੱਗਿਓਂ ਲੈਣ ਨਾ ਆਏ ਨੇ।
ਜਿੱਧਰ ਦਿਲ ਜਾਣਾ ਨਾ ਚਾਹਵੇ, ਓਧਰ ਨੂੰ ਪੈਰ ਵਧਾਏ ਨੇ।

ਜੋ ਮਾਣਮੱਤੀ ਕਹਿਲਾਉਂਦੀ ਸੀ, ਉਹ ਹੀ ਅੱਜ ਅਬਲਾ ਨਾਰੀ ਹੈ।
ਆਪਣੇ ਦਰ ਉਤੇ ਭਿਖਾਰੀ ਹੈ।
ਅੰਦਰ ਕੋਈ ਬੋਲ ਰਿਹਾ ਹੈ, ਪਰ ਬੂਹੇ 'ਤੇ ਦਸਤਕ ਜਾਰੀ ਹੈ।

ਤਤਕਰਾ

4.
'ਖ਼ਾਨਦਾਨ ਦੀ ਇੱਜ਼ਤ' ਦੀ ਨ੍ਹੇਰੀ ਫੇਰ ਉੱਠੀ ਹੈ,
ਅੱਜ ਦੀ ਸ਼ਾਮ ਫਿਰ ਇਕ ਕਹਿਰ ਦਾ ਤੂਫ਼ਾਨ ਆਇਆ ਹੈ।
ਕਿਸੇ ਜੋ ਨ੍ਹੇਰੇ ਵਿਚ ਇਕ ਪਿਆਰ ਦਾ ਦੀਪਕ ਜਗਾਇਆ ਸੀ,
ਆਪਣੀ ਰੌਸ਼ਨੀ ਲਈ, ਏਸ ਨੇ ਦੀਪਕ ਬੁਝਾਇਆ ਹੈ।

ਅੱਜ ਦੀ ਸ਼ਾਮ ਮਾਂ ਨੇ ਧੀ ਕਹਿਣੋ ਇਨਕਾਰ ਕੀਤਾ ਹੈ,
ਅੱਜ ਦੀ ਸ਼ਾਮ ਇਹਦਾ ਆਪਣਾ ਹੀ ਘਰ ਪਰਾਇਆ ਹੈ।
ਕੱਲ੍ਹ "ਵੈਰੀ" ਕਹਿ, ਵੈਰੀ ਨੇ ਕੋਈ ਜਾਨੋਂ ਮੁਕਾਈ ਸੀ,
ਅੱਜ ਦੀ ਸ਼ਾਮ ਆਪਣੇ ਭਾਈ ਨੇ ਚਾਕੂ ਚਲਾਇਆ ਹੈ।

5.
ਕੋਝੀਆਂ ਕਦਰਾਂ ਦੀ ਦੁਨੀਆਂ ਕੀ ਕਰਾਂ ?
ਜਾਂਗਲੀ ਨਗਰਾਂ ਦੀ ਦੁਨੀਆਂ ਕੀ ਕਰਾਂ ?

ਗਈ ਭਰੂਈ ਜਿਨ੍ਹਾਂ ਦੀ ਹਰਿਆਵਲੀ,
ਬੇ-ਪੱਤ ਲਗਰਾਂ ਦੀ ਦੁਨੀਆਂ ਕੀ ਕਰਾਂ ?

ਜਿਹਨਾਂ ਵਿਚ ਫਾਂਸੀ ਤੇ ਤਾਰੇ ਟੰਗਦੇ,
ਐਸੀਆਂ ਫ਼ਜਰਾਂ ਦੀ ਦੁਨੀਆਂ ਕੀ ਕਰਾਂ ?

ਖ਼ੁਸ਼ੀਆਂ ਦੇਵਣ ਆਏ, ਗ਼ਮੀਆਂ ਦੇ ਗਏ,
ਲਹੂ ਭਰੇ ਗ਼ਦਰਾਂ ਦੀ ਦੁਨੀਆਂ ਕੀ ਕਰਾਂ ?

ਖੱਬੇ ਹੱਥ ਨੂੰ ਸੱਜੇ ਦਾ ਕੁਝ ਨਹੀਂ ਪਤਾ,
ਤਾਜ਼ੀਆਂ ਖ਼ਬਰਾਂ ਦੀ ਦੁਨੀਆਂ ਕੀ ਕਰਾਂ ?

ਢੇਰ ਹੋਈਆਂ ਸੂਰਤਾਂ ਵੀ ਬੇ-ਅਸਰ,
ਸੂਝ ਲਈ ਕਬਰਾਂ ਦੀ ਦੁਨੀਆਂ ਕੀ ਕਰਾਂ ?

ਸਾਥ ਨਹੀਂ, ਕੋਈ ਰਾਹ ਨਹੀਂ, ਮੰਜ਼ਿਲ ਨਹੀਂ,
ਸੱਖਣੀਆਂ ਨਜ਼ਰਾਂ ਦੀ ਦੁਨੀਆਂ ਕੀ ਕਰਾਂ ?

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਲਈ,
ਮੈਂ ਇਨ੍ਹਾਂ ਜਬਰਾਂ ਦੀ ਦੁਨੀਆਂ ਕੀ ਕਰਾਂ ?
ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

ਤਤਕਰਾ

6.
ਕਿਵੇਂ ਕੋਈ ਸਤਿ-ਚਿੱਤ-ਅਨੰਦ ਤਾਈਂ ਪਹੁੰਚੇ!
ਹੈ ਆਧਾਂ, ਬਿਆਧਾਂ, ਉਪਾਧਾਂ ਦੀ ਦੁਨੀਆਂ।
ਜੀਵਨ ਦੀ ਕੀਮਤ ਘਟਾਉਂਦੀ ਪਈ ਹੈ,
'ਦਰਗਾਹਾਂ ਬਣੀਆਂ ਸਮਾਧਾਂ' ਦੀ ਦੁਨੀਆਂ।

ਪਰਾਈ ਕਮਾਈ 'ਤੇ ਪਲਦੀ ਰਹੀ ਹੈ,
ਵਿਹਲੜ, ਨਖੱਟੂਆਂ ਸਾਧਾਂ ਦੀ ਦੁਨੀਆਂ।
ਕਿਤੇ ਕਾਲ਼ ਪੈ ਜਾਏ ਪਰਵਾਹ ਨਾ ਕਰਦੀ,
ਇਹ ਅੰਨ੍ਹੇ ਤੇ ਭੁੱਖੇ ਸਰਾਧਾਂ ਦੀ ਦੁਨੀਆਂ।

ਧਰਮਾਂ ਦੀਆਂ ਸੰਸਥਾਵਾਂ ਨੇ ਜਿੰਨੀਆਂ,
ਕਦੇ ਇਹਨਾਂ ਆਪਣੇ ਪੱਲਿਓਂ ਵੀ ਦਿੱਤਾ?
ਨਿਰੀ ਐਸ਼ ਕਰਨੀ ਤੇ ਨ੍ਹੇਰਾ ਫੈਲਾਉਣਾ,
ਦੱਸ ਤਾਂ ਸਹੀ! ਇਹ ਵੀ ਕਿੱਤਿਆਂ 'ਚੋਂ ਕਿੱਤਾ?

ਗੁੱਲੀ ਦੀ ਹਾਲੇ ਜ਼ਰੂਰਤ ਮਿਟੀ ਨਾ,
ਕੁੱਲੀ ਦੀ ਹਾਲੇ ਜ਼ਰੂਰਤ ਮਿਟੀ ਨਾ।
ਚੰਦ ਲਹੁਣ ਦੇ ਲਈ ਨੇ ਰੱਸੇ ਬਣਾਉਂਦੇ,
ਜੁੱਲੀ ਦੀ ਹਾਲੇ ਜ਼ਰੂਰਤ ਮਿਟੀ ਨਾ।

ਬੰਬਾਂ ਦੀ ਉੱਡਦੀ ਛਤਰ-ਛਾਇਆ ਹੇਠਾਂ,
ਨਜ਼ਰਾਂ ਨੂੰ ਅੰਨ੍ਹਿਆਂ ਕਰਨ ਵਾਲ਼ੀ ਧੁੱਪ ਹੈ।
ਕਚਿਹਿਰੀ ਹੈ ਲੱਗੀ ਹੋਈ ਰੌਲ਼ਿਆਂ ਦੀ,
ਕਟਹਿਰੇ 'ਚ ਬੈਠਾ ਹੋਇਆ ਸੱਚ ਚੁੱਪ ਹੈ।

'ਮਾਰ' ਤਕ ਹੀ ਸੀਮਤ ਨਹੀਂ ਹੈ ਸ਼ਿਕਾਰੀ,
ਉਹ ਇਹ ਵੀ ਹੈ ਚਹੁੰਦਾ ਕਿ ਦੂਜਾ ਨਾ ਮਾਰੇ।
ਕੁੱਤੇ ਦਾ ਵੈਰੀ ਹੈ ਕੁੱਤਾ ਹੀ ਏਥੇ,
ਜੋ ਗੁਜ਼ਰੇ ਕਿਸੇ ਤੋਂ, ਘੱਟ ਨਾ ਗੁਜ਼ਾਰੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ਼ ਸਹਿਮਤ ਨਹੀਂ ਹੈ।

ਤਤਕਰਾ

7.
ਤੁਰਨ ਦੇ ਲਈ ਨਹੀਂ ਕੋਈ ਸਤਹ ਆਪਣੀ,
ਰਿਵਾਜਾਂ ਦੇ ਉੱਤੇ ਕਬੀਲੇ ਦਾ ਹੱਕ ਹੈ।
ਕਮਜ਼ੋਰੀ ਮੇਟਣ ਨੂੰ ਕਮਜ਼ੋਰ ਮਾਰੇ,
ਸਮਾਜਾਂ ਦੇ ਉੱਤੇ ਕਬੀਲੇ ਦਾ ਹੱਕ ਹੈ।

ਸਹੇਲੀ ਕੀ ਸ਼ਾਦੀ ਪਿਹ ਉਸ ਕਾ ਵੋਹ ਆਨਾ।
ਵੋਹ ਹੰਸਨਾ, ਹੰਸਾਨਾ, ਵੋਹ ਦੁਲਹਨ ਸਜਾਨਾ।
ਜਵਾਨੀ ਕੀ ਮਸਤੀ ਮੇਂ ਢੋਲਕ ਪਿਹ ਗਾਨਾ।
ਵੋਹ ਮਾਸੂਮ ਚਿਹਰੇ ਕਾ ਸਭ ਕੋ ਲੁਭਾਨਾ।

ਵੋਹ ਉਸਕੀ ਸੁਨਹਿਰੀ ਖ਼ੁਸ਼ੀਓਂ ਕਾ ਆਲਮ,
ਕਿਸੀ ਕਮ-ਅਕਲ ਕੋ ਹਰਗਿਜ਼ ਨਾ ਭਾਇਆ।
ਅਪਨਾ ਬੜਾ-ਪਨ ਦਿਖਾਨੇ ਕੀ ਖ਼ਾਤਿਰ,
"ਤੂ ਬਾਲ-ਵਿਧਵਾ ਹੈ", ਉਸ ਕੋ ਜਤਾਇਆ।

"ਤੂ ਸ਼ਾਦੀ ਕੇ ਘਰ ਸੇ ਕਹੀਂ ਦੂਰ ਹੋ ਜਾ,
ਔਂ ਲੇ ਜਾ ਮੁਕੱਦਰ ਕੀ ਰੁਸਵਾਈਆਂ ਭੀ।
ਤੇਰੀ ਯਿਹ ਮਨਹੂਸ ਹਸਤੀ ਤੋ ਕਿਆ ਹੈ!
ਨਹੀਂ ਚਾਹੀਏ ਤੇਰੀ ਪਰਛਾਈਆਂ ਭੀ।"

ਹੰਸੀ ਔਰ ਖ਼ੁਸ਼ੀ ਸੇ, ਗ਼ਮਗੀਨੀਓਂ ਮੇਂ
ਬਦਲਤਾ ਹੂਆ ਚਿਹਰਾ, ਦੇਖਾ ਹੈ ਮੈਨੇ।
ਖ਼ਾਮੋਸ਼ੀਓਂ ਕੀ ਚਿਤਾਓਂ ਮੇਂ ਉਸਕਾ
ਜਲਤਾ ਹੂਆ ਚਿਹਰਾ, ਦੇਖਾ ਹੈ ਮੈਨੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ਼ ਸਹਿਮਤ ਨਹੀਂ ਹੈ।

ਤਤਕਰਾ

8.
ਕਬੀਲੇ ਦੀ ਆਪਣੀ ਨਹੀਂ ਦਾਲ਼ ਗਲ਼ਦੀ,
ਜਦੋਂ ਵੀ ਗਵਾਂਢੀ ਦੇ ਚੁੱਲ੍ਹੇ 'ਤੇ ਚਾੜ੍ਹੇ।
ਇਸ ਦੀ ਖ਼ੁਦੀ ਨੇ ਕਈ ਦੇਸ਼ ਵੰਡੇ,
ਇਸ ਦੀ ਖ਼ੁਸ਼ੀ ਨੇ, ਵਸਦੇ ਉਜਾੜੇ।

ਸ਼ਰਨਾਰਥੀ-ਕੈਂਪ ਦੀ ਜ਼ਿੰਦਗੀ ਕੀ!
ਤੁਰਨਾ ਅੱਗ ਉੱਤੇ, ਸੇਜ ਕੰਡਿਆਂ ਦੀ।
ਵਿੱਸ ਘੋਲ਼ਦੇ ਸੱਪਾਂ, ਸਪੋਲ਼ੀਆਂ ਦੀ,
ਆਪੋ-ਧਾਪੀਆਂ ਦੇ ਡੰਗਾਂ, ਡੰਗਿਆਂ ਦੀ।

ਇਹ ਉਹ ਥਾਂ ਹੈ, ਸੁਪਨੇ ਜ਼ਿੰਦਗੀ ਦੇ
ਜਿੱਥੋਂ ਰਾਤਾਂ ਦੀ ਨੀਂਦ ਚੁਰਾ ਜਾਂਦੇ।
ਮੋਏ, ਵਿੱਛੜੇ ਹਰਦਮ ਯਾਦ ਆ ਕੇ,
ਝੜੀ ਝੱਲਿਆਂ ਨੈਣਾ ਦੀ ਲਾ ਜਾਂਦੇ।

ਪਾਣੀ ਲੈਣ ਦੀ ਜਿੱਥੇ ਕਤਾਰ ਲਗਦੀ,
ਝਗੜੇ ਓਸ ਥਾਂ ਖ਼ੂਨ ਬਹਾ ਜਾਂਦੇ।
ਜਿਹੜੇ ਦੁੱਖਾਂ ਨੂੰ ਕੋਈ ਫਰੋਲ਼ਦਾ ਨਾ,
ਮਾਰਨ ਨਾ ਤਾਂ ਪਾਗਲ ਬਣਾ ਜਾਂਦੇ।

ਹੱਥ ਅੱਡਣਾ ਜਿਹਦੇ ਲਈ ਮੌਤ ਹੈ ਸੀ,
ਘੁੱਟ ਪਾਣੀ ਦੇ ਲਈ ਤਰਲੇ ਪਾ ਰਹੀ ਹੈ।
ਆਪਣੇ ਡੁੱਬਦੇ ਡੁੱਬਦੇ ਬੋਲ ਅੰਦਰ,
ਕੁਝ ਇਸ ਤਰ੍ਹਾਂ ਆਖ ਸੁਣਾ ਰਹੀ ਹੈ :

"ਸਾਡੇ ਭਾਗਾਂ ਦੀ ਬੇੜੀ ਡੋਬਣੇ ਨੂੰ,
ਬਦਕਿਸਮਤੀ ਬਣੀ ਮਲਾਹ ਸਾਡੀ।
ਜ਼ਖ਼ਮੀਂ ਪਤੀ ਮੇਰਾ ਪਿਆਸਾ ਮਰ ਰਿਹਾ ਹੈ,
ਅੱਜ ਅੱਠਵੀਂ ਸਾਲ-ਗਿਰਾਹ ਸਾਡੀ।"

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ਼ ਸਹਿਮਤ ਨਹੀਂ ਹੈ।

ਤਤਕਰਾ

9.

'ਪੈਟਰੋਲ ਦੇ ਭਰੇ ਤਲਾ ਅੰਦਰ [1] ਕੁਝ ਮਨਚਲੇ ਸ਼ੋਰ ਮਚਾ ਰਹੇ ਨੇ।
ਡੱਬੀਆਂ ਤੀਲੀਆਂ ਵਾਲ਼ੀਆਂ ਲੈ ਹੱਥੀਂ, ਇਕ ਦੂਜੇ ਉੱਤੇ ਰੋਅਬ ਪਾ ਰਹੇ ਨੇ।

ਪੰਜ[2] ਤੀਲੀਆਂ ਕਿਸੇ ਦੇ ਕੋਲ਼ ਹੈ ਨੇ, ਦੂਜਾ ਦਸਾਂ ਦੀ ਧੌਂਸ ਜਮਾ ਰਿਹਾ ਹੈ।
ਦੇਖ ਉਨ੍ਹਾਂ 'ਤੂੰ ਤੂੰ ਮੈਂ ਮੈਂ' ਹੁੰਦਿਆਂ ਨੂੰ, ਹਾਸਾ ਆ ਰਿਹਾ ਹੈ, ਰੋਣਾ ਆ ਰਿਹਾ ਹੈ।

ਮਰਨਾ ਭੁੱਲ ਕੇ ਕਈ ਅਮੀਰ-ਜ਼ਾਦੇ, ਕਰਦੇ ਇੰਜ ਇਲਾਜ ਬੀਮਾਰੀਆਂ ਦਾ:
ਗੁਰਦੇ ਲੈਣ ਗ਼ਰੀਬਾਂ ਦੇ, ਮੁੱਲ ਪਾ ਕੇ, ਕੋਈ ਅੰਤ ਨਾ ਐਸੇ ਵਪਾਰੀਆਂ ਦਾ।

ਚਹੁੰਦੀ ਹੋਈ ਵੀ ਕੋਈ ਨਹੀਂ ਪੜ੍ਹ ਸਕਦੀ, ਐਸੀ ਜ਼ਿੰਦਗੀ ਏਥੇ ਸਮਾਜ ਦੇਵੇ।
ਕੋਈ ਪਿਤਾ, ਔਲਾਦ ਦਾ ਸ਼ੁਭਚਿੰਤਕ, ਅੰਗ ਵੇਚ ਕੇ ਧੀਆਂ ਨੂੰ 'ਦਾਜ' ਦੇਵੇ।

ਇਹ ਕੁਦਰਤ ਵੀ ਕਿਹੜੀ ਹੈ ਘੱਟ ਕਰਦੀ, ਫ਼ਸਲ ਗਾਲ਼ਦੀ ਹੈ, ਫ਼ਸਲ ਸਾੜਦੀ ਹੈ।
ਜਲਾਂ, ਥਲਾਂ 'ਚ ਮਾਰੇ ਤੂਫ਼ਾਨ ਬਣ ਕੇ, ਕਿਧਰੇ ਧਰਤੀ ਦੇ ਸੀਨੇ ਨੂੰ ਪਾੜਦੀ ਹੈ।

ਹਵਾ 'ਮੈਂ' ਦੀ ਤੋਂ ਮੈਂ ਵੀ ਨਹੀਂ ਬਚਿਆ, ਜਿਵੇਂ ਗੁਜ਼ਰਦੀ, ਤਿਵੇਂ ਗੁਜ਼ਾਰਦਾ ਹਾਂ।
ਬਿਨਾਂ ਦੁਨੀਆਂ ਤੋਂ ਮੇਰਾ ਵੀ ਕੀ ਜੀਵਨ, ਨਾਲੇ ਭੰਡਦਾ ਹਾਂ, ਨਾਲੇ ਪਿਆਰਦਾ ਹਾਂ।

ਉਨ੍ਹਾਂ ਦੀ ਜ਼ਮੀਰ ਹੈ ਮਰੀ ਹੋਈ, ਸਿਰਫ਼ ਪੁੱਤਾਂ ਨੂੰ ਜਿਹੜੇ ਸਤਿਕਾਰ ਦਿੰਦੇ,
ਜੀਵਨ ਉਨ੍ਹਾਂ ਨਹੀਂ ਜਾਣਿਆਂ, ਧੀਆਂ ਨੂੰ ਜੋ, ਪੈਦਾ ਹੋਣ ਤੋਂ ਪਹਿਲਾਂ ਹੀ ਮਾਰ ਦਿੰਦੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

---

1. ਅੱਜ ਦੇ ਅਟੌਮਿਕ ਹਥਿਆਰਾਂ ਵੱਲ ਇਸ਼ਾਰਾ ਹੈ।
2. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ

10.

ਇਕ ਦਿਨ ਮੇਰੇ ਦਰਵਾਜ਼ੇ 'ਤੇ ਦਸਤਕ ਹੋਈ,
ਦੋ ਅਨਜਾਣ ਖੜੇ ਸਨ ਦਰਵਾਜ਼ੇ ਦੇ ਅੱਗੇ।
"ਅਮਨ ਦੇ ਬਾਰੇ ਗੱਲ ਕਰਨ ਆਏ ਹਾਂ, ਦੋਸਤ!"
ਬੜੀ ਨਿਮਰਤਾ ਨਾਲ ਉਹ ਮੈਨੂੰ ਆਖਣ ਲੱਗੇ।

ਤਤਕਰਾ

ਭਾਵੇਂ ਮੇਰੇ ਕੋਲ਼ ਜ਼ਿਆਦਾ ਵਕਤ ਨਹੀਂ ਸੀ,
ਫਿਰ ਵੀ ਮੈਂ ਉਹਨਾਂ ਨੂੰ ਅੰਦਰ ਸੱਦ ਲਿਆਇਆ।
ਖਾਣ ਪੀਣ ਦਾ ਪੁੱਛਿਆ ਤਾਂ ”ਧੰਨਵਾਦ” ਆਖ ਕੇ,
"ਅਗਲੀ ਵਾਰੀ ਆਏ ਤਾਂ" ਇਹ ਆਖ ਸੁਣਾਇਆ।

ਕਹਿਣ ਲੱਗੇ,”ਇਹ ਪਤਾ ਹੈ ਤੈਨੂੰ ਕਿ ਦੁਨੀਆਂ ’ਤੇ,
ਕੁਝ ਇਕ ਦਿਨਾਂ ਦੇ ਵਿਚ ਹੀ ਐਸੀ ਪਰਲੋ ਆਣੀ?
ਕੁਝ ਇਕ ਰੱਬ ਦੇ ਬੰਦਿਆਂ ਨੂੰ ਛੱਡ ਕੇ, ਧਰਤੀ ਦੀ
ਸਾਰੀ ਦੀ ਸਾਰੀ ਵਸੋਂ ਹੀ ਮਰ ਮਿਟ ਜਾਣੀ?

ਕੂੜ ਕਪਟ ਦੀ ਭਰੀ ਹੋਈ ਇਸ ਦੁਨੀਆਂ ਅੰਦਰ,
ਜਦੋਂ ਜਦੋਂ ਵੀ ਏਸ ਤਰ੍ਹਾਂ ਦੀ ਪਰਲੋ ਆਈ:
ਸਾਡੇ ’ਰਹਿਬਰ’ ਦੀ ਸ਼ਰਨ ਵਿਚ ਜੋ ਆਇਆ ਹੈ,
ਓਸੇ ਨੇ ਹੀ ਬਸ, ਓਸ ਤੋਂ ਮੁਕਤੀ ਪਾਈ।

'ਉਸਦੀ' ਸ਼ਰਨ ਬਿਨਾਂ ਨਹੀਂ ਮੁਕਤੀ ਹੋਰ ਕਿਤੇ ਵੀ,
ਤੂੰ ਵੀ ਉਸ ਨੂੰ ਮੰਨ ਲੈ ਜੇ ਕਲਿਆਣ ਕਰਾਉਣੀ।
ਬਹੁਤੀ ਦੇਰ ਸੋਚਣ ਦਾ ਵੇਲਾ ਵੀ ਨਹੀਂ ਬਾਕੀ,
ਇਹ ਘੜੀ ਜੋ ਹੁਣ ਹੈ, ਮੁੜ ਕੇ ਫੇਰ ਨਹੀਂ ਆਉਣੀ।”

ਮੈਂ ਠਰ੍ਹੰਮੇ ਨਾਲ ਆਖਿਆ,”ਸੁਣੋ ਦੋਸਤੋ!
ਤਿੰਨ ਦਹਾਕਿਆਂ ਤੋਂ ਮੈਂ ਇਕ ਵਿਸ਼ਵਾਸ ਉਠਾਇਆ।
ਜਿਹੜਾ ਜੀਂਦੇ ਜੀਅ ਹੀ ਮੁਕਤੀ ਨਹੀਂ ਪਾ ਸਕਦਾ,
ਜੀਣਾ ਤਾਂ ਇਕ ਪਾਸੇ, ਉਸ ਨੇ ਮਰਨ ਗੁਆਇਆ”।

ਮੇਰੇ ਇਸ ਵਿਸ਼ਵਾਸ ’ਤੇ ਮੈਨੂੰ ਗਿਲਾ ਨਾ ਕੋਈ,
ਜਿੰਨੀ ਵੀ ਬੀਤੀ ਹੈ ਹੁਣ ਤਕ ਚੰਗੀ ਬੀਤੀ।
ਮਰਨ ਦੇ ਪਿੱਛੋਂ ਕੀ ਹੋਣਾ ਹੈ? ਕੀ ਨਹੀਂ ਹੋਣਾ?
ਏਸ ਗੱਲ ਦੀ ਮੈਂ ਕਦੇ ਚਿੰਤਾ ਨਹੀਂ ਕੀਤੀ।

ਦੂਜੀ ਗੱਲ ਕਿ ਜੇ ਮੈਂ ਅੱਜ ਦੋ ਗੱਲਾਂ ਸੁਣ ਕੇ,
ਆਪਣੀ ਉਮਰ ਦੀ ਪੂੰਜੀ ਨੂੰ ਕਿਧਰੇ ਸੱਟਾਂਗਾ।
ਤੁਸੀਂ ਤਾਂ, ਪਤਾ ਨਹੀਂ ਮੇਰਾ ਵਿਸ਼ਵਾਸ ਕਰੋਗੇ!
ਆਪਣੇ ਆਪ ’ਤੇ ਮੈਂ ਕਿਵੇਂ ਵਿਸ਼ਵਾਸ ਰੱਖਾਂਗਾ?

ਤਤਕਰਾ

ਤੀਜੀ ਗੱਲ ਕਿ ਤੁਹਾਡੇ ਉਸ 'ਰਹਿਬਰ' ਹੋਏ ਨੂੰ,
ਹਾਲੇ ਤਕ ਤਾਂ ਦੋ ਹਜ਼ਾਰ ਸਾਲ ਨਹੀਂ ਹੋਏ।
ਉਨ੍ਹਾਂ ਨੂੰ ਵੀ ਤਾਂ ਕਿਤਿਓਂ ਮੁਕਤੀ ਮਿਲੀ ਹੀ ਹੋਣੀ,
ਜਿਹੜੇ 'ਉਸ' ਦੇ ਹੋਣ ਤੋਂ ਪਹਿਲਾਂ ਹੀ ਸਨ ਮੋਏ।"

ਇਕ ਦੂਜੇ ਵੱਲ ਦੇਖ ਕੇ ਦੋਵੇਂ ਉਠ ਖਲੋਏ,
ਕਹਿਣ ਲੱਗੇ ਕਿ,"ਭਾਗਾਂ ਦੀ ਇਹ ਗੱਲ ਹੈ ਸਾਰੀ,
'ਰੱਬ' ਨਾ ਕਿਧਰੇ ਇਸ ਘਰ ਦੇ ਅੰਦਰ ਆ ਜਾਵੇ,
ਇਸ ਨੇ ਬੂਹੇ ਦੇ ਅੰਦਰ ਹੈ ਕੰਧ ਉਸਾਰੀ।"

ਜਿਹੜੇ ਮੈਨੂੰ 'ਅਮਨ' ਦੇਣ ਦੇ ਲਈ ਆਏ ਸਨ,
ਮੇਰੇ ਘਰ ਉਹ ਆਪਣਾ ਅਮਨ ਗਵਾ ਕੇ ਉਂਠੇ।
ਘੂਰ ਰਹੇ ਸਨ ਮੈਨੂੰ ਅਗਲੇ ਦਿਨ ਸਵੇਰੇ,
ਟੁੱਟੇ ਹੋਏ ਦੋ ਆਂਡੇ, ਮੇਰੇ ਬੂਹੇ ਉਂਤੇ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ, ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

11.
ਕੰਮ ਛੱਡ ਕੇ, ਕਿਸੇ ਦਫ਼ਤਰ ਜਾਓ,
ਸਾਰਾ ਦਿਨ ਗਵਾਓ।
ਕੰਮ ਕਰਵਾਉਣ ਦੀ ਜਾਚ ਨਹੀਂ ਤਾਂ,
ਮੂੰਹ ਲਟਕਾ ਕੇ ਆਓ।

"ਟਿਊਸ਼ਨ 1 ਬਿਨਾ ਪੜ੍ਹਾਈ ਕਿੱਥੇ!"
ਟੀਚਰ 2 ਨੇ ਫ਼ਰਮਾਇਆ,
ਨਵੀਂ ਕਿਸਮ ਦੇ ਕਾਰੋਬਾਰ ਲਈ,
ਨਵਾਂ ਜ਼ਮਾਨਾ ਆਇਆ।

ਕਹਿੰਦੇ ਕਿ,"ਤਨਖ਼ਾਹ ਨਾਲ ਵੀ,
ਉਂਜ ਤਾਂ ਸਾਡਾ ਸਰਦਾ,
ਪਰ ਕਮਾਈ, ਸਾਡਾ ਮੁੰਡਾ
ਉਪਰੋਂ ਦੂਣੀ ਕਰਦਾ।"

ਤਤਕਰਾ

ਲੋਕੀ, ਉਸ ਦਾ ਹੀ ਲੱਕ ਤੋੜਨ,
ਜਿਸ ਦੀ ਚੜ੍ਹਨ ਘਨੇੜੀ,
ਜਿਹੜੇ ਵੀ ਰੱਬ ਨੂੰ ਇਹ ਪੂਜਣ,
ਉਸ ਦੀ ਡੋਬਣ ਬੇੜੀ।

ਆਪਣਾ ਦੇਸ਼ ਨਾ ਰੋਜ਼ੀ ਦੇਵੇ,
ਬਾਹਰ ਜਾਵੇ ਕੋਈ,
ਜੀਂਦੇ ਹੀ ਪਰਵਾਸੀ ਦੇ ਘਰ,
ਬੀਵੀ ਵਿਧਵਾ ਹੋਈ।

ਦੀਵਾ ਬਾਲ਼ਾਂ, ਪਰ ਨ੍ਹੇਰੀ ਵਿਚ,
ਪੇਸ਼ ਨਾ ਜਾਵੇ ਕੋਈ,
ਇਕ ਤੰਦ ਹੁੰਦਾ ਗੰਢਿਆ ਜਾਂਦਾ,
ਤਾਣੀ ਟੁੱਟੀ ਹੋਈ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ, ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

---

1. Tuition 2, Teacher

13.
ਅੱਜ ਦੀ ਸ਼ਾਮ ਫਿਰ, 'ਕਮਜ਼ੋਰ-ਪੰਜਾ' ਧਰਮ ਦੇ ਨਾਂ 'ਤੇ,
ਜਵਾਨੀ ਨੂੰ ਵੰਗਾਰੇਗਾ, ਕਿਸੇ ਆਪਣੀ ਮੁਸੀਬਤ ਲਈ
ਤੇ ਉਸਦੀ ਰਾਜਨੀਤੀ, ਕੁਟਲਨੀਤੀ ਬਣ ਕੇ ਆਖੇਗੀ,
'ਜਾਓ! 'ਸ਼ਹੀਦ' ਹੋਵੋ, ਜਾਮ ਲਈ, ਹੂਰਾਂ ਲਈ, ਜੰਨਤ ਲਈ।"

ਅੱਜ ਦੀ ਸ਼ਾਮ ਫਿਰ, ਕਈ ਭੁੱਖਿਆਂ ਨੂੰ ਨੀਂਦ ਨਹੀਂ ਆਉਣੀ।
ਠਰਦੀ ਰਾਤ ਨੇ, ਕਈ ਡਰ ਭਰੇ ਸੁਪਨੇ ਲਿਆਉਣੇ ਨੇ।
ਅੱਜ ਦੀ ਸ਼ਾਮ ਫਿਰ, ਬਾਜ਼ਾਰ ਦੇ ਵਿਚ ਜਿਸਮ ਵਿਕਣੇ ਨੇ।
ਅੱਜ ਦੀ ਸ਼ਾਮ ਨੇ ਕਈ 'ਬੱਚੇ' ਫਿਰ 'ਕਾਮੇ' ਬਨਾਉਣੇ ਨੇ।

ਅੱਜ ਦੀ ਸ਼ਾਮ ਫਿਰ, ਕਈ ਜਾਗਦੇ ਅਰਮਾਨ ਸੌਂ ਜਾਣੇ,
ਅੱਜ ਦੀ ਸ਼ਾਮ ਫਿਰ, ਕੀਤੇ ਹੋਏ ਇਕਰਾਰ ਟੁੱਟਣਗੇ।
ਆਪਣੀ ਉਮਰ ਤੇ ਔਕਾਤ ਨੂੰ ਖੱਡੇ ਦੇ ਵਿਚ ਸੁੱਟ ਕੇ,
ਕਿਸੇ ਕੱਚੀ ਕੁਆਰੀ ਦੀ ਡੋਲੀ ਜ਼ਰਦਾਰ ਲੁੱਟਣਗੇ।

ਤਤਕਰਾ

ਅੱਜ ਦੀ ਸ਼ਾਮ ਫਿਰ, ਦੁਨੀਆਂ ਨੂੰ 'ਫ਼ਾਨੀ' ਆਖਦੇ ਜਿਹੜੇ,
ਅਣਜਾਗੇ 'ਮਨੀਂ', 'ਔਲਾਦ ਦੇ ਸੁਪਨੇ' ਜਗਾਵਣਗੇ।
ਅੱਜ ਦੀ ਸ਼ਾਮ, 'ਇਹ' ਤਨ ਮਨ ਅਤੇ ਧਨ ਮੰਗਦੇ ਮੰਗਤੇ,
ਜੋ ਆਪਣੇ ਕੋਲ਼ ਹੈ ਨਹੀਂ, 'ਉਹਨਾਂ' ਦੀ ਝੋਲ਼ੀ 'ਚ ਪਾਵਣਗੇ।

ਚਾਦਰ ਛੋਟੀ ਹੈ ਪਰ ਪੈਰ ਲੰਮੇ ਹੁੰਦੇ ਜਾਂਦੇ ਨੇ,
ਸਨਅਤੀਕਰਣ ਦੇ ਦਿੱਤੇ ਹੋਏ ਐਸੇ ਜ਼ਮਾਨੇ ਨੇ।
ਮਾਂ ਤੇ ਬਾਪ ਦੋਹਾਂ ਨੂੰ ਹੀ ਕੰਮ ਤੋਂ ਵਿਹਲ ਨਹੀਂ ਮਿਲਦੀ,
ਅੱਜ ਘਰ ਘਰ ਦੇ ਅੰਦਰ ਬਣ ਰਹੇ ਯਤੀਮਖ਼ਾਨੇ ਨੇ।

14.
ਅੱਜ ਤਾਈਂ ਆਦਮੀ 'ਤੇ ਆਦਮੀ ਦਾ ਰਾਜ ਹੈ।
ਆਪਣੇ ਆਪ ਤੋਂ ਹਾਰਿਆ, ਬਾਦਸ਼ਾਹ ਬੇਤਾਜ ਹੈ।

ਇਹ ਬਹਾਰ ਦੀ ਰੁੱਤ ਨਹੀਂ ਕਿ ਜਾ ਕੇ ਫਿਰ ਆ ਜਾਏਗੀ,
ਇਹ ਤੇ ਧੀਆਂ, ਭੈਣਾ, ਮਾਂਵਾਂ, ਧਰਤੀਆਂ ਦੀ ਲਾਜ ਹੈ।

ਪੰਜ ਦੀ ਥਾਂ ਸੱਤੀਂ ਵੀਹੀਂ ਸੌ ਨੇ ਚਹੁੰਦੇ ਏਸ ਥਾਂ,
ਏਥੋਂ ਦੀ ਇਹ ਰੀਤ ਹੈ, ਏਥੋਂ ਦਾ ਰਿਵਾਜ ਹੈ।

ਏਸ ਦੇ ਸਭ ਗੁਣ ਤੇ ਔਗੁਣ ਮੇਰੀ ਜਾਇਦਾਦ ਨੇ,
ਮੈਂ ਇਹਦਾ ਹੋਵਾਂ ਨਾ ਹੋਵਾਂ, ਇਹ ਮੇਰਾ ਸਮਾਜ ਹੈ।

ਕੱਲ੍ਹ ਨੂੰ ਸ਼ਾਇਦ ਕੋਈ ਅਮਨਾਂ ਦਾ ਚਾਰਾ ਹੋ ਸਕੇ,
ਅੱਜ ਮਨੁੱਖਤਾ ਆਦਮੀ ਦੇ ਰਹਿਮ ਦੀ ਮੁਹਤਾਜ ਹੈ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ,
ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

ਤਤਕਰਾ

15.
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।
ਪਿਆਰ ਜੋ ਸਿਖਲਾਏ, ਵੋਹ ਹੀ ਸਾਜ਼ ਪਿਆਰਾ ਚਾਹੀਏ।

ਬੰਦ ਕਰ ਯਿਹ ਸਾਜ਼ ਅਪਨੇ, ਤਾ ਕਿ ਮੈਂ ਕੁਛ ਸੁਨ ਸਕੂੰ,
ਜੰਗ-ਜੂ ਰਾਤੋਂ ਮੇਂ ਉਜਲੇ ਦਿਨ ਕੇ ਸਪਨੇ ਬੁਨ ਸਕੂੰ।
ਮੇਰੀ ਰਾਤੋਂ ਕੋ ਤੋ ਅਬ ਸੁਬਹ ਕਾ ਤਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਜੰਗ ਕੀ ਧੁਨ ਕੇ ਤਲੇ, ਚਰਖ਼ੇ ਕੀ ਗੂੰਜੇਂ ਖੋ ਗਈਂ।
ਕਿਤਨੀ ਬਿਰਹਨ ਕੋਇਲੇਂ ਭੀ, ਰੋਤੇ ਰੋਤੇ ਸੋ ਗਈਂ।
ਧੁਨ, ਜੋ ਸਬ ਕੁਛ ਛੀਨ ਲੇ, ਨਹੀਂ ਅਬ ਦੁਬਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਜੰਗ ਕੀ ਧੁਨ ਸੁਨਤੇ ਸੁਨਤੇ, ਕਬ ਸੇ ਉਕਤਾਇਆ ਹੂੰ ਮੈਂ।
'ਮੌਤ ਕੀ ਆਵਾਜ਼' ਕੇ ਬਦਲੇ ਮੇਂ ਕੁਛ ਲਾਇਆ ਹੂੰ ਮੈਂ।
ਇਸ ਨਈ ਧੁਨ ਕੇ ਲੀਏ, ਮੁਝੇ ਏਕ-ਤਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਸੁਨ! ਵੋਹ ਬੂੰਦੇਂ ਓਸ ਕੀ ਲੇਕਰ ਕੋਈ ਟਪਕਾ ਰਹਾ।
ਗੀਤ, ਹਵਾਓਂ ਸੇ ਕਹਿਤਾ ਔਰ ਸੁਨਤਾ ਜਾ ਰਹਾ।
ਦੇਖਨੇ ਸੁਨਨੇ ਕੋ, ਮੁਝ ਕੋ ਯਿਹ ਨਜ਼ਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਦੇਖ! ਵੋਹ ਝਾੜੀ ਮੇਂ ਛੁਪ ਕਰ, ਫੂਲ ਹੈ ਮੁਸਕਾ ਰਹਾ।
ਏਕ ਆਸ਼ਿਕ ਸੇ ਭੀ ਮੀਠੇ ਗੀਤ, ਭੰਵਰਾ ਗਾ ਰਹਾ।
ਲਗਤਾ ਹੈ, ਭੰਵਰੇ ਕੋ ਭੀ, ਕੋਈ ਹੁੰਗਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਦੂਰ ਕਰ ਦੋ, ਇਸ ਭਿਆਨਕ ਬੈਂਡ ਕੀ ਪਰਛਾਈਆਂ।
ਆਜ ਬਜਨੇ ਦੋ ਖ਼ੁਸ਼ੀ ਕੀ, ਹਰ ਤਰਫ਼ ਸ਼ਹਿਨਾਈਆਂ।
ਆਨੇ ਵਾਲੇ ਕੱਲ ਕੋ ਭੀ, ਕੁਛ ਤੋ ਹਮਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ! ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

ਤਤਕਰਾ

16.
ਅਮਨ ਅ-ਮਨ ਹੈ, ਸਤਿ-ਚਿੱਤ-ਅਨੰਦ ਹੈ।
ਇਹ ਨਾ ਦੁਰਗੰਧ ਹੈ ਤੇ ਨਾ ਹੀ ਸੁਗੰਧ ਹੈ।

ਗਿਆਨ-ਪੁਰ ਦਾ ਵਾਸੀ, ਇਹ ਅਕਸਰ ਬੇਘਰ ਹੈ।
ਇਹਦਾ ਹਮਸਾਇਆ, ਜਾਂ ਦੁੱਖ ਹੈ ਜਾਂ ਡਰ ਹੈ।

ਇਹ ਹਰ ਮਨ ਦੀ ਮਨਸਾ, ਇਹ ਹਰ ਦਿਲ ਦੀ ਚਾਹਤ।
ਇਹਦੇ ਵਿਚ ਖ਼ੁਸ਼ੀ ਹੈ; ਇਹਦੇ ਵਿਚ ਹੈ ਰਾਹਤ।

ਇਹ ਅਣਿਆਈ ਮੌਤੇ ਕਿਸੇ ਨੂੰ ਨਾ ਮਾਰੇ।
ਕਲਾ, ਕਵਿਤਾ ਛੋਹੇ, ਇਹ ਜੀਵਨ ਸ਼ਿੰਗਾਰੇ।

ਜਿਹੜਾ ਕਰਦਾ ਫਿਰਦਾ ਹੈ ਜੰਗ ਦੀ ਤਿਆਰੀ,
ਕਹਿਣ ਨੂੰ ਤਾਂ ਉਹ ਵੀ ਹੈ ਇਸ ਦਾ ਪੁਜਾਰੀ।

ਇਹ ਇਤਲੀ1 ਦੇ ਜੈਨੱਸ2 ਮੰਦਰ ਦੀ ਗੱਲ ਹੈ,
ਉਸ ਵਿਚ ਲਗਾਏ ਇਕ ਦਰ ਦੀ ਗੱਲ ਹੈ:

ਲੋਕਾਂ ਜਦੋਂ ਸੀ ਇਹ ਬੂਹਾ ਬਣਾਇਆ,
ਸਭਨਾ ਨੇ ਰਲ਼ ਕੇ ਮਤਾ ਇਹ ਪਕਾਇਆ:

ਕਿ ਜਦ ਤਕ ਨਾ ਮਾਨਵ ਅਮਨ ਵਿਚ ਬਹੇਗਾ,
ਓਦੋਂ ਤਕ ਇਹ ਦਰਵਾਜ਼ਾ ਖੁੱਲ੍ਹਾ ਰਹੇਗਾ।

ਹਾਏ! ਸਦੀਆਂ ਗਈਆਂ, ਹਾਏ! ਰਾਜ ਬਦਲੇ,
ਨਾ ਇਸ ਖੁੱਲ੍ਹੇ ਦਰਵਾਜ਼ੇ ਦੇ ਭਾਗ ਬਦਲੇ।

ਮਨੁੱਖਤਾ ਨੂੰ ਅੱਜ ਵੀ ਖੜਾ ਇਹ ਪੁਕਾਰੇ,
ਕਿ ਆਪਣਾ ਕਰਜ਼ ਆ ਕੇ ਸਿਰ ਤੋਂ ਉਤਾਰੇ।
ਸਤਿਯੰਮ ਸ਼ਿਵਮ ਸੁੰਦਰਮ ਕਹਿਣ ਵਾਲੇ, ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

---

1. Italy 2. Janus ( Rome, Italy)

ਤਤਕਰਾ

ਕਹਿਣ ਲੱਗੀ ਕਿ, "ਆਪਣੀ ਥਾਂ 'ਤੇ
ਤੂੰ ਵੀ ਠੀਕ ਤੇ ਉਹ ਵੀ ਸੱਚਾ।
ਸੁੰਦਰਤਾ ਦਾ ਅਸਲ ਟਿਕਾਣਾ,
ਦੇਖਣ ਵਾਲੀ ਅੱਖ ਹੈ, ਬੱਚਾ!"

ਤਤਕਰਾ

## ਸਤਿਯੰਮ ਸ਼ਿਵਮ ਸੁੰਦਰਮ-2

'ੳ'

"ਪ੍ਰੀਤਮ! ਇੰਜ ਲਗਦਾ ਹੈ ਕਿ,
ਤੂੰ ਕਿਸੇ ਦੇ ਨਾਲ ਝਗੜ ਕੇ ਆਇਆਂ।
ਪਹਿਲਾਂ ਵਾਂਗੂੰ ਸ਼ਾਇਦ
ਬੁੱਢੇ ਬਾਬੇ ਨਾਲ਼ ਵਿਗੜ ਕੇ ਆਇਆਂ।"

ਜਿਸਦੀ ਇਹ ਆਵਾਜ਼ ਸੀ, ਉਸਨੂੰ
ਕੋਈ 'ਅੰਮਾਂ', ਕੋਈ 'ਨਾਨੀ' ਆਖੇ;
"ਦੁਨੀਆਂ ਭਰ ਦੀਆਂ 'ਪੰਜ ਹਸਤੀਆਂ'[1]
ਵਿਚੋਂ ਹੈ ਲਾਸਾਨੀ" ਆਖੇ। (1)

ਕਹਿਣ ਲੱਗੀ ਕਿ, "ਆਪਣੀ ਥਾਂ 'ਤੇ
ਤੂੰ ਵੀ ਠੀਕ ਤੇ ਉਹ ਵੀ ਸੱਚਾ।
ਸੁੰਦਰਤਾ ਦਾ ਅਸਲ ਟਿਕਾਣਾ,
ਦੇਖਣ ਵਾਲੀ ਅੱਖ ਹੈ, ਬੱਚਾ!

ਸੂ-ਨਰਹ, ਸੂੰ-ਦਰਹ ਤੋਂ ਸੁੰਦਰ,
ਇਹ ਸੁੰਦਰਤਾ 'ਪੁਰਖ' ਲਈ ਹੈ।
ਜੀਵਨ ਲਈ, ਜੀਵਨ ਦੇ ਤੱਤ ਲਈ
ਤੇ 'ਤੱਤਾਂ ਦੇ ਬਿਰਖ' ਲਈ ਹੈ।

'ਸ਼ਿਵ' ਓਸੇ ਹੀ ਬਿਰਖ ਦਾ ਹਿੱਸਾ,
'ਸੁੰਦਰ' ਵੀ ਹੈ, 'ਘਾਤਕ' ਵੀ ਹੈ।
ਬਿਰਖ ਦਾ ਉਹ ਮਾਦਾ, ਜੋ ਪਤਝੜ,
ਉਸ ਮਾਦੇ ਦਾ ਮਾਲਕ ਵੀ ਹੈ।" (2)

---

1 ਚੀਨ, ਭਾਰਤ, ਯੂਨਾਨ, ਮਿਸਰ ਅਤੇ ਰੋਮ
ਦੀਆਂ ਸੱਭਿਅਤਾਵਾਂ

ਤਤਕਰਾ

ਕਹਿਣ ਲੱਗੀ, “ਫ਼ਲ ਕਿਉਂ ਟੁੱਟਦਾ ਹੈ?
ਜੇ ’ਫ਼ਲ’ ਇਸ ਦਾ ਕਾਰਣ ਲੱਭੇ;
ਉਸਦੀ ’ਹੋਂਦ’ ਅਤੇ ‘ਤਾਕਤ’ ਦਾ,
ਬਾਹਰੋਂ ਕਿਤਿਓਂ ਪਤਾ ਨਾ ਲੱਗੇ।

ਖ਼ੁਸ਼ਬੋ ਦੇਣ ਵਾਲੀ ’ਕਸਤੂਰੀ’,
ਉਸਦੇ ਅੰਦਰ ਹੀ ਹੁੰਦੀ ਹੈ।
ਜੇ ਉਹ ‘ਜੜ੍ਹ’ ਤਕ ਝਾਤੀ ਮਾਰੇ,
ਸਾਰੇ ਭੇਦ ਸੁਣਾ ਦਿੰਦੀ ਹੈ। (3)

ਕੁਦਰਤ ਨੇ ਭੰਡਾਰਾਂ ਤਾਈਂ,
ਨਾ ਛੁਪਾਇਆ, ਨਾ ਦਿਖਾਇਆ।
ਸਾਡੀ ਸਮਝ ਤੇ ਛੱਡ ਛੱਡਿਆ ਹੈ,
ਜੋ ਵੀ ਬਣਿਆਂ, ਜੋ ਬਣਵਾਇਆ।

’ਕੁਦਰਤ ਦੀ ਪਹਿਚਾਣ’, ਪ੍ਰੀਤਮ!
ਪਾਣੀ ਵਿਚ ਲਕੀਰ ਦੇ ਵਾਂਗੂੰ।
ਹਵਾ ਦੇ ਵਿਚ ਲਿਖੇ ਹੋਏ ਅੱਖਰ,
’ਦਿਸਹੱਦੇ-ਅਖ਼ੀਰ’ ਦੇ ਵਾਂਗੂੰ। (4)

ਲੋਕੀ ਕਹਿੰਦੇ,” ਫ਼ਸਲ ਅਸਾਡੀ,
ਚਿੜੀਆਂ ਬਹੁਤ ਵੀਰਾਨ ਕਰਦੀਆਂ।
ਆਪਣਾ ਅੰਨ ਬਚਾਵਣ ਦੇ ਲਈ,
ਇਹਨਾਂ ਨੂੰ ਮਾਰੋ, ਜਿਵੇਂ ਮਰਦੀਆਂ।”

ਤਤਕਰਾ

ਕਈ ਹੀਲੇ, ਕਈ ਫੰਧ ਲਗਾ ਕੇ,
ਜਦ ਚਿੜੀਆਂ ਉਹਨਾਂ ਮਾਰ ਮੁਕਾਈਆਂ:
ਓਸੇ ਅੰਨ ਨੂੰ ਖ਼ਤਮ ਕਰਨ ਲਈ,
ਕੀੜਿਆਂ ਦੀਆਂ ਬਾਰਾਤਾਂ ਆਈਆਂ।

---

ਕੁਦਰਤ ਨੇ ਕਈ ਜੀਵਨ ਸਾੜੇ,
ਜੰਗਲ 'ਤੇ ਜਦ ਬਿਜਲੀ ਪਾਈ।
ਪਰ ਏਸੇ ਤੋਂ ਮਾਨੁੱਖਤਾ ਨੂੰ,
ਕਈ ਚੀਜ਼ਾਂ ਦੀ ਸੋਝੀ ਆਈ।

---

ਬੋਹੜ ਉੱਤੇ ਗੋਹਲਾਂ ਲਾਈਆਂ,
ਵੇਲਾਂ ਨਾਲ਼ ਵੱਡੇ ਹਦਵਾਣੇ।
ਕਿਉਂਕਿ ਬੋਹੜ ਦੀ ਠੰਡੀ ਛਾਂਵੇਂ
ਸੁੱਤੇ ਪਏ ਸਨ ਲੋਕ ਬਚਾਣੇ।

---

ਆਹ ਦੇਖ! ਇਕ ਮਾਲੀ ਏਥੇ,
ਇਕ ਗੁਲਾਬ ਦਾ ਬੂਟਾ ਲਾਉਂਦਾ:
ਹਰ ਟਾਹਣੀ 'ਤੇ ਕੰਡੇ ਕੰਡੇ,
ਫਿਰ ਵੀ ਉਸ ਨੂੰ ਪਾਣੀ ਪਾਉਂਦਾ।
ਸੌ ਕੰਡਿਆਂ ਦੇ ਹੁੰਦਿਆਂ ਹੋਇਆਂ,
ਉਹਨੂੰ ਗੁਲਾਬ ਦਾ ਬੂਟਾ ਕਹਿੰਦਾ।
ਇਕ ਸੁਹਣੇ ਫੁੱਲ ਦੀ ਛੁਹ ਖ਼ਾਤਿਰ,
ਕੰਡਿਆਂ ਦਾ ਦੁੱਖ ਸਹਿੰਦਾ ਰਹਿੰਦਾ। (5)

ਤਤਕਰਾ

ਤੂੰ ਤਾਂ ਆਖੇਂ, "ਕੰਡੇ ਕਿਉਂ ਨੇ
ਏਥੇ, ਜਿਥੇ ਫੁੱਲ ਖਿਲੇ ਨੇ?"
ਪਰ ਇਹ ਵੀ ਤਾਂ ਸੋਚ ਕਿ,
ਏਥੇ ਕੰਡਿਆਂ ਨੂੰ ਵੀ ਫੁੱਲ ਮਿਲੇ ਨੇ। (6)

ਤਤਕਰਾ

ਕੁਦਰਤ 'ਨਿਯਮਾਂ ਦੀ ਸ਼ਕਤੀ' ਹੈ,
ਹਰ ਜ਼ੱਰਾ ਏਸੇ ਦਾ ਅੰਗ ਹੈ।
ਚਿੱਟੇ ਤੋਂ ਕਾਲੇ ਤਕ, ਹਰ ਥਾਂ,
ਹਰ ਇਕ ਰੰਗ ਏਸੇ ਦਾ ਰੰਗ ਹੈ।

ਇਸ ਨੇ ਸਾਰੇ 'ਖੰਡ' ਤੇ 'ਬ੍ਰਹਿਮੰਡ',
ਕਿਸੇ ਨਿਯਮ ਵਿਚ ਪਾਏ ਹੋਏ।
ਆਪਣੀ ਹੋਂਦ ਕਾਇਮ ਰੱਖਣ ਲਈ,
'ਜੀਵਨ', 'ਮੌਤ', ਬਣਾਏ ਹੋਏ।

ਜੀਵਨ ਅਤੇ ਮੌਤ ਦੇ ਚੱਕਰ,
ਕੁਦਰਤ ਦੀ ਪਰਕਰਮਾਂ ਕਰਦੇ।
ਆਪਣੀ ਆਪਣੀ ਉਮਰ ਪੁਗਾ ਕੇ,
ਸੂਰਜ, ਚੰਦ, ਤਾਰੇ ਵੀ ਮਰਦੇ। (7)

ਕੁਦਰਤ ਦਾ ਇਹ ਨੇਮ ਹੈ, ਪ੍ਰੀਤਮ!
'ਕੋਈ ਨਾ ਕਿਸ ਹੀ ਜਿਹਾ' ਬਣਾਵੇ।
ਧਰਤੀ ਉਤੇ ਬੀਜ ਬਖੇਰੇ,
ਬਾਗਾਂ ਵਾਂਗ ਨਾ ਫੁੱਲ ਲਗਾਵੇ।

ਜਲ ਦੇ ਵਿਚ ਜੀਵਨ ਜਲ-ਭਾਉਂਦਾ,
ਥਲ ਦੇ ਵਿਚ ਥਲ-ਭਾਉਂਦਾ ਪਾਵੇ।
ਨ੍ਹੇਰੇ ਵਿਚ 'ਨ੍ਹੇਰੇ ਦੇ ਵਾਸੀ'
ਹੋਰਾਂ ਲਈ ਸੂਰਜ ਚਮਕਾਵੇ।

ਹਰ ਸ਼ੈਅ ਇਕ ਦੂਜੀ ਤੋਂ ਵੱਖਰੀ,
ਹਰ ਸ਼ੈਅ ਆਪਣੇ ਆਪ 'ਚ ਸੁੰਦਰ।
ਹਰ ਸ਼ੈਅ ਇਕ ਆਜ਼ਾਦ ਕੜੀ ਹੈ,
ਹਰ ਸ਼ੈਅ ਇਕ ਦੂਜੇ 'ਤੇ ਨਿਰਭਰ। (8)

ਤਤਕਰਾ

ਕੁਦਰਤ ਵੀ ਰਚਨਾ ਹੈ, ਪ੍ਰੀਤਮ!
ਰਚਣਹਾਰ ਨੂੰ ਕੋਈ ਨਾ ਜਾਣੇ।
ਕਿੱਥੋਂ ਲੈ ਕੇ ਕਿੱਥੋਂ ਤਕ ਹੈ,
ਇਸ ਆਕਾਰ ਨੂੰ ਕੋਈ ਨਾ ਜਾਣੇ। (9)
ਕੁਦਰਤ ਦੀ ਸੀਮਾ ਨਹੀਂ ਕੋਈ,
ਨਾ ਹੀ ਕੁਦਰਤ ਬੰਦਸ਼ ਲਾਵੇ।
ਇਹ ਸਾਡੀ ਆਪਣੀ ਹਸਤੀ ਹੀ,
ਆਪਣੀ ਸੀਮਾ ਆਪ ਬਣਾਵੇ।

ਦੇਸ਼, ਧਰਮ, ਫ਼ਿਰਕੇ ਦੇ ਨਾਂ 'ਤੇ,
ਸੀਮਾ ਹੀ ਝਗੜੇ ਕਰਵਾਵੇ।
ਜੀਵਨ ਲਈ ਅੰਮ੍ਰਿਤਾ ਚਹੁੰਦੀ,
ਜੀਵਨ ਦਾ ਗਲ ਘੁੱਟੀ ਜਾਵੇ।

'ਇੱਛਾ ਤੇ ਸਮਰੱਥਾ-ਜਾਈ '
ਇਹ ਸੀਮਾ, 'ਹਉਮੈ' ਤਕ ਹੁੰਦੀ।
ਸਹੀ ਮਾਅਨਿਆਂ ਦੇ ਵਿਚ ਦੇਖੋ,
ਸਾਡੀ ਸੀਮਾ 'ਮੈਂ' ਤਕ ਹੁੰਦੀ। (10)

ਸਾਡੀ ਸੀਮਾ, ਦਿਨ ਤਕ ਹੋਈ।
ਸਾਡੀ ਸੀਮਾ, ਫੁੱਲ ਤਕ ਹੋਈ।
'ਪੂਰਣਤਾ' ਲਈ ਬਣੇ ਆਲਸੀ,
ਸਾਡੀ ਸੀਮਾ, 'ਭੁੱਲ' ਤਕ ਹੋਈ।

ਜੀਵ ਨੇ ਖ਼ੁਦ ਆਪਣੇ ਆਪ ਨੂੰ,
ਘੇਰਿਆਂ ਦੇ ਵਿਚ ਕੈਦੀ ਕੀਤਾ।
"ਬੰਦਾ ਭੁੱਲਣਹਾਰ ਹੈ", ਕਹਿ ਕੇ,
ਇਹ ਤਾਂ ਕਿਸੇ ਮਜ਼ਾਕ ਸੀ ਕੀਤਾ।

ਤਤਕਰਾ

'ਰੱਬ' ਦੇ ਤੁੱਲ, ਸਾਡੇ ਵਿਚੋਂ ਹੀ,
ਕੋਈ ਕੋਈ 'ਅਵਤਾਰ' ਹੋਇਆ ਹੈ।
ਇਸ ਦੁਨੀਆਂ ਦੀ ਮਿਥੀ ਹੋਈ,
ਹਰ ਸੀਮਾ ਤੋਂ ਪਾਰ ਹੋਇਆ ਹੈ। (11)

ਇਹ ਕੁਦਰਤ ਨਿਰਭਓ ਹੈ, ਪ੍ਰੀਤਮ!
ਇਹ ਕੁਦਰਤ ਨਿਰਵੈਰ ਹੈ, ਪ੍ਰੀਤਮ!
ਹੈ ਸੁਹੱਪਣ ਤਾਂ ਸਭ ਦੇ ਲਈ,
ਸਭ ਦੇ ਲਈ ਹੀ ਕਹਿਰ ਹੈ, ਪ੍ਰੀਤਮ!

ਨਾ ਇਹ ਛੋਟਾ ਵੱਡਾ ਜਾਣੇ।
ਨਾ ਇਹ ਗੋਰਾ ਕਾਲਾ ਜਾਣੇ
ਨਾ ਇਹਦੇ ਲਈ ਕੋਈ ਅਧਰਮੀਂ,
ਨਾ ਕੋਈ ਧਰਮਾਂ ਵਾਲਾ, ਜਾਣੇ।

ਠੰਡ ਲਗਦੀ ਤਾਂ ਸਭ ਨੂੰ ਲਗਦੀ,
ਗਰਮੀ ਲੱਗੇ, ਸਭ ਨੂੰ ਲੱਗੇ।
ਪਾਣੀ ਸਭ ਦੀ ਪਿਆਸ ਬੁਝਾਵੇ,
ਹਵਾ ਵਗੇ ਤਾਂ ਸਭ ਲਈ ਵਗੇ।

ਕੁਦਰਤ ਨੂੰ ਕੋਈ ਜਿੱਤ ਨਹੀਂ ਸਕਦਾ,
ਭਾਵੇਂ ਲੱਖਾਂ ਜ਼ੋਰ ਲਗਾਵੇ;
ਪਰ ਜੋ ਸਮਝੇ ਇਸ ਕੁਦਰਤ ਨੂੰ,
ਇਹ ਉਸਦੀ ਦੋਸਤ ਬਣ ਜਾਵੇ।

ਬਾਦਬਾਨ ਲਹਿਰਾਂ ਨੂੰ ਚੀਰੇ,
ਕੋਈ ਘਰਾਟ ਚਲਾਈ ਜਾਵੇ।
ਵਿੰਡਮਿੱਲ[1] ਅਤੇ ਡੈਮ[2] ਦੇ ਚੱਕੇ,
ਰਾਤੀਂ ਦਿਨੇ ਘੁਮਾਈ ਜਾਵੇ। (12)

---

1. Windmill 2. Dam

ਤਤਕਰਾ

ਆਪਣੇ ਵਾਤਾਵਰਣ ਦੇ ਅੰਦਰ,
'ਰੂਹ' ਦਾ ਚੰਦ ਵੀ ਤੁਰਿਆ ਜਾਵੇ।
ਸਾਡੀਆਂ ਨਜ਼ਰਾਂ ਦਾ ਧੋਖਾ ਹੈ :
    ਕਿ ਇਹ ਘਟਦਾ ਵਧਦਾ ਜਾਵੇ,
    ਕਿ ਇਹ ਪੁੰਨਿਆਂ ਦਾ ਬਣ ਜਾਂਦਾ,
    ਕਿ ਗ੍ਰਹਿਣ ਇਸ ਨੂੰ ਲੱਗ ਜਾਵੇ,
    ਮੱਸਿਆ-ਮੌਤ ਦੇ ਪਰਦੇ ਪਿੱਛੇ
    ਆ ਜਾਵੇ ਤਾਂ ਨਜ਼ਰ ਨਾ ਆਵੇ।

ਇਸ 'ਰੂਹ' ਦੀ ਵੀ ਹੋਂਦ ਤਾਂ ਆਪਣੀ,
ਪਰ 'ਚਾਨਣੀ' ਇਸ ਦੀ ਨਹੀਂ ਹੈ।
ਜੇ 'ਸੂਰਜ' ਚਾਨਣ ਨਾ ਦੇਵੇ,
ਤਾਂ ਨ੍ਹੇਰੇ ਵਿਚ ਦਿਸਦੀ ਨਹੀਂ ਹੈ। (13)

ਆਮ ਰੂਹ ਕਮਚੋਟੀ ਹੁੰਦੀ,
ਪਰ ਸਭ ਕੁਝ ਹੀ ਪਾਉਣਾ ਚਾਹਵੇ।
ਜੋ ਵੀ ਇਸ ਦੇ ਕਾਬੂ ਆਵੇ,
ਉਸ 'ਤੇ ਹੁਕਮ ਚਲਾਉਣਾ ਚਾਹਵੇ।

ਹੁਕਮ ਨਾ ਮੰਨੇ ਜਿਹੜਾ ਇਸ ਦਾ,
ਉਸ ਨੂੰ ਸਬਕ ਸਿਖਾਉਣਾ ਚਾਹਵੇ।
ਜੰਤ੍ਰ, ਮੰਤ੍ਰ, ਤੰਤ੍ਰ ਕੀ ਹੈ!
ਹਰ ਇਕ ਤਰ੍ਹਾਂ ਮਿਟਾਉਣਾ ਚਾਹਵੇ। (14)

ਕਦੀ ਕਦੀ ਇਹ ਵੀ ਲਗਦਾ ਹੈ,
ਕੁਦਰਤ ਕੇਡਾ ਜ਼ੁਲਮ ਕਮਾਵੇ,
ਭੋਲੇ -ਭਾਲੇ ਵਸਦੇ ਰਸਦੇ,
ਲੋਕਾਂ ਨੂੰ ਇਹ ਮਾਰ ਮੁਕਾਵੇ।

ਤਤਕਰਾ

ਫੁੱਲਾਂ ਨੂੰ ਮਿੱਟੀ ਵਿਚ ਰੋਲੇ,
ਜਦ ਪਤਝੜ ਦਾ ਮੌਸਮ ਆਵੇ।
ਨਵੇਂ ਫੁੱਲ ਤੱਕੇ ਤਾਂ ਸਮਝੇ,
ਕਿਉਂ ਇਹ 'ਕੁਝ ਇਕ ਨਾਮ' ਮਿਟਾਵੇ। (15)

ਕੁਦਰਤ ਦਾ ਤੋਰਾ ਤੋਰਨ ਲਈ,
ਜੀਵ ਦਾ ਜੀਵ ਆਧਾਰ ਵੀ ਹੁੰਦਾ।
ਤੇ ਏਸੇ ਕੁਦਰਤ ਦੀ ਖ਼ਾਤਿਰ,
ਜੀਵ ਦਾ ਜੀਵ ਆਹਾਰ ਵੀ ਹੁੰਦਾ। (16)

ਜੇ ਇਹ ਧਰਤੀ ਤੁਰਦੀ ਤੁਰਦੀ,
ਆਪਣੇ ਰਾਹੋਂ ਪਰੇ ਹੋ ਜਾਵੇ;
ਇਸ ਦੇ ਜੀਵਾਂ ਜੰਤਾਂ ਤਾਈਂ,
'ਬਰਫ਼ਾਂ ਦਾ ਯੁਗ' ਆਣ ਦਬਾਵੇ।

ਜੇ ਕੋਈ ਤਾਰਾ ਤੁਰੇ ਕੁਰਾਹੇ,
ਦੂਜੇ ਦੇ ਵਿਚ ਜਾ ਟਕਰਾਵੇ।
ਨਾਲ਼ੇ ਉਸਦੀ ਹੋਂਦ ਮਿਟਾਵੇ,
ਨਾਲੇ ਆਪਣੀ ਹੋਂਦ ਗੁਆਵੇ।

ਠੀਕ ਹੈ, ਕਿ ਹਰ ਫਲ ਟੁੱਟਣਾ ਹੈ,
ਕੱਚਾ ਟੁੱਟੇ, ਨਿਹਫ਼ਲ ਜਾਵੇ।
ਨਾ ਹੀ ਕੰਮ ਕਿਸੇ ਦੇ ਆਵੇ,
ਨਾ ਹੀ ਆਪਣਾ 'ਬੀਜ' ਬਣਾਵੇ।

'ਜੀਵ' ਨੂੰ ਜੀਵਨ ਜੀਵ ਨੇ ਦਿੱਤਾ,
ਜੇ ਇਹ ਨਾ ਇਹਨੂੰ ਅਗਾਂਹ ਚਲਾਵੇ।
ਜਾਂ ਇਹ ਜੀਵਨ ਮਾਰ ਮੁਕਾਵੇ,
ਤਾਂ ਇਹ ਨਾ ਕੁਦਰਤ ਨੂੰ ਭਾਵੇ। (17)

ਤਤਕਰਾ

ਸਾਨੂੰ ਹੁਣ ਤਕ ਦੱਸਿਆ ਜਾਂਦਾ,
'ਦੁਨੀਆਂ ਛਲ ਹੈ', ਇਹਨੂੰ ਤਿਆਗੋ ।
'ਜੀਵਨ ਪਿੱਛੋਂ ਕਿੱਥੇ ਜਾਣਾ',
ਇਹ ਪਤਾ ਕਰਨ ਲਈ 'ਜਾਗੋ'।

ਏਸ ਤਰ੍ਹਾਂ ਦੀ ਸੋਚ ਦਾ ਜੇਕਰ,
ਸਾਡੇ ਮਨ 'ਤੇ ਭਾਰ ਰਹੇਗਾ,
'ਸਤਿ-ਚਿੱਤ-ਅਨੰਦ' ਭਾਲਦਾ
ਸਦਾ ਦੁਖੀ ਸੰਸਾਰ ਰਹੇਗਾ।

ਨਹੀਂ, ਇਹ ਦੁਨੀਆਂ ਨਹੀਂ ਛਲਾਵਾ,
ਦੁਨੀਆਂ ਸੱਚ ਹੈ, ਏਨਾ ਜਾਣੋ।
ਮੌਤ ਸੱਚ, ਜੀਵਨ ਵੀ ਸੱਚ ਹੈ,
ਏਸ ਲਈ ਦੋਹਾਂ ਨੂੰ ਮਾਣੋ। (18)

ਕਿਸੇ ਆਖਿਆ,"ਰੱਬ ਵੀ ਹੁੰਦਾ;
ਮਿਲ ਜਾਵੇ ਤਾਂ ਸਭ ਕੁਝ ਦੇਵੇ।"
ਧਰਮ, ਧੁਜਾ ਤੇ ਧਰਮਰਾਜ ਵੀ
ਏਸੇ ਸੋਚ ਦੇ ਹੀ ਨੇ ਮੇਵੇ।

ਰੱਬ ਨੂੰ ਲੱਭਣ ਤੁਰਿਆ ਜਿਹੜਾ,
ਉਸ ਦਾ ਬ੍ਰਹਿਮੰਡ, ਕਮਰਾ ਬਣਿਆਂ।
ਉਸ ਕਮਰੇ ਦੀ ਹਰ ਕੰਧ 'ਸ਼ੀਸ਼ਾ'
ਉਹ ਕਮਰਾ ਜਾਵੇ ਨਾ ਮਿਣਿਆਂ।

ਲੱਖਾਂ ਕਸ਼ਟ ਉਠਾ ਕੇ ਜਿਹੜਾ,
ਕਿਸੇ ਵੀ ਕੰਧ ਦੇ ਨੇੜੇ ਆਇਆ।
ਓਸ ਕੰਧ ਨੇ, ਹੌਲੀ ਦੇ ਕੇ,
ਉਸ ਨੂੰ ਆਪਣਾ ਆਪ ਦਿਖਾਇਆ। (19)

ਤਤਕਰਾ

ਜੀਵਨ ਸੌਖਾ ਕਰਨ ਦੇ ਲਈ,
'ਚੇਤਨਾ ਵਿਚ' ਸਬੱਬ ਬਣੇ ਨੇ।
ਇਸ ਦਾ ਸਾਥ ਜੋ ਲੈ ਕੇ ਚੱਲੇ,
ਰੱਬ ਲੱਭਿਆ ਨਹੀਂ, ਰੱਬ ਬਣੇ ਨੇ। (20)

ਤਤਕਰਾ

ਧਰਮ ਅਤੇ ਸਿਆਸਤ ਦੇ ਨਾਂ 'ਤੇ,
ਇਹ ਜੋ ਸਾਡੀਆਂ ਜਥੇਬੰਦੀਆਂ,
ਕੁਦਰਤ ਦੇ ਖ਼ਿਲਾਫ਼ ਸਾਜ਼ਿਸ਼ ਨੇ,
ਕਿਉਂਕਿ ਇਹ ਲਾਵਣ ਪਾਬੰਦੀਆਂ।

ਮੌਤ-ਵਾਦੀ ਨੇ ਰਾਜ-ਨੀਤੀਆਂ,
ਮੌਤ-ਵਾਦੀ ਹੀ ਧਰਮ ਬਣੇ ਨੇ।
ਮੌਤ-ਵਾਦੀ ਹੀ ਸੋਚ ਹੈ ਸਾਡੀ,
ਮੌਤ-ਵਾਦੀ ਹੀ ਕਰਮ ਬਣੇ ਨੇ।

ਪਰ ਕੁਦਰਤ ਜੀਵਨ-ਵਾਦੀ ਹੈ,
ਇਸ ਨੇ ਜੀਵਨ ਚਲਦਾ ਰੱਖਣਾ।
ਇਸ ਦੀ ਹੋਂਦ ਕਾਇਮ ਰੱਖਣ ਲਈ,
ਫਲਦਾ,ਗਲਦਾ, ਫਲਦਾ ਰੱਖਣਾ।

ਨਿਰਾ 'ਅਮਨ' ਜੀਵਨ ਹੋ ਸਕਦੈ,
ਨਿਰਾ 'ਅਮਨ' ਕੁਦਰਤ ਨੂੰ ਖੋਰੇ।
ਨਿਰਾ 'ਅਮਨ' ਕੁਦਰਤ ਨਹੀਂ ਚਹੁੰਦੀ,
ਨਿਰਾ 'ਅਮਨ' ਜੀਵਨ ਨਾ ਤੋਰੇ। (21)

ਜੀਵਨ ਉੱਤੇ ਮੌਤ ਦਾ ਸਾਇਆ,
ਕਿਸੇ ਧਰਮ ਤੋਂ ਮਿਟ ਨਹੀਂ ਸਕਣਾ।
ਧਰਮ, ਜੋ ਕੁਦਰਤ ਤੋਂ ਵੱਖਰਾ ਹੈ,
ਕੁਦਰਤ ਸਾਹਵੇਂ ਟਿਕ ਨਹੀਂ ਸਕਣਾ।

ਕੁਦਰਤ ਦਾ ਤੋਰਾ ਤੋਰਨ ਲਈ,
ਜੀਵ ਦਾ ਜੀਵ ਆਧਾਰ ਰਹੇਗਾ।
ਤੇ ਏਸੇ ਕੁਦਰਤ ਦੀ ਖ਼ਾਤਿਰ,
ਜੀਵ ਦਾ ਜੀਵ ਆਹਾਰ ਰਹੇਗਾ। (22)

ਤਤਕਰਾ

ਕੁਦਰਤ ਦਾ ਇਹ ਵੀ ਨਿਯਮ ਹੈ,
ਕੋਈ ਨਾ ਏਥੋਂ ਮਿਟਣਾ ਚਾਹਵੇ।
ਘੇਰਾ ਸੁੰਗੜਦਾ ਜੇ ਦੇਖੇ,
ਤੱਟ ਫੱਟ ਬਾਹਰ ਆ ਜਾਵੇ।

ਅੱਤਵਾਦ 'ਕਰਮ' ਨਹੀਂ ਹੁੰਦਾ,
ਇਹ ਤਾਂ 'ਪ੍ਰਤੀ-ਕਰਮ' ਹੈ, ਪ੍ਰੀਤਮ!
ਆਪਣੀ ਆਪ ਸੁਰੱਖਿਆ ਕਰਨਾ,
ਇਹ ਹਰ ਇਕ ਦਾ 'ਧਰਮ' ਹੈ, ਪ੍ਰੀਤਮ!

ਅੱਤਵਾਦੀ ਕਦੇ ਨਹੀਂ ਜੰਮਦਾ,
ਇਹ ਸਮਾਜ ਦੀ ਦੇਣ ਹੈ, ਪ੍ਰੀਤਮ!
ਬੇਇਨਸਾਫ਼ੀ, ਧੱਕੇਸ਼ਾਹੀ
ਦੇ ਰਿਵਾਜ ਦੀ ਦੇਣ ਹੈ, ਪ੍ਰੀਤਮ!

ਅੱਤਵਾਦੀ ਚੰਗੇ ਨਹੀਂ ਲਗਦੇ,
ਤਾਂ ਇਹਨਾਂ ਨੂੰ ਨਾ ਬਣਾਓ।
ਆਪਣੇ ਹੱਥੀਂ, ਰਾਹਾਂ ਦੇ ਵਿਚ,
ਆਪੇ ਕੰਡੇ ਨਾ ਉਗਾਓ। (23)

ਕੁਦਰਤ ਦੇ ਵਿਚ ਰਹਿ ਕੇ, ਪ੍ਰੀਤਮ!
ਜੀਵਨ ਜੀਵੋ ਅਤੇ ਸ਼ਿੰਗਾਰੋ।
ਇਸ ਨੇ ਆਪੇ ਤੁਰਦੇ ਬਣਨਾ,
ਅਣਿਆਈ ਮੌਤੇ ਨਾ ਮਾਰੋ। (24)

ਜੀਵਨ ਵਿਚ ਜੇ ਦੁੱਖ ਬੜੇ ਨੇ,
ਸੁਖ ਲਈ ਤਾਣ ਲਗਾ ਕੇ ਜੀਵੋ।
ਜਦ ਤਕ ਸਾਹ ਵਿਚ ਸਾਹ ਹੈ, ਪ੍ਰੀਤਮ!
ਵਿਸ਼-ਮਈ ਅੰਮ੍ਰਿਤ ਨੂੰ ਪੀਵੋ। (25)

ਤਤਕਰਾ

ਕੱਲ੍ਹ ਸਮੇਂ ਨੇ 'ਕੀ ਕੀਤਾ ਸੀ',
ਕੱਲ੍ਹ ਨੂੰ ਖ਼ਬਰੇ 'ਕੀ ਕਰ ਜਾਵੇ',
ਪਿੱਛੇ, ਅੱਗੇ ਦੇ ਫ਼ਿਕਰ ਵਿਚ,
ਕਿਤੇ ਨਾ 'ਹੁਣ ਦਾ ਪਲ' ਮਰ ਜਾਵੇ। (26)

ਇਹ ਸੱਭਿਤਾ, ਚੰਗੀ ਜਾਂ ਮੰਦੀ,
ਜਿਸ ਵੇਲੇ ਤੋਂ ਵੀ ਹੈ ਚੱਲੀ।
ਹਰ ਇਕ ਇਨਕਲਾਬ ਦੇ ਵਿਚੋਂ,
ਇਸ ਨਾਗਣ ਬਸ ਕੁੰਜ ਹੀ ਬਦਲੀ।

ਸਮਿਆਂ ਦੇ ਘਰ ਅੰਦਰ, ਪ੍ਰੀਤਮ!
ਸੱਭਿਤਾ ਆਈ, ਸੱਭਿਤਾ ਬੀਤੀ।
ਮੋਟੇ ਤੌਰ ਤੇ ਕਹਿ ਸਕਦੇ ਹਾਂ,
ਰੂਹ ਨੇ ਕੁਝ ਤਰੱਕੀ ਕੀਤੀ।

ਸਮਿਆਂ ਦੇ ਘਰ ਜੀਵਨ ਮਿਟਣੇ,
ਜੀਵਨ ਦੀ ਹਰ ਸ਼ੈਅ ਨੇ ਮਿਟਣਾ।
ਸਮਿਆਂ ਦਾ ਸਭ ਕੁਝ ਕਿਰ ਜਾਣਾ,
ਪਰ ਸਮਿਆਂ ਦਾ ਕੁਝ ਨਾ ਘਟਣਾ। (27)

ਸਾਡੇ 'ਕਰਮ' ਬੜੇ ਘੱਟ ਹੁੰਦੇ,
ਬਹੁਤੇ, 'ਪ੍ਰਤੀਕਰਮ' ਨੇ, ਪ੍ਰੀਤਮ!
ਇਸ ਇਹ ਕੀਤਾ, ਉਸ ਔਹ ਕੀਤਾ,
ਇਹ ਵੀ ਸਾਡੇ ਭਰਮ ਨੇ, ਪ੍ਰੀਤਮ! (28)

ਤਤਕਰਾ

ਹਰ ਜ਼ੱਰਾ, ਜ਼ੱਰੇ ਨਾਲ ਜੁੜਿਆ,
ਇਕ ਹਿੱਲੇ, ਦੂਜਾ ਹਿੱਲ ਜਾਵੇ।
ਹਰ ਘਟਣਾ, ਘਟਣਾ ਨੂੰ ਜਨਮੇਂ,
ਭਾਵੇਂ ਸਾਨੂੰ ਨਜ਼ਰ ਨਾ ਆਵੇ।

ਝੱਖੜ ਤਾਂ ਝੱਖੜ ਹੁੰਦੇ ਨੇ,
ਨਜ਼ਰ ਮਿਲੇ ਤਾਂ ਦਿਲ ਧੜਕਾਵੇ।
ਅੱਜ ਰੀਮੋਟ-ਕੰਟਰੋਲ * ਨੂੰ ਦੇਖੋ,
ਦਿਸਦਾ ਨਹੀਂ, ਜੋ ਕਰਦਾ ਜਾਵੇ। (29)

ਜਿਸ ਸਮੇਂ ਤੋਂ ਜੀਵਨ ਬਣਦਾ,
ਜਿਸ ਸਮੇਂ ਤਕ ਜੀਵਨ ਮਰਦਾ,
ਹਰ ਛੋਟੀ ਜਾਂ ਵੱਡੀ ਰੂਹ ਨੂੰ,
ਇਹ 'ਸਮਾਂ' ਪ੍ਰਭਾਵਿਤ ਕਰਦਾ। (30)

'ਪ੍ਰਭਾਵਾਂ ਦੇ ਅਦਾਕਾਰ' ਜਦ,
ਸਾਡੇ ਮਨ ਦੀ ਮੰਚ 'ਤੇ ਆਉਂਦੇ,
ਸਾਡੇ ਹੀ ਕਈ ਵੱਖਰੇ ਚਿਹਰੇ,
ਸਾਨੂੰ ਹੀ ਨੇ ਆਣ ਦਿਖਾਉਂਦੇ।

ਜੋ ਕਮਜ਼ੋਰੀ ਅਸਾਂ ਛੁਪਾਈ,
ਉਸ ਨੂੰ ਨੰਗਿਆਂ ਕਰ ਦਿਖਲਾਉਂਦੇ।
ਸਾਡੀ ਤਾਕਤ ਦੇ ਬੁਰਜਾਂ ਨੂੰ,
ਸਾਡੇ ਹੱਥੋਂ ਹੀ ਢਵਾਉਂਦੇ।

---

* Remote Control

ਤਤਕਰਾ

ਏਸ ਬਣਾਉਟੀ ਦੁਨੀਆਂ ਦੇ ਵਿਚ,
ਸਾਡਾ ਅਸਲੀ ਰੂਪ ਦਿਖਾਉਂਦੇ।
ਕੁਝ ਚਿਰ ਦੇ ਲਈ ਸਾਡੇ ਕੋਲੋਂ,
ਸਾਡੀ ਹੀ ਪਹਿਚਾਣ ਗਵਾਉਂਦੇ।

ਇਕ 'ਨਵੀਂ ਪਹਿਚਾਣ' ਕਰਾਉਂਦੇ।
ਚੇਤਨਾ ਸੁੱਤੀ ਪਈ ਜਗਾਉਂਦੇ।
"ਤੂੰ ਵੀ ਬੂੰਦ ਸਮੁੰਦਰ ਦੀ ਹੈਂ,"
ਉੱਚੀ ਉੱਚੀ ਆਖ ਸੁਣਾਉਂਦੇ।

ਸਾਨੂੰ 'ਅਦਾਕਾਰ' ਬਣਾਉਂਦੇ।
ਤੇ ਫਿਰ ਉਂਗਲਾਂ ਉੱਤੇ ਨਚਾਉਂਦੇ।
ਜੋ ਭੂਮਿਕਾ ਦਿੰਦੇ ਸਾਨੂੰ,
ਓਸੇ ਤਾਈਂ ਹਾਂ ਅਸੀਂ ਨਿਭਾਉਂਦੇ।

ਇਹ 'ਪ੍ਰਭਾਵ' ਕਿਸ ਤਰ੍ਹਾਂ ਆਉਂਦੇ?
ਜਦੋਂ ਏਸ ਦੀ ਸਮਝ ਨਾ ਆਵੇ:
ਚੇਤਨਾ ਹੀ ਚੇਤਨਾ ਨੂੰ ਢੂੰਢੇ,
ਜੜ੍ਹ ਹੀ ਜੜ੍ਹ ਨੂੰ ਲੱਭਣ ਜਾਵੇ। (31)

'ਜੀਵ' ਅਤੇ 'ਨਿਰਜੀਵ' ਹੀ ਨਹੀਂ,
ਹੋਰ ਪਤਾ ਨਹੀਂ ਕੀ ਕੀ ਏਥੇ।
ਸਾਡੇ ਕੋਲ ਉਹ ਅੱਖ ਹੀ ਨਹੀਂ,
'ਸਾਡੀ ਹੀ ਦੁਨੀਆਂ' ਜੋ ਦੇਖੇ।

ਨ੍ਹੇਰੇ ਵਿਚੋਂ ਜੀਵਨ ਆਵੇ,
ਨ੍ਹੇਰੇ ਦੇ ਵੱਲ ਤੁਰਿਆ ਜਾਵੇ
ਜਿਹੜਾ ਇਸ ਦੇ ਰਾਜ਼ ਨੂੰ ਸਮਝੇ,
ਉਹ ਨਾ ਆਪਣਾ ਸਮਾਂ ਗੁਆਵੇ।

ਤਤਕਰਾ

ਉਹ ਤਾਂ  ਹਰ 'ਪਲ', ਉਮਰ ਬਣਾਵੇ।
ਗਾਵੇ, ਗਿੱਧੇ, ਭੰਗੜੇ ਪਾਵੇ।
ਜੀਵਨ ਦੇ ਇਸ ਚੋਲ਼ੇ ਤਾਈਂ,
ਰੱਜ ਕੇ ਮਾਣੇ, ਖ਼ੂਬ ਹੰਡਾਵੇ।

ਨਾ ਉਹ ਫੇਰ ਕਿਸੇ ਤੋਂ ਡਰਦਾ,
ਨਾ ਹੀ ਕਿਸੇ ਨੂੰ ਉਹ ਡਰਾਵੇ।
ਨਾ ਫਿਰ ਕੋਈ ਦੁਸ਼ਮਣ ਉਸਦਾ,
ਨਾ ਹੀ ਵੈਰ ਵਿਰੋਧ ਕਮਾਵੇ।

ਦੁਨੀਆਂਦਾਰੀ ਦੇ ਖੇਤਰ ਵਿਚ,
ਰੋਜ਼ ਨਵਾਂ ਇਕ ਬੂਟਾ ਲਾਵੇ।
ਕੁਦਰਤ ਦੀ ਹਰ ਸ਼ੈਅ ਮਾਨਣ ਨੂੰ,
ਚੰਦਰਮਾ ਤੋਂ ਅੱਗੇ ਜਾਵੇ।

ਪਿੱਛੇ ਦੀ ਕੋਈ ਝਾਕ ਨਾ ਰੱਖੇ,
ਅੱਗੇ ਰਾਹ ਸੁਵਾਰੀ ਜਾਵੇ।
ਜੋ ਕਰ ਸਕਦਾ, ਕਰਦਾ ਜਾਵੇ,
ਨਾ ਹੋ ਸਕੇ, ਵਿਸਾਰੀ ਜਾਵੇ।

ਮਨ ਅਤੇ ਦਿਲ ਦੀ ਦੁਨੀਆਂ ਵਿਚ,
ਜਜ਼ਬੇ ਨਹੀਂ ਅਸੂਲ ਨਿਭਾਵੇ।
ਆਪਣਿਆਂ ਲਈ ਸੁਰਗ ਬਣਾਉਂਦਾ,
ਦੂਜਿਆਂ ਲਈ ਨਾ ਨਰਕ ਬਣਾਵੇ।

ਆਪੂੰ ਕਿਸੇ 'ਚ ਦਖ਼ਲ ਨਾ ਦੇਵੇ,
ਹੱਥ ਮੰਗੇ ਕੋਈ, ਹੱਥ ਵਧਾਵੇ
ਤੇ ਉਸ ਹੱਥ ਦੀ ਲਾਜ ਰੱਖਣ ਲਈ,
'ਆਪਣੀ' ਹਰ ਸੀਮਾਂ ਲੰਘ ਜਾਵੇ।" (32)

ਤਤਕਰਾ

ਜਦ ਸਾਡਾ, ਸਾਡੀ ਆਪਣੀ ਹੀ
ਸੀਮਾ ਦਾ ਡਰ ਮਿਟ ਜਾਵੇਗਾ,
ਤਾਂ ਉਸ ਵੇਲੇ ਹਰ ਇਕ ਜ਼ੱਰਾ,
ਸਾਨੂੰ 'ਸੁੰਦਰ' ਨਜ਼ਰ ਆਵੇਗਾ। (33)

ਤਤਕਰਾ

ਬੇ-ਧਿਆਨਾ ਸੁਣ ਰਿਹਾ ਸਾਂ,
ਜੋ ਕੁਝ 'ਅੰਮਾਂ' ਬੋਲੀ ਜਾਵੇ।
ਕੁਝ ਗੱਲਾਂ ਤਾਂ ਸਮਝ 'ਚ ਆਈਆਂ,
ਕੁਝ ਗੱਲਾਂ ਦੀ ਸਮਝ ਨਾ ਆਵੇ।

"ਹੁਣ ਤੇ ਬਹੁਤ ਕੁਵੇਲਾ ਹੋਇਆ,
ਤੜਕੇ ਉਾਂਠ ਕੇ, ਚਲਿਆ ਜਾਵੀਂ।
ਤੇਰਾ ਆਪਣਾ ਘਰ ਹੈ, ਪ੍ਰੀਤਮ!
ਜਦ ਜੀਅ ਚਾਹਿਆ, ਫੇਰ ਵੀ ਆਵੀਂ।"

ਡੂੰਘੀ ਸ਼ਾਮ ਦਾ ਨ੍ਹੇਰਾ, ਬਾਹਰ,
ਸਾਰੇ ਪਾਸੇ ਛਾ ਰਿਹਾ ਸੀ।
ਘਰ ਨੂੰ ਆਉਂਦਾ, ਬੁੱਢਾ ਬਾਬਾ,
ਆਪਣੀ ਧੁਨ ਵਿਚ ਗਾ ਰਿਹਾ ਸੀ।

ਤਤਕਰਾ

‘ਅ’

ਇਕ ਮਾਂ ਨੇ ਜਦ ਸੁੱਖਾਂ ਸੁੱਖ ਕੇ,
ਮਨ ਦੀ ਇੱਛਾ ਪਾਈ।
ਪੁੱਤਰਾਂ ਦੀ ਜੋੜੀ ਲੈ ਕੇ ਉਹ,
ਮੰਦਰ ਦੇ ਵਿਚ ਆਈ।

ਕਹਿਣ ਲੱਗੀ ਕਿ, “ਰੱਬਾ!
ਜੇ ਹੁਣ ਤੇਰੀ ਕ੍ਰਿਪਾ ਹੋਵੇ।
ਇਸ ਜੋੜੀ ਨੂੰ ਕਦੇ, ਉਮਰ ਭਰ
ਦੁੱਖ, ਤਕਲੀਫ਼ ਨਾ ਹੋਵੇ।”

ਬਾਹਰ ਆਈ, ਤਾਂ ਕੀ ਦੇਖੇ!
ਪੁੱਤਰ ਮਰੇ ਪਏ ਨੇ।
‘ਇਹ’ ਕੀ ਜਾਣੇ, ਇਸ ਨੇ ਰੱਬ ਤੋਂ
ਇਹ ’ਵਰਦਾਨ’ ਲਏ ਨੇ।

---

ਜੀਵਨ ਹੈ ਖ਼ੁਸ਼ੀਆਂ ਤੇ ਗ਼ਮੀਆਂ
ਜੀਵਨ ਹੱਸਣਾ, ਰੋਣਾ।
ਜਿਸ ਵਿਚ ਦੁੱਖ ਤਕਲੀਫ਼ ਨਾ ਹੋਵੇ,
ਉਹ ਜੀਵਨ ਨਹੀਂ ਹੋਣਾ।

ਦੁੱਖ ਨੂੰ ਦੂਰ ਕਰਨ ਦਾ ਹੀ ਤਾਂ
ਦੂਜਾ ਨਾਮ ਖ਼ੁਸ਼ੀ ਹੈ।
ਜਿਸ ਨੂੰ ਏਨੀ ਸਮਝ ਨਾ ਆਈ,
‘ਪ੍ਰੀਤਮ’ ਉਹ ਦੁਖੀ ਹੈ। (1)*

---

* ਛੇਵੀਂ ਸਦੀ ਈਸਵੀ ਦੀ ਯੂਨਾਨੀ ਕਹਾਣੀ

ਤਤਕਰਾ

ਖ਼ੁਸ਼ੀ ਲਈ ਦੁਆ ਕਰਨੀ ਤਾਂ ਸੋਚ ਕੇ ਕਰਨੀ,
ਖ਼ੁਸ਼ੀ ਇਕ ਮਾਨਸਿਕ ਬੀਮਾਰੀ ਹੈ।
'ਨਿਰੰਤਰ ਹੋਂਦ' ਇਸਦੀ, ਹੁੰਦੀ ਨਰਕ ਜੀਵਨ ਦਾ,
ਉਮਰ ਭਰ ਦੀ ਖ਼ੁਸ਼ੀ ਕਿਸ ਨੇ ਸਹਾਰੀ ਹੈ? (2)

'ਜਜ਼ਬਾਤੀ-ਜ਼ਿੰਦਗੀ' ਹਲਕਾਇਆ ਕੁੱਤਾ ਹੈ,
ਇਸ ਦੇ ਸਿਰ ਨੂੰ, ਗ਼ਮੀਂ ਵੀ ਕਹਿੰਦੇ ਨੇ;
ਅਤੇ ਏਸੇ ਦੀ 'ਹਿੱਲਦੀ ਪੂਛਲ' ਨੂੰ,
ਕਹਿਣ ਵਾਲੇ, ਖ਼ੁਸ਼ੀ ਵੀ ਕਹਿੰਦੇ ਨੇ। (3)

ਤੱਕੜੀ ਦਾ ਇਕ ਪੱਲਾ ਖ਼ੁਸ਼ੀ ਹੈ ਤੇ ਦੂਜਾ ਗ਼ਮੀਂ,
ਇਨ੍ਹਾਂ ਦੋਹਾਂ ਵਿਚ ਸਦਾ ਉਲਟਾ ਸੰਬੰਧ ਹੈ।
ਦੋਹਾਂ ਵਿਚਕਾਰ, ਜਿਥੇ ਡੰਡੀ ਉਤੇ ਕੰਡਾ ਹੁੰਦਾ,
ਅਨੰਦ ਹੈ, ਅਨੰਦ ਹੈ, ਅਨੰਦ ਹੈ, ਅਨੰਦ ਹੈ। (4)

ਆਵਾਗਵਣ ਦਾ ਜੋ ਇਹ ਸਵਾਲ ਹੈ,
ਮਾਨੁੱਖਤਾ ਦੀ ਬੜੀ ਪੁਰਾਣੀ ਭਾਲ ਹੈ,
ਮੈਂ ਇਹਨੂੰ ਮੰਨਾਂ, ਨਾ-ਮੰਨਾਂ ਦੋਸਤੋ!
ਉਮੀਦ ਦੇ ਲਈ ਇਹ ਚੰਗਾ ਖ਼ਿਆਲ ਹੈ। (5)

ਰੂਹ ਸੈਭੰ ਨਹੀਂ, ਇਹ ਬਣਾਈ ਗਈ।
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ, ਅੰਤ ਵੀ ਹੈ,
ਇਹ ਸਮਿਆਂ ਦੇ ਜ਼ੇਰੇ-ਅਸਰ ਹੋਵੰਦੀ। (6)

ਤਤਕਰਾ

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ।

ਇਹ ਹਵਾ ਦਾ ਹੈ ਛਿੱਦਾ ਜੋ ਬੇਨਾਮ ਹੈ।
ਅਣਬੁਝੀ ਹੀ ਰਹੀ ਤ੍ਰੇਹ ਦਾ ਅੰਜਾਮ ਹੈ।
ਇਕ ਦੇ ਬਾਅਦ ਇਕ ਇੱਛਾ ਮੰਜ਼ਿਲ ਇਹਦੀ,
ਸਿਰਫ਼ ਰਾਹਾਂ ਦੀ, ਇਹ ਹਮਸਫ਼ਰ ਹੋਵੰਦੀ।

ਇਹ ਖ਼ਲਾਵਾਂ, ਖ਼ਿਆਲਾਂ ਤੋਂ ਉਪਜੀ ਹੋਈ,
ਕਿਸੇ ਅਨਜਾਣ ’ਕਾਰਣ’ ਦੀ ਸਿਰਜੀ ਹੋਈ।
ਤਨ ਬਦਨ ਦੇ ਘਰਾਂ ਨੂੰ ਇਹ ਲੋੜੇ ਸਦਾ,
ਕਦੀ ਨਾ-ਚਹੁੰਦਿਆਂ ਵੀ ਬੇਘਰ ਹੋਵੰਦੀ।

ਇਹ ਹੈ ਉਹ ਸਾਜ਼, ਵੱਜੇ, ਜੇ ਸੋਚੇ ਕੋਈ।
ਇਸਦੀ ਆਵਾਜ਼ ਵਿਰਲਾ ਹੀ ਸਮਝੇ ਕੋਈ।
ਇਹ ਹੀ ’ਪੱਥਰ’ ਇਹ ਹੀ ’ਫਹਿਆ’ ਹੋਵੰਦੀ,
ਇਹ ਹੀ ’ਸਾਬਿਰ’ ਇਹ ਹੀ ’ਬੇਸਬਰ’ ਹੋਵੰਦੀ।

‘ਆਦਮ’ ਤੇ ‘ਹਵਾ’ ਤੋਂ ਕਰੋੜਾਂ ਬਣੇ,
ਮੌਤ ਦੇ ਹੁੰਦਿਆਂ ਵੀ ਨੇ ਤਾਣੇ ਤਣੇ।
ਇਹ ਮਜ਼ਲੂਮ ਵੀ ਹੈ ਤੇ ਜ਼ਾਲਿਮ ਵੀ ਹੈ,
ਇਹ ਹੀ ਆਕਾ ਤੇ ਇਹ ਹੀ ਨਫ਼ਰ ਹੋਵੰਦੀ।

ਰੂਹ ਹੁੰਦੀ ਹੈ ਕੀ? ਕੀ ਪਤਾ ਲਾਵਣਾ!
ਇਸ ਨੇ ਸੋਚਣ ਤੋਂ ਪਹਿਲਾਂ ਬਦਲ ਜਾਵਣਾ।
ਪੂਰੀ ਸ੍ਰਿਸ਼ਟੀ ਦੇ ਵਿਚ ਇਹ ਇਕੱਲੀ ਨਹੀਂ,
ਆਪਣੇ ਆਪੇ ਤੋਂ ਜੋ ਬੇਖ਼ਬਰ ਹੋਵੰਦੀ।

ਇੱਛਾਵਾਂ ’ਚ ਹੁੰਦੇ ਨੇ ਸਾਹ ਏਸਦੇ,
ਆਸ ਦੇ ਆਸਰੇ ’ਤੇ ਇਹ ਤੁਰਦੀ ਫਿਰੇ
ਉਸ ਵੇਲੇ ਕਦੇ ਨਾ ਇਹ ਜੀਂਦੀ ਰਵ੍ਹੇ,
ਜਦੋਂ ਇੱਛਾ ਦੀ ਝੋਲੀ ਸਿਫ਼ਰ ਹੋਵੰਦੀ।

ਤਤਕਰਾ

ਇਹਦਾ ਇਕ ਬੀਜ ਕਈ ਰੂਹਾਂ ਪੈਦਾ ਕਰੇ।
ਕਦੀ ਖਾਲੀ ਕਰੇ, ਕਦੀ ਖਾਲੀ ਭਰੇ।
ਤਨ ਬਦਨ ਦੇ ਬਿਨਾਂ ਵੀ ਜਦੋਂ ਰਹਿ ਸਕੇ,
ਤਾਂ ਇਹ ਉਸ ਰੋਜ਼ ਜਾ ਕੇ 'ਅਮਰ' ਹੋਵੰਦੀ।

ਰੂਹ ਸੈਭੰ ਨਹੀਂ, ਇਹ ਬਣਾਈ ਗਈ।
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ, ਅੰਤ ਵੀ ਹੈ,
ਇਹ ਸਮਿਆਂ ਦੇ ਜ਼ੇਰੇ-ਅਸਰ ਹੋਵੰਦੀ।

ਰੂਹ ਨੀਵੀਂ ਵੀ ਹੈ, ਰੂਹ ਉੱਚੀ ਵੀ ਹੈ,
ਰੂਹ ਕੂੜੀ ਵੀ ਹੈ, ਰੂਹ ਸੁੱਚੀ ਵੀ ਹੈ।
ਇਹ 'ਮਹਾਂ-ਆਤਮਾ', ਇਹ 'ਪਰਮ-ਆਤਮਾ'
ਇਹ ਨਜ਼ਾਰਾ ਤੇ ਇਹ ਹੀ ਨਜ਼ਰ ਹੋਵੰਦੀ।

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ। (7)**

---

**ਭਾਰਤੀ ਸੱਭਿਅਤਾ ਰੂਹ ਨੂੰ ਅਮਰ ਮੰਨਦੀ ਹੈ।

ਡਰੇ ਤੇ ਡਰਾਵੇ, ਉਹ ਹੈਵਾਨੀਅਤ ਹੈ।
ਨਿਰਾ ਹੀ ਜੋ ਹੋਵੇ ਸਵਾਰਥ ਦਾ ਪੁਤਲਾ,
ਜੋ ਹਿੰਸਾ 'ਚ ਆਪਣਾ ਜੀਵਨ ਬਿਤਾਵੇ ।
ਨਾ ਜਿਸ ਨੂੰ ਚੜ੍ਹੀ ਦੀ ਤੇ ਲੱਥੀ ਦੀ ਕੋਈ,

ਜੋ ਮਰਿਆਂ ਨੂੰ ਮਾਰੇ, ਨਾ ਮਾਤਮ ਮਨਾਵੇ।
ਬਣਿਆਂ ਨੂੰ ਢਾਹਵੇ, ਉਹ ਹੈਵਾਨੀਅਤ ਹੈ।
ਡਰੇ ਤੇ ਡਰਾਵੇ, ਉਹ ਹੈਵਾਨੀਅਤ ਹੈ।

ਜੋ ਐਵੇਂ ਸਤਾਵੇ, ਉਹ ਸ਼ੈਤਾਨੀਅਤ ਹੈ।

ਕਿਤੇ ਕੋਈ ਚੁਗਲੀ, ਕਿਤੇ ਝੂਠ ਬੋਲੇ।
ਅਛਾਈ, ਬੁਰਾਈ ਦਾ ਝਗੜਾ ਕਰਾਵੇ।
ਦੂਜੇ ਦੇ ਮੋਢੇ 'ਤੇ ਰੱਖ ਕੇ ਚਲਾਵੇ।
ਜਦੋਂ ਅੱਗ ਲੱਗੇ ਤਾਂ ਨਜ਼ਰੀਂ ਨਾ ਆਵੇ।

ਤਤਕਰਾ

ਜੋ ਭੰਨੇ, ਭੰਨਾਵੇ, ਉਹ ਸ਼ੈਤਾਨੀਅਤ ਹੈ।
ਜੋ ਐਵੇਂ ਸਤਾਵੇ, ਉਹ ਸ਼ੈਤਾਨੀਅਤ ਹੈ।

ਜੋ ਮਾਤਮ ਮਨਾਵੇ, ਉਹ ਇਨਸਾਨੀਅਤ ਹੈ।
ਦੁਖੀਆਂ ਨੂੰ ਜਿਹੜਾ ਪਰਾਇਆ ਨਾ ਜਾਣੇ।
ਡਿੱਗਿਆਂ ਹੋਇਆਂ ਨੂੰ ਮੁੜ ਕੇ ਉਠਾਵੇ।
ਮਰੀ-ਆਤਮਾ ਨੂੰ ਨਵਾਂ-ਜਨਮ ਦੇਵੇ ।
ਜੋ ਆਪ ਵੀ ਜੀਵੇ ਤੇ ਜੀਊਣਾ ਸਿਖਾਵੇ।
ਡਰੇ ਨਾ ਡਰਾਵੇ ਉਹ ਇਨਸਾਨੀਅਤ ਹੈ।
ਜੋ ਮਾਤਮ ਮਨਾਵੇ, ਉਹ ਇਨਸਾਨੀਅਤ ਹੈ।

ਜੋ ਭੇਦ ਮਿਟਾਵੇ, ਉਹ ਰੂਹਾਨੀਅਤ ਹੈ।
ਜੋ ਹਰ ਸ਼ੈਅ ਨੂੰ ਜਾਣੇ, ਹਰ ਪਲ ਨੂੰ ਮਾਣੇ।
ਪਰਮ-ਸ਼ਕਤੀ ਨੂੰ ਆਪਣਾ ਹਿੱਸਾ ਬਣਾਵੇ।
ਨਾ ਖ਼ੁਸ਼ੀਆਂ ’ਚ ਹੱਸੇ, ਨਾ ਗ਼ਮੀਆਂ ’ਚ ਰੋਵੇ।
ਜੋ ਤਪਦੇ ਮਨਾਂ ਨੂੰ ਠੰਡਕ ਪੁਚਾਵੇ।

ਖਿੜੇ ਤੇ ਖਿੜਾਵੇ, ਉਹ ਰੂਹਾਨੀਅਤ ਹੈ।
ਜੋ ਭੇਦ ਮਿਟਾਵੇ, ਉਹ ਰੂਹਾਨੀਅਤ ਹੈ। (8)

ਜ਼ਖ਼ਮ ਹੋ ਜਾਏ ਤਾਂ ਆਪੇ ਹੀ ਹਰਾ ਹੋ ਜਾਏ।
ਦਰਦ ਵਧ ਜਾਏ ਤਾਂ ਆਪੇ ਹੀ ਦਵਾ ਹੋ ਜਾਏ।

ਇਨ੍ਹਾਂ ਕੁਦਰਤ ਦੇ ਅਸੂਲਾਂ ਨੂੰ ਬੁਰਾ ਨਾ ਆਖੋ,
ਕੀ ਪਤਾ ਏਸੇ ਬੁਰਾਈ ’ਚੋਂ ਭਲਾ ਹੋ ਜਾਏ ।

ਕਿਸੇ ਕੁਦਰਤ ਦੇ ਇਸ਼ਾਰੇ ਲਈ ਰੁੱਤਾਂ ਬਣੀਆਂ,
ਬਰਫ਼ ਪਿਘਲੇ ਅਤੇ ਪਾਣੀ ਤੋਂ ਘਟਾ ਹੋ ਜਾਏ ।

ਏਸ ਬ੍ਰਹਿਮੰਡ ਕਦੇ ਆਪਣੀ ਤੋਰ ਨਾ ਬਦਲੀ,
ਉਹ ਤੇ ਜੀਵਨ ਹੀ ਨਹੀਂ ਹੈ ਜੋ ਖੜਾ ਹੋ ਜਾਏ ।

ਸਾਰੇ ਬ੍ਰਹਿਮੰਡ ਤੇ ਕੁਦਰਤ ਦੇ ਭੇਦ ਖੁੱਲ੍ਹ ਸਕਦੇ,
ਸਾਨੂੰ ਕਿਧਰੇ ਜੇ ਆਪਣਾ ਹੀ ਪਤਾ ਹੋ ਜਾਏ ।

ਤਤਕਰਾ

ਰੂਹ ਦੀ ਮਰਜ਼ੀ ਦਾ ਮਾਲਿਕ ਤਾਂ ਹੋਰ ਹੁੰਦਾ ਹੈ,
ਨਾ ਚਹੁੰਦਿਆਂ ਵੀ ਇਹੇ ਤਨ ਤੋਂ ਜੁਦਾ ਹੋ ਜਾਏ ।

ਆਤਮਾ ਹੀ ਪਰਮ-ਆਤਮਾ ਵੀ ਹੋ ਸਕਦੀ,
ਖ਼ੁਦੀ ਨਾ ਹੋਵੇ ਤਾਂ ਬੰਦਾ ਹੀ ਖ਼ੁਦਾ ਹੋ ਜਾਏ । (9)

'ੲ'

ਤੇਰਾ ਮੂੰਹ ਜੇ ਪੂਰਬ ਵੱਲ ਹੈ,
ਤੇਰੇ ਖੱਬੇ ਪਾਸੇ ਉਾਂਤਰ।
ਮੇਰਾ ਮੂੰਹ ਜੇ ਪੱਛਮ ਵੱਲ ਹੈ,
ਮੇਰੇ ਸੱਜੇ ਪਾਸੇ ਉਾਂਤਰ।

ਇਹ ਜ਼ਰੂਰੀ ਨਹੀਂ ਕਿ ਉਾਂਤਰ,
ਤੇਰੇ ਵੀ ਸੱਜੇ ਹੱਥ ਹੋਵੇ।
ਇਹ ਜ਼ਰੂਰੀ ਨਹੀਂ ਕਿ ਉਾਂਤਰ,
ਮੇਰੇ ਵੀ ਖੱਬੇ ਹੱਥ ਹੋਵੇ।

ਏਸ ਆਜ਼ਾਦ ਫ਼ਿਜ਼ਾ ਦੇ ਅੰਦਰ,
ਤੇਰੀ ਨਜ਼ਰ ਮੁਬਾਰਕ ਤੈਨੂੰ।
ਇੱਕੋ ਹੀ ਉੱਤਰ ਹੈ ਤਾਂ ਫਿਰ,
ਮੇਰੀ ਨਜ਼ਰ ਮੁਬਾਰਕ ਮੈਨੂੰ।

ਦਖ਼ਲ ਨਾ ਦੇਵੇ ਕੋਈ ਜੇਕਰ,
ਤੇਰੇ ਕਾਰ-ਵਿਹਾਰ ਦੇ ਅੰਦਰ;
ਫਿਰ ਤੂੰ ਕਿਉਂ ਅੜਿੱਕਾ ਪਾਵੇਂ,
ਕਿਸੇ ਦੇ ਕਰੋਬਾਰ ਦੇ ਅੰਦਰ? (1)

ਤਤਕਰਾ

ਜੰਗ ਕਰਦੇ ਨੂੰ ਮੁਹੱਬਤ ਨਾ ਮਿਲੇ।
ਜੰਗ ਵਿਚ ਮੋਇਆਂ ਨੂੰ ਜੰਨਤ ਨਾ ਮਿਲੇ।

ਸੁਣ ਲੈ ਓ ਜਾਂਦੇ ਮੁਜਾਹਦ! ਏਸ ਰਾਹ,
ਜਾਮ ਦੀ, ਹੂਰਾਂ ਦੀ ਨਿਅਮਤ ਨਾ ਮਿਲੇ।

ਆਪਣੀ ਰੱਖਿਆ ਕਰਨ ਤਕ ਹੀ ਧਰਮ ਹੈ;
ਏਸ ਤੋਂ ਅੱਗੇ, ਅਕੀਦਤ ਨਾ ਮਿਲੇ।

ਤੂੰ ਨਾ ਮੋਹਰਾ ਬਣ ਕਿਸੇ ਦੀ ਚਾਲ ਦਾ,
ਇਸ ਤਰ੍ਹਾਂ, ਤੈਨੂੰ ਤੇ ਅਜ਼ਮਤ ਨਾ ਮਿਲੇ।

ਇਲਮ ਵਾਲੇ ਜੀਣ ਲਈ ਮਰਦੇ ਨਹੀਂ,
ਇਲਮ ਹੋਵੇ ਤਾਂ ਹਜ਼ੀਮਤ ਨਾ ਮਿਲੇ।

ਜੇ ਕੋਈ ਜਿੱਤ ਹੈ, ਦਿਲਾਂ ਦੀ ਜਿੱਤ ਹੈ,
ਇਸ ਤਰ੍ਹਾਂ ਦੀ ਹੋਰ ਸਤਵਤ ਨਾ ਮਿਲੇ।

ਮੌਤ ਦਾ ਕੀ ਏ! ਕਦੇ ਵੀ ਲੈ ਲਵੋ,
ਇਕ ਵਾਰੀ ਜਾ ਕੇ ਜ਼ੀਸਤ ਨਾ ਮਿਲੇ। (2)

ਤਤਕਰਾ

ਸੌ ਪ੍ਰਤੀਸ਼ਤ ਆਪਣੇ ਪੱਖ ਨੂੰ ਵੀ ਤੂੰ ਸਮਝੇਂ,
ਸੌ ਪ੍ਰਤੀਸ਼ਤ ਮੇਰੇ ਪੱਖ ਨੂੰ ਵੀ ਤੂੰ ਜਾਣੇ।

ਸੌ ਪ੍ਰਤੀਸ਼ਤ ਆਪਣੇ ਪੱਖ ਨੂੰ ਮੈਂ ਵੀ ਸਮਝਾਂ,
ਸੌ ਪ੍ਰਤੀਸ਼ਤ ਤੇਰੇ ਪੱਖ ਨੂੰ ਵੀ ਮੈਂ ਜਾਣਾ।

ਤੇਰੇ ਪੱਖੀ, ਤੇਰੇ ਵਾਂਗ ਸਿਆਣੇ ਹੋਵਣ,
ਮੇਰੇ ਪੱਖੀ, ਮੇਰੇ ਵਾਂਗ ਸਿਆਣੇ ਹੋਵਣ।

ਤੇਰੇ ਮੇਰੇ ਰਸਤੇ ਭਾਵੇਂ ਵੱਖਰੇ ਹੋਵਣ,
ਪਰ ਸਾਡੀ ਦੋਹਾਂ ਦੀ ਮੰਜ਼ਿਲ, ਇੱਕੋ ਹੋਵੇ।

ਐਸਾ ’ਨੌਂ ਮਣ ਤੇਲ’ ਨਾ ਜੇਕਰ ’ਕੱਠਾ ਹੋਵੇ,
’ਲੋਕ-ਰਾਜ ਦੀ ਰਾਧਾ’ ਕੋਲੋਂ ਨੱਚ ਨਹੀਂ ਹੋਣਾ।

ਫ਼ਿਰਕਾ-ਪ੍ਰਸਤੀ, ਮੂੰਹ-ਮੁਲਾਹਜ਼ੇ ਦੇ ਕੋਹੜ ਤੋਂ,
ਤੇਰੀ ਮੇਰੀ ਪਰਜਾ ਕੋਲੋਂ ਬਚ ਨਹੀਂ ਹੋਣਾ। (3)

ਤੂੰ ਵੀ ਕੁਝ ਆਪਣਾ ਗਵਾ, ਮੈਂ ਵੀ ਗਵਾਵਾਂ ਆਪਣਾ,
ਫੇਰ ਸਾਡਾ ਜੀਵਣਾ, ਸਾਨੂੰ ਸੁਖਾਲਾ ਜਾਪਣਾ।

ਤੂੰ ਹੀ ਤੂੰ ਜਾਂ ਮੈਂ ਹੀ ਮੈਂ ਹੋਵਾਂ ਤਾਂ ਇਹ ਇਨਸਾਫ਼ ਨਹੀਂ,
ਦੇਖ! ਹੈ ਕਿੰਨਾ ਹਿਸਾਬੀ, ਰਾਤ ਦਿਨ ਦਾ ਆਵਣਾ।

ਪਹੁ-ਫੁਟਾਲੇ ਵਿਚ ਕਿਤੇ, ਕੋਈ ਰਾਤ ਦੀ ਹਉਮੈ ਨਹੀਂ,
ਨਾ ਸੁਨਹਿਰੀ ਸ਼ਾਮ ਵਿਚ ਹੈ ਉਜਲੇ ਦਿਨ ਦਾ ਦਮਕਣਾ।

ਸੱਤ ਰੰਗਾਂ ਵਾਂਗ ਜੋ ਰਲ-ਮਿਲ ਕੇ ਰਹਿੰਦੇ ਇਕ ਥਾਂ,
ਉਹਨਾਂ ਨੇ ਹੀ ਨ੍ਹੇਰਿਆਂ ’ਤੇ, ਧੁੱਪ ਵਾਂਗੂੰ ਚਮਕਣਾ।

ਜਦ ‘ਪ੍ਰੀਤਮ’ ਦੀ ਗਲੀ ਵਿਚ ਆਪਣਾ ਦਿਲ ਨਾ ਲੱਭ ਸਕੇ,
ਉਸ ਗਵਾਵਣ ਦਾ ਹੀ ਦੂਜਾ ਨਾਮ ਹੁੰਦਾ ਪਾਵਣਾ। (4)

ਤਤਕਰਾ

ਨਾ ਆਪਣੇ ਵੱਸ ਆਉਣਾ ਏਥੇ, ਨਾ ਏਥੋਂ ਤੁਰ ਜਾਣਾ।
ਇਹ ਪੰਧ, ਜਿਹੜਾ ਤੁਰਨਾ ਪੈਣਾ,ਇਸ ਨੂੰ ਸਹਿਲ ਬਨਾਣਾ।

ਗ਼ਲਤ ਸਮੇਂ ’ਤੇ, ਗ਼ਲਤ ਥਾਂ ਉੱਤੇ, ਜਦ ਕੋਈ ਹੋਵੇਗਾ,
ਅਣਸੁਖਾਵਾਂ ਤੇ ਅਣਚਾਹਿਆ, ਉਸ ਨੇ ਸਮਾਂ ਬਿਤਾਣਾ।

ਰਾਹ ’ਚੋਂ ਖੱਡੇ, ਰੋੜੇ, ਕੰਡੇ , ਦੂਰ ਨਹੀਂ ਜੇ ਕਰਨੇ,
ਤਾਂ ਫਿਰ ਇਹ ਵੀ ਹੱਕ ਨਹੀਂ, ਇਹ ਰਾਹ ਵਿਚ ਵਿਛਾਣਾ।

ਮੈਨੂੰ ਪਤਾ ਹੈ, ਤੈਨੂੰ ਦੁੱਖ, ਤਕਲੀਫ਼ ਨਹੀਂ ਚੰਗੇ ਲਗਦੇ,
ਹਰ ਕੋਈ ਤੇਰੇ ਵਰਗਾ ਹੀ ਹੈ, ਇਹ ਮਨ ਵਿਚ ਵਸਾਣਾ।

ਤੂੰ ਕੀ ਸਮਝੇਂ, ਤੇਰੀ ਅਗਲੀ ਨਸਲ ਨਿਕੰਮੀ ਹੋਣੀ?
ਏਸੇ ਕਰਕੇ, ਉਹਨਾਂ ਲਈ ਵੀ, ਤੇਰਾ ਫ਼ਰਜ਼ ਕਮਾਣਾ?

ਬੱਚਿਆਂ ਦੇ ਲਈ ਰੋਟੀ ਨਾ ਛੱਡ, ਇਹ ਬੇਹੀ ਨਹੀਂ ਪਚਣੀ,
ਰੋਟੀ ਦੇ ਲਈ, ਮੋਟੀ ਗੱਲ ਹੈ, ਪਤਲੀ-ਅਕਲ ਸਿਖਾਣਾ।

ਸਭ ਤੋਂ ਪਹਿਲਾ ਧੋਖਾ, ਬੱਚਾ, ਖ਼ੁਦ ਨੂੰ ਹੀ ਦਿੰਦਾ ਹੈ,
ਜਦ ਉਸ ਨੂੰ ਆਪਣੇ ਤੋਂ ਪੈਂਦਾ, ਆਪਣਾ ਆਪ ਛੁਪਾਣਾ।

ਜਿਸ ਨੂੰ ਛੱਡਿਆਂ, ਜੀਵਨ ਦੇ ਵਿਚ ਤਰਥੱਲੀ ਮਚ ਜਾਵੇ,
ਉਹ ਸ਼ੈਅ, ਭਾਵੇਂ ਕੁਝ ਵੀ ਹੋਵੇ, ਉਹ ਪੱਲੇ ਨਾ ਪਾ’ਣਾ।

ਚਿੜੀ ਚੁੰਝ ਭਰ ਕੇ ਲੈ ਜਾਵੇ, ਨਦੀਓਂ ਨੀਰ ਘਟੇ ਨਾ,
ਪਰ ਮਿਹਰਾਮਤ ਦਾ ਬੱਦਲ਼, ਨਾ ਸਾਗਰ ’ਤੇ ਬਰਸਾਣਾ।

‘ਲੋਕਾਂ ਦੇ ਲਈ’, ਮਰਨ ਦੇ ਨਾਲੋਂ ਜੀਣਾ, ਮੁਸ਼ਕਿਲ ਹੁੰਦਾ,
ਕਿਉਂਕਿ ਇਸ ਹਾਲਤ ਵਿਚ ਪੈਂਦਾ ਬਹੁਤਾ ਫ਼ਰਜ਼ ਨਿਭਾਣਾ।

ਪਰਉਪਕਾਰ ਜਿਹੀ ਕੋਈ ਦੂਜੀ ਹੋਰ ਖ਼ੁਸ਼ੀ ਹੁੰਦੀ ਨਾ,
‘ਪ੍ਰੀਤਮ’ ਦੇ ਆਖੇ ਨਾ ਮੰਨਣਾ, ਇਹ ਖ਼ੁਦ ਹੀ ਅਜ਼ਮਾਣਾ। (5)

ਤਤਕਰਾ

ਇਸ ਸ਼ਾਮ ਤੇ ਸਵੇਰ ਦੇ ਵਿਚ ਰਾਤ ਹੈ ਅਜੇ,
ਮਜ਼੍ਹਬੀ ਜਨੂੰਨ ਨੇ ਹੈ ਇਕ ਵਾਰ ਭੜਕਣਾ।
ਪਾਖੰਡ ਮਿਟ ਜਾਵੇਗਾ, ਕਿਉਂਕਿ ਪਾਖੰਡ ਹੈ,
ਪਹੁ ਫੁੱਟ ਕੇ ਰਹੇਗੀ, ਦੇਵੇਗੀ ਚਾਨਣਾ।

ਬੱਚੇ ਨੇ ਤੁਰਨਾ ਸਿੱਖਿਆ ਹੈ ਆਸਰੇ ਬਿਨਾਂ,
ਪੈਂਡੇ ਦੀ ਲੋੜ, 'ਕਾਫ਼ਲਾ', 'ਬਾਰਾਤ' ਨਾ ਰਹੇ।
ਬੀਜਣ ਅਤੇ ਵੱਢਣ ਸਮੇਂ, ਮੰਗਾਂ ਨਾ ਪੈਂਦੀਆਂ,
'ਸੰਗਤਾਂ' ਤੇ 'ਪੰਗਤਾਂ' ਦੇ ਹਾਲਾਤ ਨਾ ਰਹੇ।

ਮਿਲ ਬਹਿਣਾ ਹੀ ਨਹੀਂ ਹੈ ਉੱਤਰ ਅਨੰਦ ਦਾ,
ਸ਼ਕਤੀ ਦੇ ਲਈ ਇਸ ਤੋਂ ਇਲਾਵਾ ਵੀ ਰਾਹ ਨੇ।
'ਸਮੂਹਕ ਆਤਮਾ' ਦੇ ਲਈ ਖ਼ਲਲ ਨੇ ਬੜੇ,
ਇਹ ਵਕਤ, ਇਹ ਜ਼ਮਾਨਾ ਸਾਡੇ ਗਵਾਹ ਨੇ।

ਧਰਮ 'ਆਦਮੀਂ' ਨਹੀਂ, 'ਕਰਣੀ' ਹੈ, ਦੋਸਤੋ!
'ਕਰਨ ਵਾਲੇ' ਤੁਰ ਗਏ, ਚਰਚਾ ਹੀ ਰਹਿ ਗਿਆ।
ਜਿਸ ਵੀ ਚਲਾਇਆ 'ਧਰਮ', ਓਸੇ ਨਾਲ ਉਠ ਗਿਆ,
ਪਿੱਛੇ, 'ਦੁਕਾਨ ਅੱਗੇ' ਪਰਦਾ ਹੀ ਰਹਿ ਗਿਆ।

ਹਰ ਜ਼ੁਲਮ ਆ ਗਿਰੇਗਾ ਅਦਾਲਤ ਦੇ ਸਾਹਮਣੇ,
ਜਦ ਵੀ ਅਸੀਂ ਲਿਆਏ ਇਨਸਾਨੀਅਤ ਦੇ ਦਿਨ।
'ਧਰਮਾਂ', 'ਅਧਰਮੀਆਂ' ਦੇ ਦਿਨ ਪੁੱਗ ਜਾਣਗੇ,
ਆ ਕੇ ਹੀ ਰਹਿਣਗੇ ਰੂਹਾਨੀਅਤ ਦੇ ਦਿਨ।

ਕੱਲ੍ਹ ਜ਼ੁਲਮ ਕਰਨ ਵਾਲਾ ਡਾਕੂ ਸੀ ਹੋਵੰਦਾ,
ਅੱਜ ਜ਼ੁਲਮ ਕਰਨ ਵਾਲਾ, ਡਾਕੂ ਨਹੀਂ ਚੋਰ ਹੈ।
ਰੂਹਾਨੀਅਤ ਨੇ ਇਸ ਨੂੰ ਏਨਾ ਕੁ ਬਦਲਿਆ,
ਅੰਦਰੋਂ ਤਾਂ ਭਾਵੇਂ ਉਹ ਹੈ ਪਰ ਉਪਰੋਂ ਹੋਰ ਹੈ।

ਤਤਕਰਾ

ਵਿੰਹਦਾ ਹਾਂ ਆਦਮੀ ਨੂੰ 'ਪੁਰਜ਼ਾ ਮਸ਼ੀਨ ਦਾ'
ਆਪਣਾ 'ਕੰਮ' ਕਰੇਗਾ, ਜਦ ਤਕ ਵੀ ਰਹੇਗਾ।
ਹਰ ਪੁਰਜ਼ੇ ਦੀ ਕਦਰ ਤੇ ਕੀਮਤ ਵੀ ਪਵੇਗੀ,
'ਦਰਜੇ' ਦੇ ਨਰਕ ਅੰਦਰ, ਪੁਰਜ਼ਾ ਨਾ ਪਵੇਗਾ।

ਆਓ 'ਜੀਣ ਜੋਗਿਓ', ਮਨਾਂ ਨੂੰ ਖੋਲ੍ਹੀਏ,
ਰਸਮਾਂ ਨੂੰ ਫੇਰ ਤੋਲੀਏ ਤੇ ਮੁੱਲ ਪਾਈਏ।
ਸ਼ਬਦ-ਕੋਸ਼ ਅੰਦਰ ਸੁੰਗੜੇ ਨਾ ਰਹਿਣ ਇਹ,
ਮਾਅਨਿਆਂ ਨੂੰ ਅੱਜ ਦਾ ਹਾਣੀ ਬਣਾਈਏ।

ਇਕ ਸਾਂਝਾ 'ਪਲ' ਬਣਾਓ, ਅਮਨ ਦੇ ਵਾਸਤੇ,
ਫਿਰ ਓਸ ਪਲ ਤੋਂ ਹਫ਼ਤੇ, ਮਹੀਨੇ ਬਣਾ ਦਿਓ।
'ਜੈਨੱਸ' ਦੇ ਕਹੇ, ਝਗੜਿਆਂ ਦਾ ਬੂਹਾ ਭੇੜ ਕੇ,
ਕਈ ਸਾਲ, ਦਹਾਕੇ ਨਹੀਂ ਸਦੀਆਂ ਲੰਘਾ ਦਿਓ।

'ਇਸ ਯੁਗ ਦੇ ਸਾਲ' ਦਾ ਇਹ ਮਹੀਨਾ ਹੈ ਆਖ਼ਰੀ,
ਦਿਲ ਨਾ-ਉਮੀਦ ਤਾਂ ਨਹੀਂ, ਨਾਕਾਮ ਹੀ ਤਾਂ ਹੈ।
ਚੜ੍ਹਨੇ ਨਵੇਂ ਸਵੇਰੇ, ਯੁਗ ਵੀ ਨੇ ਬਦਲਨੇ,
ਹੈ ਤਾਂ 'ਜ਼ੁਲਮ ਦੀ ਸ਼ਾਮ', ਮਗਰ ਸ਼ਾਮ ਹੀ ਤਾਂ ਹੈ। (6)

ਤਤਕਰਾ

## ਸਤਿਯੰਮ ਸ਼ਿਵਮ ਸੁੰਦਰਮ-3

ਸਤਿਯੰਮ ਸ਼ਿਵਮ ਸੁੰਦਰਮ !
ਸਤਿਯੰਮ ਸ਼ਿਵਮ ਸੁੰਦਰਮ ।

ਜਦ ਜੀਵਨ ਦੇ ਤਨ ਨੂੰ ਦੇਖਾਂ,
ਇਸ ਦਾ ਇਕ ਇਕ ਅੰਗ ਅਜੂਬਾ।
ਜਦ ਜੀਵਨ ਦੇ ਮਨ ਨੂੰ ਦੇਖਾਂ,
ਇਸ ਦਾ ਹਰ ਇਕ ਢੰਗ ਅਜੂਬਾ।
ਬਨਸਪਤੀ ਦਾ ਹਰ ਰੁੱਤ ਅੰਦਰ,
ਆਪਣਾ ਆਪਣਾ ਰੰਗ ਅਜੂਬਾ।
ਬ੍ਰਹਿਮੰਡਾਂ ਦੇ ਸਾਗਰ ਅੰਦਰ,
ਉਾਂਠਦੀ, ਹਰ ਤਰੰਗ ਅਜੂਬਾ।
ਇਹ ਜੋ ਕੁਝ ਵੀ ਨਜ਼ਰੀਂ ਆਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ।

ਧਰਤੀ ਹੋਣਾ, ਪਾਣੀ ਹੋਣਾ,
ਹਵਾ ਅਤੇ ਆਕਾਸ਼ ਦਾ ਹੋਣਾ।
ਚੰਦ ਅਤੇ ਸੂਰਜ ਦਾ ਹੋਣਾ,
ਨਿੱਘ ਅਤੇ ਪ੍ਰਕਾਸ਼ ਦਾ ਹੋਣਾ।
ਨਿੱਤ ਮਉਲ਼ਦੀ ਬਨਸਪਤੀ ਤੇ
ਨਿੱਤ ਜਨਮਦਾ ਜੀਵਨ ਹੋਣਾ।
ਬੁਢਾਪੇ ਦੀ ਗੋਦ ਦੇ ਅੰਦਰ,
ਖੇਡ ਖੇਡਦਾ ਬਚਪਨ ਹੋਣਾ।
ਇਹ ਜੋ ਕੁਝ ਵੀ ਨਜ਼ਰੀਂ ਆਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ।

ਤਤਕਰਾ

ਮੈਂ ਓਥੇ ਹਾਂ, ਕਰਤਾ ਵਾਂਗੂੰ,
ਕਿਰਤ ਵੀ ਜਿੱਥੇ ਕਿਰਤ ਕਮਾਵੇ।
ਕਲਾਕਾਰ ਦੀ ਹਰ ਇਕ ਰਚਨਾ,
ਅੱਗਿਓਂ ਅੱਗੇ ਰਚਦੀ ਜਾਵੇ।
ਰਚਦੀ ਜਾਵੇ, ਰਚਦੀ ਜਾਵੇ,
ਰਚਦੀ ਜਾਵੇ, ਅੰਤ ਨਾ ਪਾਵੇ।
ਨਾ 'ਆਪੇ' ਦੀ ਸੋਝੀ ਆਵੇ,
ਨਾ 'ਕਰਤਾ' ਦੀ ਸੋਝੀ ਆਵੇ ।
ਇਹ ਜੋ ਕੁਝ ਵੀ ਹੁੰਦਾ ਜਾਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ ।

ਗਿਆਨ, ਹਨੇਰਾ ਮੇਟੀ ਜਾਵੇ,
ਆਪਣੀ ਜੋਤੋਂ ਜੋਤ ਜਗਾਵੇ।
ਖੰਡਾਂ, ਬ੍ਰਹਿਮੰਡਾਂ ਦੇ ਅੰਦਰ,
ਅਣਡਿੱਠੀਆਂ ਚੀਜ਼ਾਂ ਦਿਖਲਾਵੇ।
ਗਰਭ-ਪੀੜ ਤੋਂ ਮਰਨ-ਪੀੜ ਤਕ,
ਹਰ ਇਕ ਰਚਨਾ ਪੰਧ ਮੁਕਾਵੇ।
ਆਪਣੀ ਗਿਆਨ-ਕੁੰਡਲੀ ਅੰਦਰ,
ਅੱਖਰ ਅੱਖਰ ਜੋੜੀ ਜਾਵੇ।
ਇਹ ਜੋ ਕੁਝ ਵੀ ਹੁੰਦਾ ਜਾਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ।

ਚੱਕਰਾਂ ਦੇ ਵਿਚ ਤੁਰਦੀ ਹਰ ਸ਼ੈਅ,
ਏਥੇ, ਓਥੇ ਨਜ਼ਰੀਂ ਆਵੇ।
ਜੇ ਲੁਕ ਜਾਵੇ, ਫਿਰ ਦਿਸ ਜਾਵੇ,
ਜੇ ਦਿਸ ਜਾਵੇ, ਫਿਰ ਲੁਕ ਜਾਵੇ।
ਮੌਤ ਵੀ ਹੈ 'ਪਰਧਾਨਾ' ਵਿਚੋਂ
ਇਹ ਵੀ ਆਪਣਾ ਫ਼ਰਜ਼ ਨਿਭਾਵੇ।
ਇਸ ਰਚਨਾ ਦੀ ਸੁੰਦਰਤਾ ਵਿਚ,
ਇਹ ਵੀ ਆਪਣਾ ਹਿੱਸਾ ਪਾਵੇ।
ਇਹ ਜੋ ਕੁਝ ਵੀ ਹੁੰਦਾ ਜਾਵੇ,
ਸੁਹਣਾ ਲੱਗੇ, ਦਿਲ ਨੂੰ ਭਾਵੇ। (1)

ਤਤਕਰਾ

ਉਦਾਸ ਜ਼ਿੰਦਗੀ ਤੋਂ ਪੱਲਾ ਛੁਡਾ ਲਿਆ।
ਹਰ ਪਲ ਜ਼ਿੰਦਗੀ ਦਾ ਆਪਣਾ ਬਣਾ ਲਿਆ।

ਪਰਿਵਾਰ ਪਾਲ ਪੋਸ ਕੇ ਪਰਵਾਨ ਚਾੜ੍ਹਿਆ,
ਇਸ ਤਰ੍ਹਾਂ ਆਪਣਾ ਮੈਂ ਦਾਇਰਾ ਵਧਾ ਲਿਆ।

ਜਦ ਵੀ ਕੋਈ ਲਗਾਈ, ਲਗਨ ਪੂਰੀ ਲਾ ਲਈ,
ਏਥੋਂ ਤਾਈਂ ਕਿ ਆਪਣਾ ਆਪਾ ਭੁਲਾ ਲਿਆ।

ਆਪਣੀ ਇਕੱਲਤਾ ਨੂੰ ਮੈਂ ਖ਼ਤਮ ਕਰ ਲਿਆ,
ਸੋਚਾਂ ਨੇ ਜਿਸ ਨੂੰ ਚਾਹਿਆ ਸਾਹਵੇਂ ਬਿਠਾ ਲਿਆ।

ਆਪਣਾ ਹੀ ਹੈ ਸਮਾਂ ਹੁਣ ਜਾਗਣ ਤੇ ਸੌਣ ਦਾ,
ਵਕਤ ਨੂੰ ਮੈਂ ਆਪਣੇ ਆਖੇ ਲਗਾ ਲਿਆ। (2)

ਸਤਿਯੰਮ ਸ਼ਿਵਮ ਸੁੰਦਰਮ।
ਸਤਿਯੰਮ ਸ਼ਿਵਮ ਸੁੰਦਰਮ।।

ਐ ਸੱਜਣ! ਤੇਰੀ ਬੁੱਕਲ ਦਾ ਨਿੱਘ,
ਆਪਣਾ ਆਪ ਭੁਲਾ ਦੇਵੇ।
ਸਮਿਆਂ ਤੋਂ ਜਾਗੀ ਭਟਕਣ ਨੂੰ
ਪਿਆਰ ਦੀ ਨੀਂਦ ਸੁਲ਼ਾ ਦੇਵੇ।

ਨਾ ਦਿਲ ਤੜਪੇ, ਨਾ ਮਨ ਸੋਚੇ,
ਨਾ ਕੋਈ ਸ਼ੈਅ ਪੋਂਹਦੀ ਹੈ,
ਨਾ ਮਸਤੀ, ਨਾ ਚਾਹ ਮਸਤੀ ਦੀ,
ਐਸੀ ਦਸ਼ਾ ਮਿਲਾ ਦੇਵੇ।

ਨਾ ਦੁਨਿਆਵੀ ਖਿੱਚ ਹੀ ਕੋਈ,
ਨਾ ਅੰਬਰ ਦੀਆਂ ਤਾਂਘਾਂ ਹੀ,
ਜਿਸ ਨੂੰ ਮੌਤ ਕਦੇ ਨਾ ਆਵੇ,
ਉਹ ਜੀਣਾ ਸਿਖਲਾ ਦੇਵੇ।

ਸਤਿਯੰਮ ਸ਼ਿਵਮ ਸੁੰਦਰਮ।
ਸਤਿਯੰਮ ਸ਼ਿਵਮ ਸੁੰਦਰਮ।। (3)

ਤਤਕਰਾ

ਜਦੋਂ ਖੁਰਕ ਕਰਨ ਵਾਲਾ ਹੱਥ ਅਤੇ ਖੁਰਕ ਆਉਣ ਵਾਲੀ ਥਾਂ ਆਪਣੀ ਆਪਣੀ ਹੋਂਦ ਭੁੱਲ ਕੇ, 'ਇੱਕੋ' ਸਰੀਰ ਦਾ ਹਿੱਸਾ ਬਣ ਜਾਣ ਤਾਂ ਖੁਰਕਣ ਵਾਲਾ ਹੱਥ ਆਪਣੇ ਆਪ ਹੀ ਸਹੀ ਥਾਂ ਉੱਤੇ ਜਾ ਪਹੁੰਚਦਾ ਹੈ। ਜਿਵੇਂ ਅਨੇਕਾਂ ਸਮੁੰਦਰਾਂ ਵਿਚੋਂ ਕੋਈ ਮਨ ਚਾਹਿਆ ਕਤਰਾ ਲੱਭ ਲਵੇ।

## 23 - ਸਬੱਬ ਨਾਲ

ਸਬੱਬ ਨਾਲ ਮੈਂ ਏਧਰੋਂ ਲੰਘ ਰਿਹਾ ਸਾਂ,
ਇਹ ਸੋਚੀ ਕਿ ਤੈਨੂੰ ਮਿਲਦਾ ਹੀ ਜਾਵਾਂ।
ਬੜੇ ਹੀ ਅਨਿਚਿਤ, ਵਸੀਅ ਰਾਹ ਮੇਰੇ,
ਮੈਂ ਫਿਰ ਏਸ ਪਾਸੇ ਨੂੰ ਆਵਾਂ ਨਾ ਆਵਾਂ।

ਸਮਾਨਅੰਤਰ ਹੈ ਰੂਹਾਂ ਦਾ ਪੈਂਡਾ,
ਮੰਨਿਆਂ, ਕਿ 'ਇਕ-ਹੋਂਦ' ਨਾ ਹੋਣ ਦੇਵੇ,
ਏਨਾ ਹੀ ਕਾਫ਼ੀ ਹੈ ਕਿ ਸਾਥ ਮਿਲਿਆ,
'ਉਸ' ਤੋਂ ਬਿਨਾ ਵੀ ਇਹ ਲੱਗੇ ਸੁਖਾਵਾਂ।

ਅਨੇਕਾਂ ਸਮੁੰਦਰਾਂ 'ਚ ਕਤਰਾ ਗਵਾਚਾ,
ਕੋਈ ਲੈਣਾ ਚਾਹਵੇ ਤਾਂ ਕਿੰਜ ਲੈ ਸਕੇਗਾ?
ਅਜੇ ਤਕ ਬਣੇ ਹੀ ਨਹੀਂ ਹਨ ਜੋ ਸ਼ਾਇਦ,
ਉਹ ਉੱਤਰ, ਭਲਾ ਮੈਂ ਕਿਥੋਂ ਲਿਆਵਾਂ!

ਜਦੋਂ 'ਮੈਂ' ਨਾ ਹੋਵਾਂ ਅਤੇ 'ਤੂੰ ' ਨਾ ਹੋਵੇਂ,
ਐਸੀ ਜੇ ਅਣਹੋਂਦ 'ਇਕ' ਹੋ ਸਕੇ ਤਾਂ,
ਲੱਖਾਂ ਸਮੁੰਦਰਾਂ 'ਚੋਂ ਮਨ ਚਾਹਿਆ ਕਤਰਾ,
ਐ 'ਪ੍ਰੀਤਮ'! ਮੈਂ ਸਹਿਜੇ ਹੀ ਝੋਲੀ 'ਚ ਪਾਵਾਂ।

ਤਤਕਰਾ

## 24 - ਸਭ ਤੋਂ ਸੁਹਣਾ ਫੁੱਲ

ਸੁੰਨੇਂ ਬੈਂਚ 'ਤੇ ਜਾ ਬੈਠੀ ਮੈਂ,
ਬਾਗ 'ਚ ਇਕ ਵਿੱਲੋ [1] ਦੇ ਲਾਗੇ,
ਸੋਚ ਰਹੀ ਸਾਂ, "ਹੁਣ ਤਾਈਂ ਮੈਂ
ਕੀ ਖੱਟਿਆ ਦੁਨੀਆਂ 'ਤੇ ਆ ਕੇ"!

ਏਨੇ ਨੂੰ ਇਕ ਹਫ਼ਿਆ, ਥੱਕਿਆ,
ਬਾਲਕ ਮੇਰੇ ਨੇੜੇ ਆਇਆ,
ਕਹਿਣ ਲੱਗਾ, "ਆਹ ਦੇਖ! ਮੈਂ ਓਥੋਂ
ਰੰਗ ਬਰੰਗਾ ਫੁੱਲ ਲਿਆਇਆ"।

ਬੇਰੰਗ ਤੇ ਮੁਰਝਾਏ ਫੁੱਲ ਨੂੰ ਤੱਕ ਕੇ
ਉਸ 'ਤੇ ਗੁੱਸਾ ਆਇਆ,
ਇਕ ਫੋਕੀ-ਮੁਸਕਾਨ ਦਿਖਾ ਕੇ,
ਦੂਜੇ ਪਾਸੇ ਮੂੰਹ ਭੁਆਇਆ।

ਨੇੜੇ ਹੁੰਦਿਆਂ ਉਸਨੇ ਉਹ ਫੁੱਲ,
ਖ਼ੁਸ਼ ਹੋ ਕੇ ਨੱਕ ਵੱਲ ਵਧਾਇਆ,
ਆਖਣ ਲੱਗਾ, "ਇਹ ਸੁਹਣਾ ਫੁੱਲ,
ਮੈਂ ਹਾਂ ਤੇਰੇ ਲਈ ਲਿਆਇਆ"।

ਮੈਂ ਖਿਝ ਕੇ ਉਸ ਦੇ ਵੱਲ ਤੱਕਿਆ,
ਸੋਚਿਆ, ਕਿ ਇਹ ਪਿੱਛਾ ਛੱਡੇ,
ਉਸ ਦੇ ਕੋਲੋਂ ਫੁੱਲ ਲੈਣ ਨੂੰ,
ਮੈਂ ਆਪਣਾ ਹੱਥ ਕੀਤਾ ਅੱਗੇ।

---

1. ਵਿੱਲੋ ਦਾ ਦਰਖ਼ਤ (ਜਿਸ ਦੀਆਂ ਲੰਮੀਆਂ ਸ਼ਾਖ਼ਾਂ ਹੇਠਾਂ ਵੱਲ ਨੂੰ ਝੁਕੀਆਂ ਰਹਿੰਦੀਆਂ ਹਨ) ਉਦਾਸੀ ਦਾ ਪ੍ਰਤੀਕ ਹੈ।

ਤਤਕਰਾ

## 25 - ਸ਼ਾਂਤੀ ਪੁਰਸਕਾਰ

( Nobel Peace Prize )

ਅਮਨ ਤੇ ਉਹ ਵੀ ਨੋਬਲ,
ਐਸੀ ਥਾਂ ਤੇ ਪਹੁੰਚਿਆ, ਜਿਸ ਥਾਂ
'ਅਰਾਫ਼ਾਤ'[1] ਜਾਂ 'ਰਬੀਨ'[2] ਵੀ,
ਮਸ਼ਹੂਰ ਹੋ ਜਾਂਦੈ ।

ਨੌਂ ਸੌ ਚੂਹਾ ਖਾ ਕੇ,
ਜੇ ਬਿੱਲੀ ਹੱਜ ਨੂੰ ਚਲੀ ਜਾਵੇ,
ਤਾਂ ਇਹ ਦੇਖਿਐ ਕਿ ਹੱਜ ਵੀ
ਮਨਜ਼ੂਰ ਹੋ ਜਾਂਦੈ ।

---

1. ਪੀ. ਐਲ. ਓ. ਦਾ ਚੇਅਰਮੈਨ 'ਯਾਸਰ ਅਰਾਫ਼ਾਤ'
2. ਇਜ਼ਰਾਈਲ ਦਾ ਸਾਬਕਾ ਪ੍ਰਾਈਮ ਮਨਿਸਟਰ 'ਯਿਤਸਕ ਰਬੀਨ'

ਤਤਕਰਾ

## 26 - ਸ਼ਾਮ-ਏ-ਨੌ-ਸਾਲ

ਆਜ ਕੀ ਸ਼ਾਮ ਹੈ ਖ਼ੁਸ਼ੀ ਕੇ ਲੀਏ,
ਯਿਹ ਮੁਬਾਰਕ ਹੋ ਹਰ ਕਿਸੀ ਕੇ ਲੀਏ।

ਗੁਜ਼ਸ਼ਤਾ[2] ਸਾਲ ਮੇਂ ਹਮ ਨੇ ਖ਼ੁਸ਼ੀ ਭੀ ਦੇਖੀ ਹੈ,
ਗੁਜ਼ਸ਼ਤਾ ਸਾਲ ਮੇਂ ਸਦਮਾਤ ਭੀ ਉਠਾਏ ਹੈਂ।
ਗੁਜ਼ਸ਼ਤਾ ਸਾਲ ਕੇ ਬਾਰੇ ਮੇਂ ਆਜ ਕਿਉਂ ਸੋਚੇਂ,
ਗੁਜ਼ਸ਼ਤਾ ਸਾਲ ਕੋ ਹਮ ਪੀਛੇ ਛੋੜ ਆਏ ਹੈਂ।

ਯਿਹ ਜੋ ਆਈ ਹੈ ਕੁਛ ਘੜੀ ਕੇ ਲੀਏ,
ਆਜ ਕੀ ਸ਼ਾਮ ਹੈ ਖ਼ੁਸ਼ੀ ਕੇ ਲੀਏ।

ਆਜ ਸੇ ਜ਼ਿੰਦਗੀ ਮੇਂ ਰੋਜ਼ ਨਈ,
ਪਿਆਸ ਕੇ ਬਾਅਦ ਪਿਆਸ ਪੈਦਾ ਕਰੇਂ,
ਹਰ ਨਈ ਸੁਬਾਹ ਕੀ ਤਰਹ ਹਮ ਭੀ,
ਆਸ ਕੇ ਬਾਅਦ ਆਸ ਪੈਦਾ ਕਰੇਂ।

ਯਹੀ ਬਿਹਤਰ ਹੈ ਜ਼ਿੰਦਗੀ ਕੇ ਲੀਏ,
ਆਜ ਕੀ ਸ਼ਾਮ ਹੈ ਖ਼ੁਸ਼ੀ ਕੇ ਲੀਏ।

ਖ਼ੁਦਾ ਕਰੇ! ਕਿ ਤੇਰੀ ਅੰਜੁਮਨ ਮੇਂ,
ਤਾ-ਹਸ਼ਰ ਰੌਨਕ-ਏ-ਜਮਾਲ ਆਏ,
ਲਾਖ ਖ਼ੁਸ਼ੀਓਂ ਕੋ ਅਪਨੇ ਸਾਥ ਲੀਏ,
ਐਸੀ ਹੀ ਸ਼ਾਮ ਸਾਲ-ਹਾ-ਸਾਲ ਆਏ।

ਸਿਤਾਰੇ ਚਮਕੇਂ ਸਦਾ, ਰੌਸ਼ਨੀ ਕੇ ਲੀਏ,
ਆਜ ਕੀ ਸ਼ਾਮ ਹੈ ਖ਼ੁਸ਼ੀ ਕੇ ਲੀਏ।

---

1. New Year Eve    2. ਬੀਤਿਆ ਹੋਇਆ

ਤਤਕਰਾ

## 27 - ਸਿਫ਼ਰ




ਸਿਫ਼ਰ ਦਾ ਮਤਲਬ 'ਕੁਝ ਨਹੀਂ' ਹੁੰਦਾ,
ਇੰਜ ਕਹਿਣਾ ਪਰ ਠੀਕ ਨਹੀਂ ਹੈ। 1

ਸਿਫ਼ਰ ਦਾ ਘੇਰਾ ਦਸਦਾ ਹੈ ਕਿ,
ਸਿਫ਼ਰ, ਜਿਸ ਤਰ੍ਹਾਂ ਇਕ ਸਫ਼ਰ ਹੈ।
ਏਸ ਸਫ਼ਰ ਦਾ 'ਆਦਿ ਤੇ ਅੰਤ'
ਹਰ ਇਕ ਥਾਂ 'ਤੇ ਹੀ ਹੁੰਦਾ ਹੈ। 2

ਏਸ ਸਿਫ਼ਰ ਦੇ ਸਫ਼ਰ ਦੇ ਉੱਤੇ,
ਭਵਿੱਖ ਵੀ ਅੱਗੇ, ਭੂਤ ਵੀ ਅੱਗੇ।
ਜਾਂ ਇੰਜ ਵੀ ਕਹਿ ਸਕਦੇ ਹਾਂ ਕਿ,
"ਭੂਤ ਵੀ ਪਿੱਛੇ, ਭਵਿੱਖ ਵੀ ਪਿੱਛੇ"।
ਤੇ ਜਾਂ ਇੰਜ ਵੀ ਕਹਿ ਸਕਦੇ ਹਾਂ,
"ਇਹ ਸਿਫ਼ਰ, ਏਨਾ ਕੁਝ ਹੋ ਕੇ,
'ਸਮੇਂ-ਸਥਾਨ' ਤੋਂ ਬਾਹਰ ਹੁੰਦਾ"। 3

ਸਿਫ਼ਰ ਦਾ ਘੇਰਾ ਲੱਗਦਾ ਹੈ ਕਿ,
ਇਹ ਸ਼ਾਇਦ 'ਕੁਝ ਵੀ ਨਹੀਂ' ਨੂੰ
ਅੰਦਰ ਡੱਕਣ ਦਾ ਉਪਰਾਲਾ।
ਜਾਂ ਇਕ ਛੋਟੇ 'ਕੁਝ ਨਹੀਂ' ਨੂੰ,
ਇਕ ਵੱਡੇ 'ਕੁਝ ਨਹੀਂ' ਦੇ ਕੋਲੋਂ,
ਬਚਾ ਕੇ ਰੱਖਣ ਦਾ ਉਪਰਾਲਾ। 4

ਤਤਕਰਾ

ਸਿਫ਼ਰ 'ਸ਼ੂਨਯ' ਹੋ ਸਕਦਾ ਹੈ।
'ਸ਼ੂਨਯ' ਸਿਫ਼ਰ ਨਹੀਂ ਪਰ ਹੁੰਦਾ।
'ਸ਼ੂਨਯ' ਖ਼ਲਾਅ ਦਾ ਨਾਮ ਹੈ ਦੂਜਾ। 5

ਨੌਂ ਦਰਵਾਜ਼ੇ ਦੇਹੀ ਦੇ ਨੇ,
ਅਤੇ ਜੋ ਦਸਵਾਂ ਦੁਆਰ ਹੁੰਦਾ ਹੈ,
ਉਹ ਗੁਪਤ ਹੈ।
ਆਮ ਅੱਖ ਨੂੰ ਦਿਸਦਾ ਨਹੀਂ ਹੈ।
ਜਿਸ ਨੂੰ ਦਸਵਾਂ ਦੁਆਰ ਦਿਸ ਜਾਵੇ,
ਉਹ ਜੀਵਨ ਸਫ਼ਲ ਹੋ ਜਾਂਦਾ।

ਇਹ 'ਦਸਵਾਂ', ਇਹ ਸਿਫ਼ਰ, ਇਹ ਸ਼ੂਨਯ,
ਜਦ ਨੌਆਂ ਨੂੰ ਮਿਲ ਜਾਂਦਾ ਹੈ,
ਤਾਂ ਉਹਨਾਂ ਦੀ ਵੇਲ ਹੈ ਵਧਦੀ,
ਨੌਆਂ 'ਤੇ ਰਹਿ ਜਾਣ ਦੀ ਥਾਂ 'ਤੇ,
ਏਸ ਸ਼ੂਨਯ, ਇਸ ਸਿਫ਼ਰ ਦਾ ਕਰਕੇ,
ਉਹ ਬੇ-ਓੜਕ ਹੋ ਜਾਂਦੇ ਨੇ।

ਏਸ ਸਿਫ਼ਰ ਦੇ ਘੇਰੇ ਅੰਦਰ,
ਸਭ ਬ੍ਰਹਿਮੰਡ ਸਮਾਅ ਜਾਂਦਾ ਹੈ। 6

ਆਪਣੇ ਆਪ ਦੀ ਕਦਰ ਨਾ ਕਰਨੀ,
ਬਿਲਕੁਲ ਹੀ ਬੇਕਾਰ ਸਮਝਣਾ,
ਸਿਫ਼ਰ ਦੇ ਵਾਂਗ ਸਮਝਿਆ ਜਾਂਦਾ। 7

ਵੰਗਾਂ, ਸਿਫ਼ਰ ਵਰਗੀਆਂ ਹੁੰਦੀਆਂ,
ਕੰਙਣ, ਕੜੇ ਵੀ ਸਿਫ਼ਰ ਦੇ ਵਰਗੇ,
ਇਹਨਾਂ ਵਿਚ ਵੀ ਖ਼ੁਸ਼ੀਆਂ, ਖੇੜੇ। - 8

ਕੰਪਿਊਟਰ ਦੀ ਭਾਸ਼ਾ ਵਿਚ ਵੀ,
ਏਸ ਸਿਫ਼ਰ ਦੀ ਅਹਿਮ ਜਗਹ ਹੈ। 9

ਤਤਕਰਾ

ਇਹ ਸਿਫ਼ਰ ਨਿਰਜੀਵ ਨਹੀਂ ਹੁੰਦਾ।
ਇਹ ਜੜ੍ਹ ਵੀ ਹੈ ਤੇ ਚੇਤਨ ਵੀ। 10

ਸਿਫ਼ਰ, ਕਿ ਜੋ ਸ਼ੂਨਯ ਹੁੰਦਾ ਹੈ,
ਸ਼ੂਨਯ, ਜਿਸ ਦਾ ਮਾਅਨਾ, 'ਖਾਲੀ'
ਕੁਝ ਵੀ, ਖਾਲੀ ਕਿੰਜ ਹੋ ਸਕਦੈ!
ਸਰਬਵਿਆਪਕ ਜਿਸ ਨੂੰ ਕਹਿੰਦੇ,
ਕੀ ਉਹ ਸਿਫ਼ਰ ਵਿਚ ਨਹੀਂ ਹੁੰਦਾ?
ਜੇ ਹੁੰਦੈ, ਤਾਂ ਕਹਿ ਸਕਦੇ ਹਾਂ,
"ਸਰਬਵਿਆਪਕ ਤੋਂ ਪਹਿਲਾਂ ਵੀ,
ਇਹ ਸਿਫ਼ਰ ਹੁੰਦਾ ਸੀ ਹਰ ਥਾਂ"। 11

ਸਿਫ਼ਰ ਪਹੀਆ ਹੈ, ਜਿਸ ਦਾ ਕਰਕੇ,
ਦੁਨੀਆਂ ਚੰਦ ਤਕ ਜਾ ਸਕਦੀ ਹੈ।
ਦੁਨੀਆਂ ਮੰਡਲ ਗਾਹ ਸਕਦੀ ਹੈ। 12

ਸਿਫ਼ਰ ਦਾ ਅੰਦਰ ਖਾਲੀ ਨਹੀਂ ਹੈ।
ਇਹ ਹੋ ਸਕਦੈ, ਅੱਖ ਅਸਾਡੀ,
ਇਸ ਨੂੰ ਦੇਖਣ, ਸਮਝਣ ਦੇ ਲਈ
ਅਜੇ ਤਾਈਂ ਹੈ ਗਿਆਨ-ਵਿਹੂਣੀ। 13

ਸਿਫ਼ਰ ਦੇ ਵਿੱਚੋਂ, ਜੀਵਨ ਬਣਨਾ, ਦੁੱਖਦਾਈ ਹੈ।
ਮੁੜ ਕੇ ਸਿਫ਼ਰ ਦੇ ਅੰਦਰ ਜਾਣਾ, ਦੁੱਖਦਾਈ ਹੈ। 14

ਏਸ ਸਿਫ਼ਰ ਦੀ ਹਸਤੀ ਅੰਦਰ,
ਹਰ ਜੀਵਨ ਦੀ ਪੂਰਣਤਾ ਹੈ। 15

ਸਾਨੂੰ ਮਿਲਣ ਤੋਂ ਪਹਿਲਾਂ ਵੀ ਤਾਂ,
ਇਹ ਸਿਫ਼ਰ ਏਥੇ ਹੁੰਦਾ ਸੀ। 16

ਤਤਕਰਾ

## 28 - ਸ਼ੁਅਲਾ ਸ਼ਬਨਮ

ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।
ਇਸ ਜਹਾਂ ਕੇ ਵਾਸਤੇ, ਨਾ ਜਾਨੇ ਕਿਆ ਕਿਆ ਹਮ ਬਨੇ।

ਜਬ ਕਿਸੀ ਜ਼ਾਲਿਮ ਕੇ ਹਾਥੋਂ ਕੋਈ ਲੁਟ ਕਰ ਰਹਿ ਗਿਆ,
ਜਬ ਕਿਸੀ ਮਜ਼ਲੂਮ ਕਾ ਖ਼ੂੰ, ਪਾਨੀ ਬਨ ਕਰ ਬਹਿ ਗਿਆ।
ਆਦਮ-ਏ-ਅੱਵਾਮ ਕਾ ਨਾਅਰਾ ਬਨੇ, ਪਰਚਮ ਬਨੇ।
ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।

ਜਬ ਕਿਸੀ ਕੇ ਮਾਲ ਸੇ, ਵੋਹ ਅਪਨੇ ਘਰ ਭਰਨੇ ਲਗੇ,
ਜਬ ਗ਼ਰੂਰ-ਏ-ਜ਼ੋਰ ਸੇ, ਵੋਹ ਕਤਲ ਭੀ ਕਰਨੇ ਲਗੇ।
ਜੁਰਮ-ਏ-ਇਨਸਾਂ ਰੋਕਨੇ ਕੋ, ਹਮ ਕਭੀ ਮੁਜਰਮ ਬਨੇ।
ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।

ਬੇਕਰਾਂ ਵੁਸਅਤੋਂ ਮੇਂ, ਉਨਕੋ ਦੇਖਾ ਭਟਕਤੇ,
ਬੇਕਸੀ ਕੇ ਦੌਰ ਮੇਂ, ਪਲਕੋਂ ਪਿਹ ਆਂਸੂ ਲਰਜ਼ਤੇ,
ਉਨਕੀ ਸੂਨੀ ਰਾਹ ਪਰ, ਹਮਸਫ਼ਰ, ਹਮਦਮ ਬਨੇ,
ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।

ਜਬ ਜਵਾਨੀ, ਬੇਵਫ਼ਾਈ ਸੇ ਪਰੇਸ਼ਾਂ ਹੋ ਗਈ,
ਉਸਕੀ ਹਰ ਉਮੀਦ, ਗ਼ਮ ਕੀ ਤੀਰਗੀ ਮੇਂ ਖੋ ਗਈ।
ਆਸ ਕਾ ਦੀਪਕ ਬਨੇ, ਤਾਰਾ ਬਨੇ, ਪੂਨਮ ਬਨੇ।
ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।

ਜਬ ਕੋਈ ਚਾਹਤ ਕੇ ਬਦਲੇ ਦਰਦ ਪਾ ਕਰ ਰਹਿ ਗਿਆ,
ਜਬ ਦਿਲੇ-ਨਾਦਾਨ ਗ਼ਮ ਕੀ ਚੋਟ ਖਾ ਕਰ ਰਹਿ ਗਿਆ,
ਦਰਦ-ਏ-ਦਿਲ ਨਾਸੂਰ ਕੀ ਪੱਟੀ ਬਨੇ, ਮਰਹਮ ਬਨੇ,
ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।

ਤਤਕਰਾ

ਗੁਲਬਹਾਰੋਂ ਕਾ ਜ਼ਮਾਨਾ ਜਬ ਚਮਨ ਮੇਂ ਆ ਗਿਆ,
ਜਬ ਖ਼ੁਦਾ ਕਾ ਹੁਸਨ, ਔਰਤ ਕੇ ਬਦਨ ਮੇਂ ਆ ਗਿਆ,
ਸ਼ਾਇਰ ਬਨੇ, ਮੁਸੱਵਰ ਬਨੇ, ਕਾਫ਼ਿਰ ਬਨੇ, ਮਹਿਰਮ ਬਨੇ,
ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।

ਦੁਨੀਆ-ਏ-ਹੁਸਨ-ਔ-ਇਸ਼ਕ ਪਰ, 'ਗਰ ਮੁਸੀਬਤ ਆ ਗਈ,
ਜਬ ਸਵਾਲ-ਏ-ਇਸ਼ਕ ਪਰ, ਮਰਨੇ ਕੀ ਨੌਬਤ ਆ ਗਈ,
ਰਾਂਝਾ ਬਨੇ, ਮਜਨੂੰ ਬਨੇ, ਮਿਰਜ਼ਾ ਬਨੇ, 'ਪ੍ਰੀਤਮ' ਬਨੇ,
ਹਮ ਕਭੀ ਸ਼ੋਅਲਾ ਬਨੇ, ਹਮ ਕਭੀ ਸ਼ਬਨਮ ਬਨੇ।

ਤਤਕਰਾ

## 29 - ਸੋਚਣ-ਸ਼ਕਤੀ

ਬਿਸਤਰੇ ਦੇ ਹੇਠ ਧਰਤੀ ਛੁਹ ਸਕਾਂ,
ਪਰ ਇਹ ਧਰਤੀ ਦੇਖਿਆਂ ਦਿਸਦੀ ਨਹੀਂ।
ਅੰਬਰ ਕੋਈ, ਛੱਤ ਦੇ ਪਿੱਛੇ ਲੁਕ ਰਿਹਾ,
ਕੋਈ ਕਾਇਆ ਵੀ ਨਜ਼ਰ ਆਉਂਦੀ ਨਹੀਂ।

ਅੱਖਾਂ ਤਾਂ ਉਹ ਹੀ ਨੇ ਜੋ ਸਨ ਦਿਨ ਸਮੇਂ
ਪਰ ਇਨ੍ਹਾਂ ਵਿਚ ਤਾਣ ਤੱਕਣ ਦਾ ਨਹੀਂ।
ਹੋਰ ਕੁਝ ਕੀ ਦਿਸ ਸਕੇਗਾ ਇਸ ਸਮੇਂ!
ਹੱਥ ਪਸਾਰੇ ਹੱਥ ਵੀ ਦਿਸਦਾ ਨਹੀਂ।

ਹੋਰ ਕੁਝ ਹੋਵੇ ਨਾ ਹੋਵੇ ਨ੍ਹੇਰ ਵਿਚ,
ਸੋਚਣ-ਸ਼ਕਤੀ ਸੋਚ ਨੂੰ ਲੈ ਆਵੰਦੀ।
ਸੋਚ, ਐਸੀ ਹੈ ਕਿ ਨ੍ਹੇਰੇ ਵਿਚ ਵੀ,
ਜਗਮਗਾਉਂਦਾ ਇਕ ਜਹਾਨ ਵਸਾਵੰਦੀ।

ਉਸ ਜਹਾਨ ਦੇ ਵਿਚ ਦੁਨੀਆਂ ਜੰਮਦੀ,
ਉਸ ਜਹਾਨ ਦੇ ਵਿਚ ਦੁਨੀਆਂ ਮਰ ਰਹੀ।
ਪੰਘੂੜੇ ਤੋਂ ਚਿਖਾ ਦੇ ਤਾਈਂ ਜੋ ਵੀ ਨੇ,
ਵੱਖਰੇ ਵੱਖਰੇ ਕੰਮ ਇਹ ਦੁਨੀਆਂ ਕਰ ਰਹੀ।

ਨ੍ਹੇਰ ਵਿਚ ਕੁਝ ਹੋਰ ਤਾਂ ਨਾ ਕਰ ਸਕਾਂ,
ਅੱਧੀ ਰਾਤੀਂ ਬੈਠ ਕੇ ਇਹ ਸੋਚਦਾਂ।
ਓਸ ਦੁਨੀਆਂ ਦਾ ਨਜ਼ਾਰਾ ਲੈਣ ਨੂੰ,
ਇਕ ਸਵੇਰੇ ਦੇ ਲਈ ਹਾਂ ਲੋਚਦਾਂ।

ਤਤਕਰਾ

## 30 – ਸੁਪਨਾ

ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ,
ਅੱਧੀ ਰਾਤੇ, ਪ੍ਰੀਤਾਂ ਜਾਈ, ਸੁੱਤੀ ਪੀੜ ਜਗਾਈ।

ਅੰਬਰ ਦੇ ਵਿਚ ਤੇਰਾ ਚਿਹਰਾ, ਚੰਦ ਬੇ-ਚਾਰਾ ਲੱਗਾ,
ਇਕ ਇਕ ਹੰਝੂ ਤੇਰੀ ਅੱਖ ਦਾ, ਇਕ ਇਕ ਤਾਰਾ ਲੱਗਾ,
ਚਾਨਣੀਆਂ ਸੀ ਮੱਥੇ ਉੱਤੇ, ਗ਼ਮ ਦੀ ਕਾਲ਼ਖ਼ ਲਾਈ,
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਚੰਨ ਚਿਹਰੇ ਦੀ ਧਰਤੀ ਉੱਤੇ, ਚਰਖਾ ਕੋਈ ਚਲਾਏ,
ਹੌਕਿਆਂ ਵਰਗੇ ਲਾਹ ਗਲੋਟੇ, ਗੋਹਟੇ ਭਰਦਾ ਜਾਏ,
ਸੈ ਕੋਹਾਂ, ਸੋਚਾਂ ਦੀ ਤੰਦੀਂ, ਕਿਸੇ ਨੇ ਉਲਝਣ ਪਾਈ,
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਇੰਜ ਲੱਗਾ, ਕਿ ਦੂਰ ਦੁਰੇਡੇ ਉਹ ਚੰਦ ਨੀਵਾਂ ਹੋਇਆ,
ਕੀ ਦਰਿਆ! ਕੀ ਮਾਰੂਥਲ!! ਮੈਂ ਵਿਚੋਂ ਲੰਘ ਖਲੋਇਆ,
ਉਮਰਾਂ ਦੀ ਇਸ ਦੌੜ ਨੇ, ਮੇਰੀ ਵਿੱਥ ਨਾ ਰਤਾ ਘਟਾਈ,
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਫਿਰ ਇਹ ਲੱਗਾ, ਉਹ ਚੰਦ ਆ ਕੇ ਪਰਬਤ ਪਿੱਛੇ ਡਿੱਗਾ,
ਬਣ ‘ਫ਼ਰਿਹਾਦ’ ਮੈਂ ਚੀਰਿਆ ਪਰਬਤ, ਪਰ ਨਾ ਮੈਨੂੰ ਲੱਭਾ,
ਜੀਵਨ ਦੇ ਇਸ ਪਰਬਤ ਦੀ, ਕਿਸ ਨੇ ਕੀ ਬਣਤ ਬਣਾਈ!
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਇਹ ਸੁਪਨਾ ਹੈ ਉਮਰਾਂ ਜੇਡਾ, ਇਹਨੂੰ ਕਿੰਜ ਹਟਾਵਾਂ!
ਜਿੰਦ ਮਿਟਾਇਆਂ ਜੇ ਇਹ ਮੁੱਕੇ, ਤਾਂ ਮੈਂ ਜਿੰਦ ਮਿਟਾਵਾਂ।
ਕੀ ਕਰਾਂਗਾ ਜਿੰਦ ਮਿਟਾ ਕੇ ਵੀ ਜੇ ਮਿਲੀ ਜੁਦਾਈ।
ਤੇਰੀ ਮੇਰੀ ਪ੍ਰੀਤ ਗਵਾਚੀ, ਸੁਪਨਾ ਬਣ ਕੇ ਆਈ।

ਤਤਕਰਾ

## 31 - ਹਮ ਕਲ ਨਾ ਯਹਾਂ ਹੋਂਗੇ

(ਫ਼ਾਂਸੀ ਕੇ ਏਕ ਦਿਨ ਪਹਿਲੇ)

ਹਮ ਕੱਲ ਨਾ ਯਹਾਂ ਹੋਂਗੇ, ਨਾ ਜਾਨੇ ਕਹਾਂ ਹੋਂਗੇ,
ਪਰ ਵਕਤ ਕੇ ਦਾਮਨ ਪਿਹ, ਅਪਨੇ ਭੀ ਨਿਸ਼ਾਂ ਹੋਂਗੇ।

ਜੀਵਨ ਤੋ ਪਹੇਲੀ ਹੈ, ਕਿਸ ਨੇ ਇਸੇ ਜਾਨਾ ਹੈ!
ਹਮ ਇਨਸਾਂ-ਪ੍ਰਸਤੋਂ ਕਾ, ਜਾਨੇ ਕਿਆ ਠਿਕਾਨਾ ਹੈ!
ਵਹਿਸ਼ਤ ਕੇ ਤੂਫ਼ਾਨੋਂ ਮੇਂ,
ਸਾਹਿਲ ਕੋ ਰਵਾਂ ਹੋਂਗੇ।
ਹਮ ਕੱਲ ਨਾ ਯਹਾਂ ਹੋਂਗੇ।

ਜਬ ਕੋਈ ਜ਼ਮਾਨੇ ਮੇਂ, ਹੱਕ ਇਨਸਾਂ ਕਾ ਮਾਰੇਗਾ,
ਜਬ ਅਪਨੀ ਹਿਫ਼ਾਜ਼ਤ ਕੋ, ਇਨਸਾਫ਼ ਪੁਕਾਰੇਗਾ।
ਸ਼ੁਅਲੋਂ ਕੀ ਤਰਹ ਭੜਕੇ,
ਹਰ ਦਿਲ ਕੀ ਜ਼ੁਬਾਂ ਹੋਂਗੇ।
ਹਮ ਕੱਲ ਨਾ ਯਹਾਂ ਹੋਂਗੇ।

ਹਮ ਖ਼ੂਨ ਸੇ ਸੀਂਚੇਂਗੇ, ਉੱਮੀਦ ਕੇ ਗੁਲਸ਼ਨ ਕੋ,
ਇਕ ਆਸ ਨਈ ਦੇਂਗੇ, ਸਹਿਮੇਂ ਹੂਏ ਬਚਪਨ ਕੋ।
ਹਮ ਇਨ ਕੀ ਮੁਸੱਰਤ ਕੇ
ਪੀਛੇ ਹੀ ਨਿਹਾਂ ਹੋਂਗੇ।
ਹਮ ਕੱਲ ਨਾ ਯਹਾਂ ਹੋਂਗੇ।

ਉਸ ਜੀਨੇ ਕਾ ਕਿਆ ਕਹਿਨਾ! ਜੋ ਦਾਗ਼ ਮਿਟਾ ਜਾਏ।
ਉਸ ਮਰਨੇ ਕਾ ਕਿਆ ਕਹਿਨਾ! ਜੋ ਅਮਰ ਬਨਾ ਜਾਏ।
ਦੁਨੀਆਂ ਮੇਂ ਰਹੇਂ ਨਾ ਰਹੇਂ,
ਕਿੱਸੋਂ ਮੇਂ ਬਯਾਂ ਹੋਂਗੇ।
ਹਮ ਕੱਲ ਨਾ ਯਹਾਂ ਹੋਂਗੇ।

ਤਤਕਰਾ

## 32 - ਹਰ ਛਿਣ ਨਵਾਂ ਨਕੋਰ

ਹਰ ਛਿਣ ਨਵਾਂ ਨਕੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।
ਹਰ ਛਿਣ ਹੈ ਕੁਝ ਹੋਰ, ਓ ਪ੍ਰੀਤਮ!
ਹਰ ਛਿਣ ਹੈ ਕੁਝ ਹੋਰ।

ਅੱਖ ਝਮਕਣ ਦੇ ਲਈ, ਓ ਪ੍ਰੀਤਮ!
ਜਿਹੜੀ ਪਲਕ ਝੁਕਾਈ,
ਉਹ ਪਲਕ ਕੁਝ ਹੋਰ ਸੀ, ਪ੍ਰੀਤਮ!
ਜਦ ਮੈਂ ਉਤਾਂਹ ਉਠਾਈ।

ਹਰ ਛਿਣ ਹਰ ਸ਼ੈਅ ਬਦਲੀ ਜਾਵੇ,
ਇਹ ਸਮੇਂ ਦੀ ਤੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਥਿੱਤ, ਵਾਰ ਤੇ ਮਾਹ ਜੋ ਗੁਜ਼ਰੇ,
ਉਹ ਮੁੜ ਕੇ ਨਾ ਆਵੇ।
ਬੇਸ਼ੱਕ ਉਹ ਹੀ ਨਾਮ ਪੁਰਾਣਾ,
ਮੁੜ ਮੁੜ ਕੇ ਦੁਹਰਾਵੇ।

ਇਕ ਨਵਾਂ ਦਿਨ ਲੈ ਕੇ ਆਵੇ,
ਹਰ ਨਵੇਲੀ ਭੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਸਮੇਂ ਦੇ ਚੱਕਰ ਦਾ ਗੋਪੀਆ,
ਕੋਈ ਹੋਰ ਘੁਮਾਵੇ।
ਉਸ ਹੱਥੋਂ ਇਹ ਜੀਵ-ਗੁਲੇਲਾ,
ਬੇਵੱਸ ਘੁੰਮਦਾ ਜਾਵੇ।

ਜਦ ਤਾਈਂ ਨਾ ਇਸ ਦੇ ਹੱਥੀਂ,
ਆ ਜਾਵੇ ਉਹ ਡੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਤਤਕਰਾ

ਬ੍ਰਹਿਮੰਡ- ਉਤਪਤੀ

## 33 - ਹੰਗਾਮਾ?

"ਬ੍ਰਹਿਮੰਡ ਦੇ ਉਤਪਨ ਵੇਲ਼ੇ,
ਇਕ ਹੰਗਾਮਾ ਪੈਦਾ ਹੋਇਆ"।
ਆਖਣ ਵਾਲ਼ੇ ਆਖੀ ਜਾਣ,
ਪਰ ਇਹ ਸਕਦੇ ਨਹੀਂ ਪਛਾਣ:

ਖੂਹ ਦਾ ਡੱਡੂ ਜਾਣ ਨਾ ਸਕਦਾ,
ਸਾਗਰ ਦੇ ਵਿਚ ਕੀ ਕੀ ਬੀਤੇ!
ਸਾਗਰ ਦੀ ਸਾਧਾਰਣ ਹਾਲਤ,
ਉਸ ਨੂੰ ਇਕ ਹੰਗਾਮਾ ਲੱਗੇ।

'ਹਵਾ ਦੀ ਚਾਲ ਇਕ ਹੋ ਜਾਵੇ'
ਇਹ ਨਹੀਂ ਕੁਦਰਤ ਵਿਚ ਹੁੰਦਾ।
ਇਕ ਸਾਧਾਰਣ ਬੰਦਾ ਜੇਕਰ,
ਤੇਜ਼ ਹਵਾ ਨੂੰ ਝੱਲ ਨਾ ਸਕੇ
ਉਸ ਨੂੰ ਇਕ ਹੰਗਾਮਾ ਲੱਗੇ।

ਬੇ-ਸ਼ੁਮਾਰ ਗ੍ਰਹਿ ਮੰਡਲ਼ ਬਣਨਾ,
ਧਰਤੀ ਦੇ ਇਨਸਾਨ ਦੇ ਤਾਈਂ,
ਭਾਵੇਂ ਇਕ ਹੰਗਾਮਾ ਲੱਗੇ,
ਪਰ ਜਿਸ 'ਤਾਕਤ' ਨੇ ਉਹ ਸਿਰਜੇ,
ਸਾਧਾਰਣ ਕਿਰਿਆ ਸੀ ਉਸਦੀ,
ਉਹ ਕੋਈ ਹੰਗਾਮਾ ਨਾ ਸੀ।

ਤਤਕਰਾ

ਇਹ ਰਵਾਇਤ ਹੈ ਕਿ ਜਿਸ ਕਲਮ ਨਾਲ 'ਮੌਤ ਦੀ ਸਜ਼ਾ' ਦਾ ਹੁਕਮ ਲਿਖਿਆ ਜਾਂਦਾ ਹੈ, ਉਸ ਨੂੰ ਓਸੇ ਵੇਲੇ ਤੋੜ ਦਿੱਤਾ ਜਾਂਦਾ ਹੈ।

## 34 - ਕਲਮ ਨੂੰ

ਐ ਕਲਮ! ਜਦ ਤੈਨੂੰ ਟੁੱਟਦੇ ਦੇਖਿਆ,
ਮਾਨੁੱਖਤਾ ਦੇ ਦਮ ਨੂੰ ਘੁੱਟਦੇ ਦੇਖਿਆ।

ਜੱਗ ਤੋਂ ਪਹਿਲਾਂ ਹੋਈ ਤੇਰੀ ਉਤਪਤੀ,
"ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ।
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ,
ਉਰਝਿ ਰਹਿਓ ਸਭ ਸੰਗ ਅਨੂਪ ਰੂਪਾਵਤੀ।"

ਸਭ ਸਿਆਣੇ ਆਖਦੇ ਨੇ ਇਸ ਤਰ੍ਹਾਂ,
"ਧਰਿਆ ਭੁੱਲੇ, ਪਰ ਨਾ ਲਿਖਿਆ ਭੁੱਲਦਾ।"
ਵੇਦਾਂ ਤੋਂ ਲੈ ਕੇ, ਜੋ ਵਿੱਦਿਆ ਤੂੰ ਲਿਖੀ,
ਕੋਈ ਓੜਕ ਨਹੀਂ ਹੈ, ਉਹਦੇ ਮੁੱਲ ਦਾ।

ਰੱਬ ਦੇ ਵਿਸਮਾਦ ਹੁਸਨਾਂ ਦੇ ਲਈ,
ਅੱਖਰਾਂ ਨੂੰ ਲੈ, ਪ੍ਰੋਏ ਹਾਰ ਤੂੰ।
ਜਦ ਇਲਾਹੀ ਬਾਣੀ ਤੈਨੂੰ ਮਿਲ ਗਈ,
ਹਰ ਗਲੀ ਕੂਚੇ 'ਚ, ਵੰਡੇ ਪਿਆਰ ਤੂੰ।

ਦੁਨੀਆਂ ਦੇ ਖੋਜੀ ਮਨੁੱਖ ਦੇ ਵਾਸਤੇ,
ਗਿਆਨ ਤੇਰਾ, ਅਰਸ਼ ਬਣ ਕੇ ਵਿਛ ਗਿਆ,
ਤੇਰੀ ਤਾਕਤ ਤੇ ਸਿਆਣਪ ਸਾਹਮਣੇ,
ਇਹ ਅਰਸ਼ ਵੀ ਫ਼ਰਸ਼ ਬਣ ਕੇ ਵਿਛ ਗਿਆ

ਜੋ ਵੀ ਤੇਰੇ ਨਾਲ ਪਾਵੇ ਦੋਸਤੀ,
ਚੰਗਾ ਮਾੜਾ ਤੂੰ ਨਹੀਂ ਵਿਚਾਰਦੀ।
ਅਮਰ ਕਰ ਦੇਵੇਂ ਤੂੰ ਉਹਦੇ ਨਾਮ ਨੂੰ,
ਤੈਨੂੰ ਨਹੀਂ ਪਰਵਾਹ ਚੱਜ-ਆਚਾਰ ਦੀ।

ਤਤਕਰਾ

ਰਾਤਾਂ ਦੀ ਸਿਆਹੀ ਤੋਂ ਵੀ ਇਕ ਚਮਕ ਲੈ,
ਭੇਟ ਕਰ ਦਿੱਤੀ, ਤੂੰ ਆਪਣੀ ਪ੍ਰੀਤ ਨੂੰ,
ਚੰਨ ਦੇ ਮੱਥੇ ਪਸੀਨਾ ਆ ਗਿਆ,
ਸੁਣ ਕੇ ਤੇਰੇ ਬਿਰਹੜਾ ਦੇ ਗੀਤ ਨੂੰ।

ਜ਼ੁਲਮ ਦੀ ਨ੍ਹੇਰੀ ਲਿਆਵਣ ਵਾਸਤੇ,
ਜ਼ਾਲਮਾਂ ਦੇ ਜਦ ਇਰਾਦੇ ਮਚਲਦੇ,
ਓਸ ਵੇਲੇ ਉਹਨੂੰ ਰੋਕਣ ਵਾਸਤੇ,
ਗਿਆਨ ਅਤੇ ਜਾਂ ਡਰ, ਇਰਾਦਾ ਬਦਲਦੇ।

ਪੜ੍ਹ ਕੇ, ਜੇ ਇਕ ਸੱਟ ਕਲੇਜੇ ਲੱਗ ਜਾਏ,
ਨਫ਼ਰਤਾਂ ਮਿਟ ਜਾਣ, ਸੁੱਚੇ ਪਿਆਰ ਤੋਂ,
ਐਵੇਂ ਨਹੀਂ ਸੀ ਇਹ ਕਿਸੇ ਨੇ ਆਖਿਆ,
"ਕਲਮ ਤਾਕਤਵਰ ਹੁੰਦੀ ਤਲਵਾਰ ਤੋਂ।"

ਐ ਕਲਮ! ਤੂੰ ਇਕ ਗੱਲ ਇਹ ਜਾਣ ਲੈ,
'ਵੀਰਤਾ ਦੇ ਗੁਣਾਂ ਨੂੰ ਗਾਉਣਾ' ਹੋਰ ਹੈ,
ਆਪਣੇ ਲਾਲਚ, ਆਪਣੀ ਸੋਭਾ ਵਾਸਤੇ,
'ਦੁਸ਼ਮਣੀ ਦੇ ਲਈ ਉਕਸਾਉਣਾ' ਹੋਰ ਹੈ।

ਤੂੰ ਜਦੋਂ 'ਵਾਰਾਂ' ਲਿਖੇਂ, ਉਕਸਾਉਣ ਲਈ,
ਉਹਦੇ ਵਿਚ ਤੂੰ ਨਾਮਣਾ ਨਹੀਂ ਖੱਟਦੀ,
ਆਪਣੇ ਹੱਥੀਂ ਲੈ, ਦੁਸ਼ਮਣ ਤਲਵਾਰ ਨੂੰ,
ਐ ਕਲਮ! ਤੂੰ ਆਪਣੀ ਜੜ੍ਹ ਖ਼ੁਦ ਪੱਟਦੀ।

ਜ਼ੁਲਮ ਦੀ ਤਲਵਾਰ ਨੇ, ਤੈਨੂੰ ਕਦੇ
ਜਿਹਲ ਵਿਚ ਪਾ ਕੇ ਪੀਹਾਈਆਂ ਚੱਕੀਆਂ,
ਤੇ ਕਦੀ, ਤੱਤੀ ਤਵੀ ਤੇ ਸਾੜਿਆ,
ਸਿਰ ਦੇ ਵਿਚ ਵੀ ਪਾਈਆਂ ਰੇਤਾਂ ਤੱਤੀਆਂ

ਤਤਕਰਾ

ਤੇਰੀ ਉਡਾਰੀ ਨੂੰ ਰੋਕਣ ਵਾਸਤੇ,
ਲੱਖ ਮਣਾਂ ਲੋਹਾ ਜ਼ੰਜੀਰਾਂ ਬਣ ਗਿਆ।
ਕੋਈ ਆਪਣੇ ਦੇਸ਼ ਤੋਂ ਕੱਢਿਆ ਗਿਆ,
ਤੇ ਕੋਈ ਸੀ ਗੋਲੀਆਂ ਨਾਲ ਛਣ ਗਿਆ।

ਐ ਕਲਮ! ਜਦ ਤੈਨੂੰ ਟੁੱਟਦੇ ਦੇਖਿਆ,
ਮਾਨੱਖਤਾ ਦੇ ਦਮ ਨੂੰ ਘੁੱਟਦੇ ਦੇਖਿਆ।
ਤੂੰ ਜਦੋਂ ਸ਼ਾਹਾਂ ਦੇ ਵਿਹੜੇ ਜਾ ਵੜੀ,
ਮੈਂ ਤੇਰੀ ਇੱਜ਼ਤ ਨੂੰ ਲੁੱਟਦੇ ਦੇਖਿਆ।

ਐ ਕਲਮ! ਮਾਨੱਖਤਾ ਦੇ ਵਾਸਤੇ,
ਵਾਰ ਦੇਵੀਂ ਸਭ ਕੁਝ, ਜੇ ਪੈ ਜਾਏ ਵਾਰਨਾ
ਜਦ ਕਦੀ ਬੇ-ਵੱਸ ਰਹੇਂ ਕੁਝ ਕਰਨ ਤੋਂ,
ਭੁਲੀਂ ਨਾ, ਤੂੰ 'ਹਾਅ ਦਾ ਨਾਅਰਾ ਮਾਰਨਾ'।

ਨਾ ਕਿਸੇ ਸ਼ਮਸ਼ੀਰ ਨੂੰ ਜਗਾਈਂ ਤੂੰ,
ਨਾ ਹੀ ਜ਼ੁਲਮੀਂ ਤੀਰ ਨੂੰ ਜਗਾਈਂ ਤੂੰ,
ਜ਼ੁਲਮ ਨੂੰ ਜੜ੍ਹਾਂ ਤੋਂ ਪੁੱਟਣ ਵਾਸਤੇ,
ਸੁੱਤੀ ਪਈ ਜ਼ਮੀਰ ਨੂੰ ਜਗਾਈ ਤੂੰ।

ਪਿਆਰ ਦੇ ਇਕਰਾਰ ਦਾ, ਸੰਦੇਸ਼ ਦੇ,
ਹੌਸਲਾ ਦੇ ਦੇ, ਝਨਾਵਾਂ ਤਰਨ ਦਾ,
ਜੀਂਦੇ ਜੀਅ, ਜੇਕਰ ਵਸੀਲਾ ਨਾ ਬਣੇ,
ਪਿਆਰ ਲਈ ਜੇ ਮਰਨਾ ਪਏ, ਤਾਂ ਮਰਨ ਦਾ।

ਹਾਸਿਆਂ ਦੇ ਮੀਂਹ ਵਰ੍ਹਾ ਦੇ ਇਸ ਤਰ੍ਹਾਂ,
ਝੋਰਿਆਂ ਦੇ ਸੋਕਿਆ ਦਾ, ਕੰਮ ਕੀ!
ਇੱਕੋ ਹੀ ਤਾਂ ਜ਼ਿੰਦਗੀ ਦਾ ਵਰਕ ਹੈ,
ਹੰਝੂਆਂ ਦੇ ਡੋ੍ਕਿਆਂ ਦਾ ਕੰਮ ਕੀ!

ਤਤਕਰਾ

ਕਰ ਸ਼ਲਾਘਾ, ਤੂੰ ਕਿਸੇ ਦੇ ਹੁਨਰ ਦੀ,
ਦੇ ਦਲਾਸੇ, ਟੁੱਟਦੀ ਹੋਈ ਧੀਰ ਨੂੰ,
ਲੋਰੀਆਂ ਵਿਚ, ਮਾਂ ਦੀ ਮਮਤਾ ਘੋਲ ਦੇ,
ਘੋੜੀਆਂ ਗਾ, ਘੋੜੀ ਚੜ੍ਹਦੇ ਵੀਰ ਨੂੰ।

ਕਰ ਗਿਲੇ ਸ਼ਿਕਵੇ, ਨਹੋਰੇ ਮਾਰ ਲੈ,
ਰੋਕਾਂ, ਟੋਕਾਂ ਨਾਲ ਵਾਦ-ਵਿਵਾਦ ਕਰ,
ਪਰ ਕਿਸੇ ਦੀ ਜ਼ਾਤੀ ਜ਼ਿੰਦਗੀ ਦੇ ਲਈ,
ਸਾਰਿਆਂ ਦਾ ਵਕਤ ਨਾ ਬਰਬਾਦ ਕਰ।

ਨਖ਼ਰਿਆਂ ਦੇ ਨਾਲ, ਦਿਲ ਪ੍ਰਚਾ ਲਵੀਂ,
ਰੋਸਿਆਂ ਦੀ ਗੱਲ, ਕੋਈ ਨਾ ਕਰੀਂ,
ਰੋਸਿਆਂ ਤੋਂ ਗੱਲ ਵਧੇਗੀ ਦੂਰ ਤਕ,
ਰੋਸਿਆਂ ਨੂੰ ਤੂੰ ਸਦਾ ਪਾਸੇ ਧਰੀਂ।

ਐ ਕਲਮ! ਮੈਂ ਤੇ ਬਸ ਇਹ ਹੀ ਮੰਗਦਾਂ,
ਹੋ ਜਾਏਂ ਉੱਚੀ, ਤੂੰ ਸਭ ਸੰਸਾਰ ਤੋਂ,
ਦੁਨੀਆਂ ਵਿਚ ਤੇਰਾ ਹੀ ਸਿੱਕਾ ਚੱਲ ਪਏ,
ਤੈਨੂੰ ਤਾਕਤਵਰ ਦੇਖਾਂ, ਤਲਵਾਰ ਤੋਂ।

ਤਤਕਰਾ

## 35 - ਕੀ ਕਰਾਂ?

ਜ਼ਿੰਦਗੀ ਦੇ ਨਾਲ ਸਮਝੌਤਾ ਕਰਾਂ?
ਜਾਂ ਮੈਂ ਦਿਲ ਹੱਕਦਾਰ ਦੇ ਆਖੇ ਮਰਾਂ?
ਅਸਲੀਅਤ ਦੀ ਹਰ ਕੁੜੱਤਣ ਪੀ ਲਵਾਂ?
ਜਾਂ ਖ਼ੁਸ਼ੀ ਲਈ ਜ਼ਹਿਰ ਹੋਠਾਂ ‘ਤੇ ਧਰਾਂ?

ਸ਼ਖ਼ਸ ਦੇ ਜਜ਼ਬਾਤ ਕੁਚਲਣ ਵਾਲੀਆਂ,
ਆਦਮੀ ਦੀ ਜ਼ਾਤ ਕੁਚਲਣ ਵਾਲੀਆਂ,
ਭੁੱਖ ਤੇ ਖ਼ੁਦ-ਗ਼ਰਜ਼ੀਆਂ ਨਾ ਬਦਲੀਆਂ,
ਆਦਿ ਤੋਂ ਹੁਣ ਤਕ ਨੇ ਇਹ ਓਸੇ ਤਰ੍ਹਾਂ।

ਇਹ ਜੋ ਰਾਹੀ ਫਿਰ ਰਹੇ ਬ੍ਰਹਿਮੰਡ ਦੇ,
ਤੇਰੇ ਮੇਰੇ ਲਈ ਨੇ ਦੁੱਖ ਸੁਖ ਵੰਡਦੇ,
ਇਹ ਪੰਖੇਰੂ ਕੌਣ ਪਿੰਜਰੇ ਪਾ ਸਕੇ?
ਉੱਡਦੇ ਫਿਰਦੇ ਸਦਾ ਜੋ ਬਿਨ ਪਰਾਂ।

ਕੌਣ ਕਹਿੰਦਾ ਹੈ ਕਿ ਸਤਿਜੁਗ ਸੀ ਕਦੇ?
ਰਾਜਾ ਤੇ ਪਰਜਾ ਬਰਾਬਰ ਵੀ ਕਦੇ?
ਕਿੱਥੋਂ ਆਏ, ਮਹਿਲ ਤੇ ਰਣ-ਭੂਮੀਆਂ?
ਕੱਲ੍ਹ ਦੁੱਖ ਜਰਿਆ ਕਿਸੇ, ਅੱਜ ਮੈਂ ਜਰਾਂ।

ਇਸ ਦੁਰਾਹੇ ‘ਤੇ ਜਦੋਂ ਕੋਈ ਆਏਗਾ,
ਗ਼ਲਤ ਰਾਹੇ ਤੁਰਿਆ ਤਾਂ ਮਿਟ ਜਾਏਗਾ,
ਹਰ ਮੁਸਾਫ਼ਿਰ ਨੇ ਹੀ ਪ੍ਰੀਤਮ! ਆਖ਼ਰੀ,
ਛੱਡਣੀ ਇਕ ਰੋਜ਼ ਦੁਨੀਆਂ ਦੀ ਸਰਾਂ।

ਤਤਕਰਾ

## 36 – ਕੁਝ ਖ਼ਿਆਲ

ਗੰਦਗੀ 'ਚੋਂ ਉੱਠ, ਉੱਚਾ ਖੜ੍ਹ ਗਿਆ,
ਤੇਰੀ ਸੁੰਦਰਤਾ ਦਾ ਸੂਰਜ ਚੜ੍ਹ ਗਿਆ,
ਓ ਕੰਵਲ! ਅੱਜ ਤੇਰੀ ਹਿੰਮਤ ਦੇਖ ਕੇ,
ਗੰਧਲੇ ਪਾਣੀ ਦਾ ਚਰਚਾ, ਹੜ੍ਹ ਗਿਆ।

ਕਿਰਣ, ਕਿਸਮਤ ਨੇ ਖਿਡਾਇਆ ਹੈ ਸਦਾ,
ਆਪਣੀ ਮਰਜ਼ੀ 'ਤੇ ਖਿੜਾਇਆ ਹੈ ਸਦਾ,
ਕਠ-ਪੁਤਲੀ ਦੇ ਵਾਂਗ ਤੈਨੂੰ, ਓ ਕੰਵਲ!
ਜਿੱਦਾਂ ਜੀਅ ਚਾਹਿਆ ਨਚਾਇਆ ਹੈ ਸਦਾ।

ਗੰਦਗੀ 'ਚੋਂ ਨਿਕਲ, ਕਾਹਦਾ ਹੁੱਬਣਾ!
ਤੇਰੀ ਸੁੰਦਰਤਾ ਦਾ ਸੂਰਜ ਡੁੱਬਣਾ,
ਓ ਕੰਵਲ! ਹਿੰਮਤ ਤਾਂ ਤੇਰੀ ਸੀ ਬੜੀ,
ਪਰ ਤੇਰੇ ਪੱਤਿਆਂ ਓਸੇ ਪਾਣੀ ਡਿੱਗਣਾ।

ਓ ਪ੍ਰੀਤਮ! ਸ਼ਾਨ ਦੀ ਇੱਕੋ ਘੜੀ,
ਆਦਮੀ ਦੀ ਉਮਰ ਵਿਚ ਹੁੰਦੀ ਬੜੀ,
ਇਕ ਪਲ ਦੀ ਜ਼ਿੰਦਗੀ ਵੀ, ਜ਼ਿੰਦਗੀ,
ਕੀ ਹੋਇਆ, ਜੇ ਮੌਤ ਲਾਗੇ ਹੈ ਖੜੀ?

ਉਸ ਦੁਰਾਹੇ 'ਤੇ ਹਾਂ ਮੁੜ ਕੇ ਪਹੁੰਚਿਆ,
ਸਾਂ ਜਿਹੜੀ ਥਾਂ ਤੋਂ ਮੈਂ ਪਹਿਲਾਂ ਭਟਕਿਆ,
ਅੱਜ ਵੀ, ਰਸਤਾ ਦਿਖਾਵਣ ਦੇ ਲਈ,
ਪਹਿਲੇ ਵਾਲਾ ਹੀ ਹੈ ਰਹਿਬਰ ਮਿਲ ਪਿਆ।

ਹੋਸ਼ ਦੇ ਵਿਚ ਮਸਤ, ਗਾਉਂਦਾ ਮੈਂ ਫਿਰਾਂ,
ਅਣਖ ਸੁੱਤੀ ਨੂੰ, ਜਗਾਉਂਦਾ ਮੈਂ ਫਿਰਾਂ,
ਮੇਰੀ ਮਸਤੀ ਨਸ਼ਿਆਂ ਦੀ ਮੁਹਤਾਜ ਨਹੀਂ,
ਪਾਣੀਆਂ ਦੀ ਅੱਗ ਬੁਝਾਉਂਦਾ ਮੈਂ ਫਿਰਾਂ।

ਤਤਕਰਾ

ਜ਼ਿੰਦਗੀ ਦਾ ਵੱਲ ਸਿਖਾਏ, ਪਿਆਰ ਹੈ,
ਡਿੱਗਿਆਂ ਨੂੰ ਗਲ ਲਗਾਏ, ਪਿਆਰ ਹੈ,
ਜਾਤਾਂ ਤੇ ਨਸਲਾਂ ਤੋਂ ਹੋ ਕੇ ਅੰਨ੍ਹਿਆਂ,
ਫੇਰ ਵੀ ਜੋ ਰਾਹ ਦਿਖਾਏ, ਪਿਆਰ ਹੈ।

ਪਿਆਰ ਸੱਚੇ ਰੱਬ ਦੀ ਸੌਗਾਤ ਹੈ,
ਪਿਆਰ ਦੇ ਸਿਰ 'ਤੇ ਹੀ ਕਾਇਨਾਤ ਹੈ,
ਕੁਰਬਾਨੀਆਂ ਦੀ ਭੀਖ, ਜਿਹੜਾ ਮੰਗਦਾ,
ਐ ਪ੍ਰੀਤਮ! ਪਿਆਰ ਨਹੀਂ ਜਜ਼ਬਾਤ ਹੈ।

ਆਵਾਗਉਣ ਦਾ ਜੋ ਇਹ ਸਵਾਲ ਹੈ,
ਮਾਨੁਖਤਾ ਦੀ ਬੜੀ ਪੁਰਾਣੀ ਭਾਲ ਹੈ,
ਮੈਂ ਇਹਨੂੰ ਮੰਨਾਂ, ਨਾ ਮੰਨਾਂ, ਦੋਸਤੋ!
ਉਮੀਦ ਰੱਖਣ ਲਈ ਇਹ ਚੰਗਾ ਖ਼ਿਆਲ ਹੈ।

ਮੈਂ ਬਿਨਾਂ ਇਨਸਾਫ਼ ਦੇ ਕਿੰਜ ਜੀਅ ਲਵਾਂ!
ਲੋਭੀ ਪਿਆਰਾਂ ਦਾ ਸਹਾਰਾ ਕੀ ਲਵਾਂ!
ਮੈਂ ਕਦੇ ਮੀਰਾਂ, ਕਦੇ ਸੁਕਰਾਤ ਹਾਂ,
ਮੈਂ ਪਿਆਲਾ ਜ਼ਹਿਰ ਦਾ ਵੀ ਪੀ ਲਵਾਂ।

ਪੈਰ ਅੱਗੇ ਰੱਖਿਆ ਹੈ, ਹੋਰ ਰੱਖ,
ਹੌਸਲੇ ਆਪਣੇ ਦੇ ਉੱਤੇ, ਡੋਰ ਰੱਖ,
ਵਿਚ ਤੂਫ਼ਾਨਾਂ ਵੀ ਪ੍ਰੀਤਮ! ਆਪਣੀ,
ਵਰ੍ਹਨ ਵਾਲੇ ਬੱਦਲਾਂ ਦੀ ਤੋਰ ਰੱਖ।

ਐ ਪ੍ਰੀਤਮ! ਪਿਆਰ ਦੇ ਕਾਬਲ, ਤੂੰ ਬਣ,
ਪਿਆਰ ਦੇ ਇਕਰਾਰ ਦੇ ਕਾਬਲ, ਤੂੰ ਬਣ,
ਇਹ ਵੀ ਬਣ ਜਾਵੇਂ ਤਾਂ ਵੱਡੀ ਗੱਲ ਨਹੀਂ,
ਫਿਰ ਜ਼ਰਾ ਇਤਬਾਰ ਦੇ ਕਾਬਲ, ਤੂੰ ਬਣ।

ਪੱਥਰਾਂ ਤੋਂ ਗਰਦ ਬਣ ਕੇ ਤਾਂ ਦਿਖਾ!
ਤੂੰ ਜ਼ਰਾ ਹਮਦਰਦ ਬਣ ਕੇ ਤਾਂ ਦਿਖਾ!
ਸੱਚ ਨੂੰ ਫਾਂਸੀ 'ਤੇ ਚੜ੍ਹਦਾ ਦੇਖ ਕੇ,
ਇਕ ਬਾਗ਼ੀ-ਮਰਦ ਬਣ ਕੇ ਤਾਂ ਦਿਖਾ।

ਤਤਕਰਾ

ਸਾਥੀਓ! ਤੇ ਪਿਛੋਂ ਆਵਣ ਵਾਲਿਓ!!
ਨਫ਼ਰਤਾਂ ਨੂੰ ਪ੍ਰੇਮ ਅੰਦਰ ਢਾਲਿਓ,
ਜ਼ਿੰਦਗੀ ਦੇ ਨਾਲ ਆਸਾਂ ਬਹੁਤ ਨੇ,
ਜ਼ਿੰਦਗੀ ਨੂੰ ਭਲਕ ਲਈ ਸੰਭਾਲਿਓ।

ਗ਼ਰੀਬ ਨੂੰ ਅਮੀਰ ਨੇ ਹੈ ਮਾਰਿਆ,
ਨਫ਼ਰਤਾਂ ਦੇ, ਤੀਰ ਨੇ ਹੈ ਮਾਰਿਆ,
ਅੱਜ ਸਾਨੂੰ ਬੜ੍ਹਕਦੇ ਸ਼ੇਰਾਂ ਨਹੀਂ,
ਸੁੱਤੀ ਪਈ ਜ਼ਮੀਰ ਨੇ ਹੈ ਮਾਰਿਆ।

ਨਾ ਕਿਸੇ ਸ਼ਮਸ਼ੀਰ ਨੂੰ ਜਗਾ ਦਿਓ,
ਨਾ ਹੀ ਜ਼ੁਲਮੀ ਤੀਰ ਨੂੰ ਜਗਾ ਦਿਓ,
ਜ਼ੁਲਮ ਨੂੰ ਜੜ੍ਹਾਂ ਤੋਂ ਪੁੱਟਣ ਵਾਸਤੇ,
ਸੁੱਤੀ ਪਈ ਜ਼ਮੀਰ ਨੂੰ ਜਗਾ ਦਿਓ।

ਨਫ਼ਰਤਾਂ ਨੂੰ ਠੱਲ੍ਹ, ਲੱਭ ਸਕਦੇ ਨਹੀਂ?
ਜੀਣ ਦਾ ਕੁਝ ਵੱਲ, ਲੱਭ ਸਕਦੇ ਨਹੀਂ?
ਤੂੰ ਤੇ ਮੈਂ ਜੇ 'ਕੱਠੇ ਬਹਿ ਕੇ ਸੋਚੀਏ,
ਕਿਹੜੀ ਸ਼ੈਅ ਦਾ ਹੱਲ ਲੱਭ ਸਕਦੇ ਨਹੀਂ?

ਤਤਕਰਾ

## 37 - ਖ਼ੁਦਕੁਸ਼ੀ ਸੇ ਪਹਿਲੇ

ਖ਼ੁਸ਼ੀਓਂ ਕੇ ਰਾਸਤੇ ਸੇ ਜਬ ਕੋਈ ਭਟਕ ਜਾਏ,
ਬੇਚੈਨੀਓਂ ਕੀ ਮੰਜ਼ਿਲ ਖ਼ੁਦਕੁਸ਼ੀ ਤੋ ਹੈ।
ਦੁਨੀਆਂ ਕੀ ਹਰਕਤੋਂ ਨੇ, ਨਾ-ਖ਼ੁਸ਼ੀਆਂ ਦੀਂ ਹਮੇਂ,
ਅਬ ਖ਼ੁਦਕੁਸ਼ੀ ਕਾ ਕਾਰਨ ਹਰ ਨਾ-ਖ਼ੁਸ਼ੀ ਤੋ ਹੈ।

ਮਰਨੇ ਸੇ ਪਹਿਲੇ ਆਜ ਮੈਂ ਆਪਨੀ ਕਿਤਾਬ-ਏ-ਅਕਲ,
ਇਕ ਸਰਸਰੀ ਨਿਗਾਹ ਸੇ ਪੜ੍ਹ ਲੂੰ ਤੋ ਫਿਰ ਚਲੂੰ,
ਏਕ ਏਕ ਵਰਕ ਲਿੱਖਾ, ਤਜਰਬਾਤ ਕੀ ਬਿਨਾਹ ਪਿਹ,
ਯਿਹ ਏਕ ਬਾਰ ਜ਼ੇਰ-ਏ-ਨਜ਼ਰ ਕਰ ਲੂੰ ਤੋ ਫਿਰ ਚਲੂੰ।
ਏਕ ਏਕ ਵਰਕ ਪੀਛੇ ਕੋ ਉਲਟਾ ਤੋ ਯੂੰ ਲਗਾ,
ਸੁਰੰਗ-ਏ-ਅਕਲ ਕੇ ਉਸ ਤਰਫ਼ ਇਕ ਰੌਸ਼ਨੀ ਤੋ ਹੈ।
ਦੁਨੀਆਂ ਕੀ ਹਰਕਤੋਂ ਨੇ, ਨਾ-ਖ਼ੁਸ਼ੀਆਂ ਦੀਂ ਹਮੇਂ,
ਅਬ ਖ਼ੁਦਕੁਸ਼ੀ ਕਾ ਕਾਰਨ ਹਰ ਨਾ-ਖ਼ੁਸ਼ੀ ਤੋ ਹੈ।

ਇਕ ਮੋੜ ਜ਼ਿੰਦਗੀ ਕਾ ਐਸਾ ਭੀ ਦੇਖਾ ਜਬ,
ਸਫ਼ਲਤਾ ਕੇ ਪੈਮਾਨੇ ਸੇ ਨਾਪੀ ਥੀ ਜ਼ਿੰਦਗੀ।
ਨਾ-ਕਾਮਯਾਬੀਓਂ ਕੋ ਜ਼ਿੱਲਤ ਸਮਝ ਗਏ,
ਐਸੇ ਖ਼ਿਆਲਾਤ ਨੇ ਛੀਨੀ ਥੀ ਹਰ ਖ਼ੁਸ਼ੀ।
ਹਮ ਜ਼ਿੱਲਤ-ਏ-ਹਯਾਤ ਕੇ ਪੰਜੇ ਮੇਂ ਯੂੰ ਫਸੇ,
ਰਾਹ-ਏ-ਨਿਜਾਤ ਅਪਨਾ ਕੁਛ ਭੀ ਨਹੀਂ ਤੋ ਹੈ।
ਦੁਨੀਆਂ ਕੀ ਹਰਕਤੋਂ ਨੇ, ਨਾ-ਖ਼ੁਸ਼ੀਆਂ ਦੀਂ ਹਮੇਂ,
ਅਬ ਖ਼ੁਦਕੁਸ਼ੀ ਕਾ ਕਾਰਨ ਹਰ ਨਾ-ਖ਼ੁਸ਼ੀ ਤੋ ਹੈ।

ਤਤਕਰਾ

ਬੱਚੇ ਥੇ, ਹਰ ਇਕ ਖੇਲ ਹੀ ਬਸ ਅਪਨਾ ਕਾਮ ਥਾ,
ਉਸ ਕਾ ਨਤੀਜਾ ਕਿਆ ਹੈ, ਇਸ ਕੀ ਨਾ ਥੀ ਖ਼ਬਰ।
ਵੋਹ ਤਿਤਲੀਆਂ ਪਕੜਨਾ, ਉਛਲਨਾ ਔ ਕੂਦਨਾ,
ਜਜ਼ਬਾਤ ਯਾ ਜ਼ਖ਼ਮ ਕੇ ਦੁੱਖ ਕਾ ਭੀ ਨਾ ਥਾ ਡਰ।
ਯਹੀ ਏਕ ਰਾਜ਼ ਹੈ ਕਿ, ਗ਼ਮ-ਏ-ਜ਼ਿੰਦਗੀ ਨਾ ਥਾ,
'ਅੰਜਾਮ' ਕੇ ਜਹਾਂ ਮੇਂ ਇਕ ਦਰਦ ਹੀ ਤੋ ਹੈ।
ਅਪਨੀ ਹੀ ਹਰਕਤੋਂ ਨੇ ਨਾ-ਖ਼ੁਸ਼ੀਆਂ ਦੀਂ ਹਮੇਂ,
ਅਬ ਖ਼ੁਸਕੁਸ਼ੀ ਕਾ ਕਾਰਨ ਹਰ ਨ-ਖ਼ੁਸ਼ੀ ਤੋ ਹੈ।

"ਵੋਹ ਕਾਮ ਨਾ ਕਰ, ਜਿਸ ਸੇ ਕੋਈ ਫ਼ਾਇਦਾ ਨਾ ਹੋ।"
ਐ ਮੇਰੀ ਅਕਲ ਤੁਮ ਨੇ ਕਿਉਂ ਯਿਹ ਸਿਖਾ ਦੀਆ?
ਇਕ ਐਸੀ ਕਸ਼ਮਕਸ਼ ਸੇ ਬੇਚੈਨੀਆਂ ਮਿਲੀਂ,
ਤੁਝ ਕੋ ਬੜ੍ਹਾਨੇ ਕਾ ਯਿਹ ਤੁਮ ਨੇ ਸਿਲਾ ਦੀਆ।
ਅਪਨੀ ਹੀ ਜ਼ਿੰਦਗੀ ਸੇ, ਨਾ-ਵਾਕਿਫ਼ ਰਹੇ ਹੈਂ ਹਮ,
ਅਪਨੇ ਲੀਏ ਭੀ ਜ਼ਿੰਦਗੀ ਇਕ ਅਜਨਬੀ ਤੋ ਹੈ।
ਅਪਨੀ ਹੀ ਹਰਕਤੋਂ ਨੇ ਨਾ-ਖ਼ੁਸ਼ੀਆਂ ਦੀਂ ਹਮੇਂ,
ਅਬ ਖ਼ੁਸਕੁਸ਼ੀ ਕਾ ਕਾਰਨ ਹਰ ਨ-ਖ਼ੁਸ਼ੀ ਤੋ ਹੈ।

ਤਤਕਰਾ

## 38 – ਗ਼ਰੀਬ ਔਰਤ

ਕਦੇ ਮਰਦ ਕਦੇ ਬੱਚਿਆਂ ਦੇ ਲਈ,
ਆਪਣੀ ਰੂਹ ਗਵਾ ਲੈਦੀ ਹੈ,
ਕਦੇ ਕਿਸੇ ਜਰਵਾਣੇ ਹੱਥੋਂ,
ਆਪਣੀ ਪੱਤ ਲੁਟਾ ਲੈਂਦੀ ਹੈ।

ਆਪਣੀ ‘ਜੀਵਨ-ਲੋਚ’ ਦੀ ਖ਼ਾਤਿਰ,
ਆਪਣੀ ਉਮਰ ਭੁਲਾ ਲੈਂਦੀ ਹੈ।
ਉਮਰੋਂ ਵੱਡੇ ਛੋਟੇ ਨੂੰ ਵੀ,
ਆਪਣੇ ਪੱਲੇ ਪਾ ਲੈਂਦੀ ਹੈ।

ਸਾਰਾ ਦਿਨ ਮਜ਼ਦੂਰੀ ਕਰਕੇ,
ਇਕ-ਦੋ-ਟਕਾ ਕਮਾ ਲੈਂਦੀ ਹੈ।
ਭੁੱਖ ਮਿਟਾਣ ਦੇ ਜੁਰਮ ਦੇ ਬਦਲੇ,
ਸਾਰੀ ਉਮਰ ਸਜ਼ਾ ਲੈਂਦੀ ਹੈ।

ਆਸ, ਕਿਸੇ ਦਿਸ-ਹੱਦੇ ਵਰਗੀ,
ਜਦ ਮਨ ਵਿਚ ਵਸਾ ਲੈਦੀ ਹੈ।
ਹੋਰ ਮਰਦ ਪੈਦਾ ਕਰਨ ਲਈ,
ਆਪਣੀ ਜ਼ਾਤ ਮਿਟਾ ਲੈਂਦੀ ਹੈ।

ਜਿਸਮਾਨੀ ਮੁਸ਼ੱਕਤ ਕਰਕੇ,
ਆਪਣਾ ਮਨ ਬੌਖਲਾ ਲੈਂਦੀ ਹੈ।
ਭਰ ਜਵਾਨੀ ਵਿਚ ਹੀ ਆਪਣੀ,
ਸਾਰੀ ਉਮਰ ਲੰਘਾ ਲੈਂਦੀ ਹੈ।

ਨੀਮ-ਹੋਸ਼ ਵਿਚ ਕੰਮ ਕਰਦੀ ਹੈ,
ਆਪਣਾ ਕਦ ਪਤਾ ਲੈਂਦੀ ਹੈ!
ਜ਼ਿੰਦਗੀ ਤੋਂ ਦੋਜ਼ਖ਼ ਤਕ ਜਾ ਕੇ,
ਨਿੱਤ ਇਕ ਜਨਮ ਨਵਾਂ ਲੈਂਦੀ ਹੈ।

ਤਤਕਰਾ

ਜੇ ਮੋਰਚੇ ਲਾਉਣ ਦੀ ਥਾਂ ਗੱਲ ਕਰਨ ਦਾ ਤਰੀਕਾ ਆ ਜਾਵੇ ਤਾਂ ਆਪਣੇ ਹੱਕ ਲੈਣ ਲਈ, ਤਸੀਹੇ ਸਹਿਣ ਤੇ ਜਾਨਾਂ ਵਾਰਨ ਦੀ ਲੋੜ ਨਹੀਂ।

## 39 - ਗੋਸ਼ਟੀ

ਆ ਬਈ ਪ੍ਰੀਤਮ! ਆ ਮੈਂ ਆਪਣਾ ਰੰਗ ਦਿਖਾਵਾਂ,
ਅੱਖ ਦੇ ਫੋਰ 'ਚ ਮੈਂ ਘੁੱਗੀ ਨੂੰ ਫੁੰਡ ਲਿਆਵਾਂ।
ਗਿਦੜਾਂ, ਸੂਰਾਂ, ਚਿੜੀਆਂ ਉੱਤੇ ਸ਼ਿਸਤ ਟਿਕਾ ਕੇ,
ਬੜੀ ਮਹਾਰਤ ਕੀਤੀ ਊ, ਤੂੰ ਦੇਖ ਲੈ ਆ ਕੇ।
ਏਦਾਂ ਹੀ ਮੈਂ ਜ਼ਾਲਮ ਹਾਕਮ ਭੁੰਨ ਦਿਆਂਗਾ,
ਹੱਕ ਮਾਰਨ ਵਾਲੇ ਨੂੰ ਫੜ ਕੇ ਤੁੰਨ ਦਿਆਂਗਾ।
ਵੱਡ-ਵਡੇਰਿਆਂ ਲਈ ਆਜ਼ਾਦੀ ਜਾਨ ਲਗਾ ਕੇ,
ਟੱਬਰ-ਟ੍ਰੀਰ ਹੀ ਨਹੀਂ, ਆਪਣਾ ਆਪ ਭੁਲਾ ਕੇ।
ਮੈਨੂੰ ਪੁੱਛ! ਯਤੀਮ ਨੇ ਰੋਲੀ ਕਿੰਜ ਜਵਾਨੀ,
ਆਜ਼ਾਦੀ ਲਈ ਦਿੱਤੀ ਹੈ ਹਰ ਇਕ ਕੁਰਬਾਨੀ।

ਸੁਣ ਓ ਸ਼ੇਰਿਆ! ਅੱਜ ਸ਼ਿਕਾਰ ਨੂੰ ਜਾਣ ਤੋਂ ਪਹਿਲਾਂ,
ਇਸ ਬੰਦੂਕ ਦੇ ਅੰਦਰ ਗੋਲੀਆਂ ਪਾ'ਣ ਤੋਂ ਪਹਿਲਾਂ,
ਇਹ ਵੀ ਸੋਚਿਆ ਹੈ! ਕਿ ਗੋਲੀ ਕੀ ਕਰਦੀ ਹੈ,
ਘੁੱਗੀ ਅੱਖ ਦੇ ਫੋਰ ਦੇ ਵਿਚ, ਕਿਵੇਂ ਮਰਦੀ ਹੈ?
ਜੇ ਤੂੰ ਵੱਡ-ਵਡੇਰਿਆਂ ਵਾਂਗੂੰ ਕਰਨਾ ਚਾਹਵੇਂ,
ਆਜ਼ਾਦੀ ਦੇ ਲਈ ਤੂੰ ਜੀਣਾ, ਮਰਨਾ ਚਾਹਵੇਂ।
ਅਗਲੀ ਨਸਲ ਯਤੀਮ ਕਰਨ ਦੀ ਲੋੜ ਨਹੀਂ ਹੈ,
ਆਜ਼ਾਦੀ ਲਈ ਜੀਅ, ਮਰਨ ਦੀ ਲੋੜ ਨਹੀਂ ਹੈ।

ਏਦਾਂ ਮੇਰੇ ਸਾਹਵੇਂ, ਕੱਲ੍ਹ (1982) ਟਰੂਡੋ ਕੀਤਾ,
ਬ੍ਰਿਟਿਸ਼-ਰਾਜ ਤੋਂ ਉਸਨੇ ਵੀ ਹੱਕ ਆਪਣਾ ਲੀਤਾ।
ਵੱਡ-ਵਡੇਰਿਆਂ ਦੀ ਉਹਨੇ ਨਹੀਂ ਗੱਲ ਭੁਲਾਈ,
ਆਜ਼ਾਦੀ ਲੈ ਲਈ, ਜਾਨ ਨਹੀਂ ਇਕ ਗਵਾਈ।
ਸੁਣ ਓ ਮੱਲਾ! ਗੱਲਾਂ ਦੇ ਵਿਚ ਜ਼ੋਰ ਬੜਾ ਹੈ,
ਜਿਹੜਾ ਗੱਲ ਨਹੀਂ ਕਰ ਸਕਦਾ, ਕਮਜ਼ੋਰ ਬੜਾ ਹੈ।
ਆਪਣੇ ਬੱਚਿਆਂ ਨੂੰ ਏਹੋ ਹੀ ਮੱਤ ਸਿਖਾ ਦੇ,
ਯਤੀਮ ਨਹੀਂ, ਤੂੰ ਇਹਨਾਂ ਨੂੰ ਵਿਦਵਾਨ ਬਣਾ ਦੇ।
ਜਿਹੜੇ ਬਾਗ਼ ਨੂੰ ਮਿਲ ਜਾਂਦਾ ਹੈ ਚੰਗਾ ਮਾਲੀ,
ਓਥੇ ਬੱਲਿਆ! ਰਹਿੰਦੀ ਹੈ ਸਦਾ ਖ਼ੁਸ਼ਹਾਲੀ।

ਤਤਕਰਾ

## 40 – ਚਾਨਣ ਦੀ ਭਾਲ

ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,
ਜਿਸ ਨੇ ਚਾਨਣ ਭਾਲਦਿਆਂ ਉਮਰਾਂ ਦਾ ਸਮਾਂ ਲੰਘਾਇਆ।

ਵਿਚ ਹਨੇਰੇ, ਲਹਿੰਦੇ ਵੱਲ ਨੂੰ, ਪਾ ਲਏ ਇਹਨੇ ਚਾਲੇ,
ਧਰਤੀ ਦੀ ਗਤੀ 'ਤੇ ਤੁਰਦਿਆਂ, ਪੈ ਗਏ ਪੈਰੀਂ ਛਾਲੇ।
ਮੰਜ਼ਿਲ ਵੱਲ ਨੂੰ ਤੁਰਦੀ ਜਾਵੇ, ਕੋਈ ਪੜਾਓ ਨਾ ਪਾਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

ਰਾਤ ਦੇ ਰਾਹੀ, ਚੋਰ ਉਚੱਕੇ, ਰਹਿਬਰ ਬਣ ਬਣ ਆਏ,
ਹੌਲੀ ਕਰਕੇ ਪੰਡ ਏਸ ਦੀ, ਹਰ ਕੋਈ ਤੁਰਦਾ ਜਾਏ।
ਨਾ ਚਾਨਣ ਉਹਨਾਂ ਨੂੰ ਲੱਭਾ, ਨਾ ਇਹਦੇ ਹੱਥ ਆਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

ਜਿੱਥੋਂ ਚੱਲੀ, ਓਥੇ ਖੜੀ ਨੂੰ, ਜਦ ਵੀ ਮੈਂ ਸਮਝਾਵਾਂ,
"ਏਨੀ ਦੇਰ ਤੁਰੀ ਹਾਂ ਪੁੱਤਰ! ਹੁਣ ਪਿੱਛੇ ਕਿਉਂ ਜਾਵਾਂ"!
ਨਾ ਤੇ ਇਸ ਨੇ ਚਾਲ ਹੀ ਬਦਲੀ, ਨਾ ਹੀ ਮੂੰਹ ਭੁਆਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

ਕਹਿ ਦਿਓ ਜਾ 'ਚਾਨਣ' ਨੂੰ, ਨਾ ਹੁਣ ਲੁਕਣ-ਮੀਟੀ ਖੇਡੇ,
ਤੈਨੂੰ ਲੱਭਿਆਂ ਬਿਨ ਨਹੀਂ ਹਟਣੇ, ਦਾਈਏ ਉਮਰਾਂ ਜੇਡੇ।
ਕਹਿੰਦੇ ਨੇ, "ਜੋ ਰੱਬ ਵੱਲ ਤੁਰਿਆ, ਉਹ ਉਹਦੇ ਵੱਲ ਆਇਆ"।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

"ਸੇਵਾ ਸੁਰਤ ਰਹਿਸ ਗੁਣ ਗਾਵਾ, ਗੁਰਮੁਖ ਗਿਆਨ ਬੀਚਾਰਾ,
ਖੋਜੀ ਉਪਜੈ, ਬਾਦੀ ਬਿਨਸੈ, ਹਉ ਬਲਿ ਬਲਿ ਗੁਰ ਕਰਤਾਰਾ"।
ਜਿਸ ਨੇ ਵੀ ਹੈ ਖੋਜਿਆ, ਪ੍ਰੀਤਮ! ਓਸੇ ਨੇ ਹੀ ਪਾਇਆ।
ਲੋਕਾ ਵੇ! ਮੈ ਐਸੀ ਮਾਂ ਦਾ ਜਾਇਆ,

ਤਤਕਰਾ

## 41 - ਛੇ ਦਿਨ?

ਕੁਝ ਇਕ ਧਰਮੀ ਲੋਕੀ ਕਹਿੰਦੇ,
“ਰੱਬ ਨੇ ਸਾਰੇ ਬ੍ਰਹਿਮੰਡ ਨੂੰ,
ਛੇ ਦਿਨਾਂ ਵਿਚ ਪੈਦਾ ਕੀਤਾ
ਤੇ ਸੱਤਵੇਂ ਦਿਨ ਥੱਕੇ ‘ਰੱਬ’ ਨੇ,
ਵਿਹਲੇ ਰਹਿ, ਆਰਾਮ ਸੀ ਕੀਤਾ।

ਏਸੇ ਕਰਕੇ, ਉਹਨਾਂ ਲੋਕਾਂ,
ਐਸੇ ਹੀ ਕਾਨੂੰਨ ਬਣਾਏ,
ਕੰਮ ਕਰੇ ਜੋ ਐਤਵਾਰ ਨੂੰ,
ਉਹਨਾਂ ਨੂੰ ਮੂਲ਼ੋਂ ਨਾ ਭਾਏ
ਤੇ ਉਹਨਾਂ ਦੀ ਮਿੱਥੀ ਹੋਈ,
ਜੋ ਵੀ ਸਜ਼ਾ ਹੈ, ਉਸ ਨੂੰ ਪਾਏ।

ਅੱਜ ਦੀ ਸਾਇੰਸ ਨੇ ਸਾਬਤ ਕੀਤਾ,
ਨੌਂ ਬਿਲੀਅਨ ਸਾਲਾਂ ਦੇ ਪਿੱਛੋਂ,
ਧਰਤੀ ਹੋਂਦ ਵਿਚ ਸੀ ਆਈ।

ਆਖਣ ਲੱਗੇ, “ਫਿਰ ਕੀ ਹੋਇਆ!
ਨੌਂ ਬਿਲੀਅਨ ਸਾਲਾਂ ਦਾ ਵੇ਼ਲਾ,
ਸਾਡੇ ਰੱਬ ਦੇ ਛੇ ਦਿਨ ਬਣਦੇ”।

ਮੈਂ ਆਖਿਆ, “ ਚੰਗਾ ਤਾਂ ਫਿਰ,
ਤੁਸੀਂ ਵੀ ਆਪਣੇ ਐਤਵਾਰ ਨੂੰ,
ਡੇਢ ਬਿਲੀਅਨ ਸਾਲਾਂ ਦੇ ਜਿੰਨਾ,
ਖਿੱਚ ਖਿਚਾ ਕੇ ਲੰਬਾ ਕਰ ਲਓ”।

ਤਤਕਰਾ

## 42 - ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਪੰਧ ਹੋ ਜਾਵੇ ਸੁਹਾਵਾ ਦੋਸਤਾਂ ਦੇ ਵਾਸਤੇ,
ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।
ਆ ਗਏ ਖ਼ੁਸ਼ੀਆਂ ਭਰੇ ਦਿਨ ਵਧਣ ਵਾਲੀ ਵੇਲ ਦੇ।
ਕੱਲ੍ਹ ਦੇ ਅਰਮਾਨ ਹੀ ਅੱਜ ਗੋਦ ਅੰਦਰ ਖੇਲ੍ਹਦੇ।
ਇਕ ਤੇ ਇਕ ਮਿਲ ਕੇ ਦੇਖੋ, ਤਿੰਨ ਜਾਂ ਤਿੰਨ ਤੋਂ ਵੱਧ ਬਣੇ,
ਕਿੰਨੇ ਹਨ ਬੇਅੰਤ ਜੀਵਨ, ਦੋ ਜੀਆਂ ਦੇ ਮੇਲ ਦੇ।

ਐਟਮ ਦੇ ਪ੍ਰੋਟੋਨ ਦੇ ਅੰਦਰ ਕੁਆਰਕ ਹੈ ਮਹੀਨ,
ਉਸ ਵਿਚੋਂ ਆਕਾਸ਼ ਨਿੱਕਲੇ, ਓਸ ਦੇ ਵਿਚੋਂ ਜ਼ਮੀਨ,
ਪਰ ਕੁਆਰਕ ਕਿੱਥੋਂ ਆਵੇ? ਕੀ ਉਹਦਾ ਪਰਿਵਾਰ ਵੀ?
ਜਾਂ ਕੋਈ ਕੁਝ ਹੋਰ ਹੈ, ਬਿਲਕੁਲ ਹੀ ਵੱਖਰਾ ਤੇ ਨਵੀਨ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਬ੍ਰਹਿਮੰਡ ਵਿਚ ਬਿੰਦੀ ਵਰਗੀ ਹੈ ਅਸਾਡੀ ਕਹਿਕਸ਼ਾਂ,
ਕਹਿਕਸ਼ਾਂ ਵਿਚ ਬਿੰਦੀ ਤੋਂ ਵੀ ਛੋਟਾ ਧਰਤੀ ਦਾ ਨਿਸ਼ਾਂ।
ਧਰਤੀ ਉੱਤੇ ਮੇਰੀ ਹਸਤੀ, ਜੂੰ ਬਰਾਬਰ ਵੀ ਨਹੀਂ,
ਫੇਰ ਵੀ ਮੈਂ ਕਹਿ ਰਿਹਾ ਹਾਂ, "ਮੈਂ ਹੀ ਚੁੱਕਿਆ ਆਸਮਾਂ"।

ਜਨਮ ਤੋਂ ਲੈ ਕੇ ਮਰਨ ਹੀ ਜੀਵ ਦਾ ਹਾਸਲ ਰਿਹਾ,
ਇਕ ਤਰਫ਼ਾ ਹੀ ਹੈ ਇਹ ਰਸਤਾ ਅਸਾਂ ਦੇ ਵਾਸਤੇ।
ਐ ਪ੍ਰੀਤਮ! ਉਹ, ਜੋ ਚੁੱਕ ਲੈ ਜਾਵੇ ਵੱਲ ਆਕਾਸ਼ ਦੇ,
ਹੋ ਸਕੇ ਤਾਂ ਉਹ ਹਵਾ ਬਣੀਏਂ ਪਰਾਂ ਦੇ ਵਾਸਤੇ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਤਤਕਰਾ

ਜਾ ਰਹੇ ਨੇ ਆਪਣੇ, ਆਪਣੇ ਘਰਾਂ ਨੂੰ ਛੱਡ ਕੇ,
ਜੱਦ ਦੀ ਮਿੱਟੀ ਦੇ ਮਿੱਠੇ ਰਿਸ਼ਤਿਆਂ ਨੂੰ ਛੱਡ ਕੇ।
ਏਸ ਫ਼ਾਨੀ ਜ਼ਿੰਦਗੀ ਦੀ ਜੜ੍ਹ ਹਮੇਸ਼ਾ ਰਹਿ ਸਕੇ,
ਰੁੱਖ ਤੁਰਦੇ ਨੇ ਘਰਾਂ 'ਚੋਂ, ਟਾਹਣੀਆਂ ਨੂੰ ਛੱਡ ਕੇ।

ਮੈਨੂੰ ਅਕਸਰ ਹੀ ਉਨ੍ਹਾਂ ਦੇ ਅਕਸ ਦਾ ਝੌਲ਼ਾ ਪਿਆ,
ਹਮਸਫ਼ਰ ਜੋ ਤੁਰ ਗਏ ਨੇ, ਚਿਹਰਿਆਂ ਨੂੰ ਛੱਡ ਕੇ।
ਮ੍ਰਿਗ-ਤ੍ਰਿਸ਼ਨਾ ਵੀ ਹੈ ਦਿਸਦਾ, ਪਿਆਸ ਮੇਰੀ ਨੂੰ ਤਲਾ।
ਹੋਰ ਕੁਝ ਚੇਤੇ ਨਹੀਂ ਹੈ, ਪਾਣੀਆਂ ਨੂੰ ਛੱਡ ਕੇ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਲਗਨ ਮਿਹਨਤ ਸਿਰੜ ਤੇ ਵਿਸ਼ਵਾਸ ਦੇ ਔਜ਼ਾਰ ਲੈ,
ਪੈਦਾ ਕਰੀਏ ਨਿਅਮਤਾਂ, ਆਪਣੇ ਘਰਾਂ ਦੇ ਵਾਸਤੇ।

ਠਾਕਰਦੁਆਰੇ ਮ੍ਰਿਗਤ੍ਰਿਸ਼ਨਾ ਵਾਂਗ ਰਬ ਦਿਸਦਾ ਰਿਹਾ,
ਪਰ ਉਹ ਓਥੇ ਹੈ ਨਹੀਂ ਸੀ, ਖੋਜੀਆਂ ਦੇ ਵਾਸਤੇ।

ਸੱਚ ਮਹਿੰਗਾ ਹੈ ਮਗਰ ਹਰ ਦੌਰ ਨੂੰ ਮਿਲਦਾ ਤਾਂ ਹੈ,
ਹੇਠੀਆਂ, ਪਾਬੰਦੀਆਂ, ਉੱਠਦੇ ਸਿਰਾਂ ਦੇ ਵਾਸਤੇ।

ਆ! ਇਕੱਠੇ ਸਫ਼ਰ ਕਰੀਏ ਕੁਝ ਪਲਾਂ ਦੇ ਵਾਸਤੇ।

ਤਤਕਰਾ

## 43 – ਜੀਵਨ ਚਾਹ

ਪੱਤਾ ਪੱਤਾ ਕਰੇ ਦੁਆ,
ਰੱਬਾ! ਸਾਡੀ ਵੇਲ ਵਧਾ।

ਜਹਾਨ ਮਿਲੇ ਸਾਨੂੰ,
ਨਵੀਆਂ ਕਰੂੰਬਲਾਂ ਦੀ,
ਮੁਸਕਾਨ ਮਿਲੇ ਸਾਨੂੰ।

ਪੱਤਾ ਪੱਤਾ ਕਰੇ ਦੁਆ,
ਰੱਬਾ! ਤੇਜ਼ ਨਾ ਵਗੇ ਹਵਾ।

ਇਹ ਬੱਚੜੇ ਬਹਾਰਾਂ ਦੇ,
ਦੋ ਦਿਨ ਹੋਰ ਮੰਗਦੇ,
ਖਿੜੀਆਂ ਗੁਲਜ਼ਾਰਾਂ ਦੇ।

ਪੱਤਾ ਪੱਤਾ ਕਰੇ ਦੁਆ,
ਰੱਬਾ! ਤੱਤੀ ਵਾ ਨਾ ਲਾ।

ਰੱਬਾ! ਖ਼ੁਸ਼ੀਆਂ ਸਦਾ ਦੇਵੀਂ,
ਜੋ ਘੜੀ ਆਉਣੀ ਹੈ,
ਖ਼ੈਰੀਂ ਮਿਹਰੀਂ ਲੰਘਾ ਦੇਵੀਂ।

ਪੱਤਾ ਪੱਤਾ ਕਰੇ ਦੁਆ,
ਓ ਰੱਬਾ! ਨਾ ਕਰੀਂ ਜੁਦਾ।

ਭਾਵੇਂ ਖ਼ੈਰ ਮਨਾਉਣੀ ਹੈ,
ਜੋ ਅਸੀਂ ਨਹੀਂ ਚਹੁੰਦੇ,
ਘੜੀ ਉਹ ਵੀ ਆਉਣੀ ਹੈ।

ਤਤਕਰਾ

# 44 - ਜੀਵਨ ਰਾਹ

'ਪ੍ਰੀਤਮ'! ਜੇ ਚਹੁੰਦਾ ਏਂ
ਆਪਣੀ ਜ਼ਿੰਦਗੀ ਸੁਖੀ ਬਨਾਣੀ,
ਤਾਂ ਮੰਜ਼ਿਲ ਦਾ ਹਰ ਦੋਰਾਹਾ,
ਚੰਗੀ ਤਰ੍ਹਾਂ ਪਛਾਣੀ।

ਰਾਹਾਂ ਦੇ ਵਿਚ ਰੋਕਣ ਦੇ ਲਈ,
ਰਾਹ ਪਹਾੜਾਂ ਮੱਲੇ,
ਤਾਂ ਵੀ ਪਲ ਪਲ ਬਚ ਬਚ
ਅੱਗੇ ਤੁਰਦਾ ਜਾਵੇ ਪਾਣੀ।

ਨਾਲ ਪਹਾੜਾਂ ਮੱਥਾ ਲਾ ਕੇ
ਜੇ ਪਾਣੀ ਬਹਿ ਜਾਵੇ,
ਥੁਹੜੇ ਚਿਰ ਦੇ ਵਿਚ ਹੀ ਇਸ ਦੀ
ਹੋਂਦ ਵੀ ਏ ਮਿਟ ਜਾਣੀ।

ਚੱਟਾਨਾ ਦੀ ਕਮਜ਼ੋਰੀ ਵੀ
ਪਾਣੀ ਲੱਭ ਲੈਂਦਾ ਹੈ,
ਇਹ ਨਿਰੰਤਰ ਤੁਰਿਆ ਜਾਵੇ,
ਵਿੱਥਾਂ ਵਿਰਲਾਂ ਥਾਣੀ।

ਜਿੱਤਣ ਦੇ ਲਈ ਸੌ ਦਾਅ ਹੁੰਦੇ,
ਸੌ ਰਾਹ ਦੀ ਇਕ ਮੰਜ਼ਿਲ,
ਜਿਸ ਨੂੰ ਏਨੀ ਸਮਝ ਨਾ ਆਈ,
ਉਸ ਨੇ ਹਾਰ ਹੀ ਖਾਣੀ।

ਯੋਧਾ ਉਹ ਹੈ ਜੋ ਹਰ ਹੀਲੇ
ਸਰ ਮੰਜ਼ਿਲ ਨੂੰ ਕਰਦਾ,
ਓਸੇ ਦੀ ਹੀ ਦੁਨੀਆਂ ਅੰਦਰ
ਹੁੰਦੀ ਅਮਰ ਕਹਾਣੀ।

ਤਤਕਰਾ

## 45 – ਜੇ ਲਿਖਾਰੀ ਹੋਵਾਂ

ਸੋਚਦਾ ਹਾਂ, ਕਿ ਜੇ ਹੋਵਾਂ ਤਾਂ ਲਿਖਾਰੀ ਹੋਵਾਂ,
ਕੋਈ ਤਕਦੀਰ ਲਿਖਵਾਵੇ ਤਾਂ ਮੈਂ ਤਕਦੀਰ ਲਿਖਾਂ।

ਜੋ ਕਰਮ-ਰੋਗ ਦੇ ਮਾਰੇ ਹੋਏ ਨੇ, ਉਹਨਾਂ ਲਈ,
ਕੋਈ ਉਸ ਰੋਗ ਤੋਂ ਆਰਾਮ-ਦੇ, ਅਕਸੀਰ ਲਿਖਾਂ।

ਉਹ ਜਿਹੜਾ ਰਾਜ਼ ਹੈ ਖ਼ੁਸ਼ੀਆਂ ਨੂੰ ਦਬਾਈ ਬੈਠਾ,
ਚਿਰਾਂ ਤੋਂ ਸੁਲਗ ਰਹੇ ਰਾਜ਼ ਦੀ ਤਸ਼ਹੀਰ ਲਿਖਾਂ।

ਕੋਈ ਆਜ਼ਾਦ-ਪ੍ਰਿੰਦਿਆਂ ਦਾ ਜੇ ਸੁਪਨਾ ਦੇਖੇ,
ਦਿਨ ਦੀ ਲੋਏ ਮੈਂ ਉਹਦੇ ਖ਼ਾਬ ਦੀ ਤਾਬੀਰ ਲਿਖਾਂ।

ਜਿਹੜੀ ਦੁਨੀਆਂ ਇਨਸਾਫ਼ ਨਹੀਂ ਦੇ ਸਕਦੀ,
ਬੇ-ਮੁਰੱਵਤ ਬੇ-ਨਿਆਂਈਂ ਦੀ ਆਖ਼ੀਰ ਲਿਖਾਂ।

ਇਸ ਤੋਂ ਪਹਿਲਾਂ ਕਿ ਕੋਈ ਮੈਥੋਂ ਦੂਰ ਲੈ ਜਾਵੇ,
ਮੈਂ ਉਸ ਨੂੰ ਆਪਣੀ ਹੀ ਰੂਹ ਦੀ ਜਾਗੀਰ ਲਿਖਾਂ।

ਐ 'ਪ੍ਰੀਤਮ'! ਮੈਂ ਚਹੁੰਦਾ ਹਾਂ ਉਹ ਨਵੀਸ ਬਣਾਂ,
ਸਮਝ ਦੀ, ਸੋਚ ਦੀ, ਜ਼ੁੱਰਤ ਦੀ ਤਹਰੀਰ ਲਿਖਾਂ।

ਤਤਕਰਾ

ਇਕ ਨਵੇਂ ਦ੍ਰਿਸ਼ਟੀ-ਕੋਨ ਤੋਂ

## 46 - ਜੋ ਸੁਖ ਛੱਜੂ ਦੇ ਚੌਬਾਰੇ .. ..

ਛੱਜ ਉਹ ਹੈ ਜਿਸ ਦੇ ਵਿਚ ਅਕਸਰ,
ਸੈਂਡ ਨੂੰ ਪਾ ਕੇ ਛੱਟਿਆ ਜਾਂਦਾ ।
ਜੋ ਮੰਦਾ, ਉਹਨੂੰ ਸੁੱਟਿਆ ਜਾਂਦਾ ।
ਜੋ ਚੰਗਾ, ਉਹਨੂੰ ਰੱਖਿਆ ਜਾਂਦਾ ।

ਛੱਜੂ ਉਹ, ਜੋ ਜੀਵਨ-ਛੱਜ ਨੂੰ,
ਨਾਲ਼ ਮਹਾਰਤ ਵਰਤ ਦਿਖਾਵੇ ।
ਜੋ ਦੁੱਖਾਂ ਨੂੰ ਰੋਲ਼ ਕੇ ਸਿੱਟੇ,
ਜੋ ਸੁਖਾਂ ਨੂੰ ਪੱਲੇ ਪਾਵੇ ।

ਚੰਗੇ ਛੱਜੂ ਦੇ ਮਨ ਅੰਦਰ,
ਲੋੜੀਂਦਾ ਸੁਖ ਪਾਇਆ ਜਾਂਦਾ ।
ਦੁਨੀਆਂ ਦੇ ਝਾਂਜੜ ਝੇੜੇ ਤੋਂ,
ਆਪਣਾ ਆਪ ਬਚਾਇਆ ਜਾਂਦਾ ।

ਮਨ ਉਸਦਾ ਚੌਬਾਰਾ, ਜਿੱਥੋਂ,
ਝਾਤ ਚੌਗਿਰਦੇ ਪਾ ਸਕਦਾ ਹੈ ।
ਜਿੱਧਰ ਸਾਫ਼ ਨਜ਼ਰ ਪਿਆ ਆਵੇ,
ਓਧਰ ਚਾਹਵੇ, ਜਾ ਸਕਦਾ ਹੈ ।

ਮਨ ਉਸਦਾ ਚੌਬਾਰਾ, ਜਿੱਥੋਂ,
ਝਾਤ ਚੌਗਿਰਦੇ ਪਾ ਸਕਦਾ ਹੈ ।
ਜਿੱਧਰ ਧੁੰਦ, ਮੀਂਹ, ਝੱਖੜ ਜਾਪੇ,
ਜੇ ਜਾਵੇ ਸੱਟ ਖਾ ਸਕਦਾ ਹੈ ।

ਏਸੇ ਲਈ 'ਪ੍ਰੀਤਮ ' ਇਹ ਕਹਿੰਦੇ
ਸੁਖ ਹੈ, ਮਨ-ਚੌਬਾਰੇ ਅੰਦਰ,
ਇਸ ਵਿਚ ਨਹੀਂ ਤਾਂ, ਨਾ ਫਿਰ ਏਥੇ,
ਨਾ ਹੀ ਬਲਖ ਬੁਖਾਰੇ ਅੰਦਰ ।

ਤਤਕਰਾ

## 47 - ਟਾਪੂ

ਸਾਗਰ ਦੇ ਕਾਲੇ-ਪਾਣੀ ਵਿਚ,
ਇਕ ਟਾਪੂ ਨਜ਼ਰ ਪਿਆ ਆਵੇ।
ਇਸ ਦੇ ਇਕ ਪਾਸਿਓਂ ਨਿੱਕਲ,
ਇਕ ਰੰਗ-ਦਾਰ ਨਦੀ ਪਈ ਜਾਵੇ।

ਇਸ ਦੇ ਇਕ ਪਾਸੇ ਬਰੇਤਾ,
ਦੂਜੇ ਪਾਸੇ ਹੈਨ ਚੱਟਾਨਾਂ।
ਪਾਣੀ ਦੇ ਵਿਚ ਸ਼ੋਰ ਮਚਾਇਆ,
ਬੱਚਿਆਂ, ਬੁੱਢਿਆਂ ਅਤੇ ਜਵਾਨਾਂ।

ਇਸ ਦਾ ਪਾਣੀ ਮਦਰਾ ਵਰਗਾ,
ਲਹਿਰ ਲਹਿਰ ਲਹਿਰਾਉਂਦਾ ਜਾਵੇ।
ਇਸ ਦੇ ਵਿਚ ਕੋਈ ਗੋਤੇ ਖਾਵੇ,
ਕੋਈ ਤੁਰਦਾ, ਕੋਈ ਤਰਦਾ ਜਾਵੇ।

ਕੁਝ ਇਕ ਲੋਕ ਬਰੇਤੇ ਉੱਤੇ,
ਪਾਣੀ ਦੇ ਸੰਗ ਤੁਰਦੇ ਜਾਣ।
ਉੱਪਰੋਂ ਸੂਰਜ ਅਤੇ ਥੱਲਿਓਂ
ਰੇਤਾ ਦਾ, ਰਹੇ ਨਿੱਘ ਮਾਣ।

ਕੁਝ ਲੋਕੀ ਦੂਜੇ ਕੰਢੇ ‘ਤੇ,
ਡੰਡੀਆਂ ਉੱਤੇ ਤੁਰਦੇ ਜਾਣ।
ਉੱਚੀਆਂ ਨੀਵੀਆਂ ਖਾਈਆਂ ਦੇ ਵਿਚ,
ਪੈਰ ਪੈਰ ਤੇ ਠੋਕਰ ਖਾਣ।

ਇਹ ਵਹੀਰ, ਲੰਮੇ ਸਮਿਆਂ ਤੋਂ,
ਏਸ ਨਦੀ ਸੰਗ ਤੁਰਦੀ ਜਾਵੇ।
ਟਾਪੂ ਦੇ ਦੂਜੇ ਪਾਸੇ ਇਹ,
ਏਸੇ ਸਾਗਰ ਵਿਚ ਸਮਾਵੇ।

ਤਤਕਰਾ

## 48 - ਟੈਰੀ ਫ਼ੌਕਸ

(1958-1981)

ਇਕ ਜਜ਼ਬਾ ਉਠਦਾ ਹੈ,
ਇਕ ਧਰਤੀ ਤੋਂ ਤੁਰਕੇ,
ਅੰਬਰ ਤਕ ਜਾਂਦਾ ਹੈ।

ਕੁਝ ਕਰ ਦਿਖਲਾਵਣ ਲਈ,
ਮੁੜ ਮੁੜ ਉਕਸਾਉਂਦਾ ਹੈ।
ਦਰਸ਼ਕਾਂ ਦੀ ਭੀੜ ਵਿਚੋਂ,
ਪਿੜ ਵਿਚ ਲੈ ਆਉਂਦਾ ਹੈ।

ਇਕ ਛੋਟੇ ਜਜ਼ਬੇ ਦਾ,
ਆਕਾਰ ਬੜਾ ਹੁੰਦਾ।
ਆਕਾਰ ਦੇ ਅੰਦਰ ਹੀ,
ਵਿਸਥਾਰ ਬੜਾ ਹੁੰਦਾ।

ਇਕ ਗਲੀ ਮਹੱਲੇ ’ਚੋਂ,
ਪਿੰਡਾਂ ’ਚੋਂ, ਪ੍ਰਾਂਤਾਂ ’ਚੋਂ,
ਥਾਂ ਥਾਂ ’ਤੇ ਪਸਰੀਆਂ,
ਨਸਲਾਂ ’ਚੋਂ, ਜਾਤਾਂ ’ਚੋਂ,

ਦੇਸ਼ਾਂ ਦੀਆਂ ਹੱਦਾਂ ਟੱਪ,
ਦੁਨੀਆਂ ਵਿਚ ਆ ਖੜ੍ਹਦਾ।
ਖੇਡਾਂ ਹੀ ਖੇਡਾਂ ਵਿਚ,
’ਓਲਿੰਪੀਆ’ ਜਾ ਵੜਦਾ।

ਜਜ਼ਬੇ ਦਾ ਪੁੰਗਰਨਾ,
ਸ਼ੌ ਚੀਜ਼ ’ਤੇ ਨਿਰਭਰ ਹੈ।
ਕੁਝ ਬੀਜ ਦੇ ਉਪਰ ਹੈ,
ਕੁਝ ਧਰਤੀ ਉਪਰ ਹੈ।

ਤਤਕਰਾ

ਜੋ ਖਾਣ ਨੂੰ ਹੈ, ਕੀ ਹੈ?
ਜੋ ਪੀਣ ਨੂੰ ਹੈ, ਕੀ ਹੈ?
ਇਸ ਹਿੰਸਕ ਦੁਨੀਆਂ ਵਿਚ
ਜੋ ਜੀਣ ਨੂੰ ਹੈ, ਕੀ ਹੈ?

ਕਈ ਵਾਰ ਬਰੋਟੇ ਨੂੰ,
ਪਸ਼ੂ-ਪਨ ਖਾ ਜਾਵੇ।
ਗੰਦਗੀ ਚੌਗਿਰਦੇ ਦੀ,
ਕੋਈ ਰੋਗ ਲਗਾ ਜਾਵੇ।

ਕੋਈ ਰੋਗੀ ਬੂਟਾ ਪਰ:
ਮਿਟ ਜਾਵਣ ਤੋਂ ਪਹਿਲਾਂ,
ਕੁਝ ਕਰ ਦਿਖਲਾ ਜਾਂਦਾ।
ਗਲਦੇ ਹੋਏ ਪਿੰਜਰ 'ਚੋਂ,
ਇਕ ਮਹਿਕ ਖਿੰਡਾ ਜਾਂਦਾ।

ਬਾਕੀ ਦੇ ਗੁਲਸ਼ਨ ਨੂੰ,
ਇਕ ਸੋਚ ਫੜਾ ਜਾਂਦਾ।
ਜੀਵਨ ਦੇ ਨਿੱਘ ਲਈ,
ਇਕ ਚਿੰਣਗ ਜਗਾ ਜਾਂਦਾ।

ਆਸ਼ਾ ਦੀ ਜੋਤੀ ਤੋਂ,
ਇਕ ਜੋਤ ਜਗਾ ਜਾਂਦਾ।
ਬੇਨਾਮ ਆਬਾਦੀ ਵਿਚ,
ਇਕ ਨਾਮ ਕਮਾ ਜਾਂਦਾ।

'ਟੈਰੀ', ਕੈਨੇਡਾ ਦੇ,
ਬੀ. ਸੀ. ਵਿਚ ਹੋਇਆ ਸੀ।

ਉਹਦੀ ਭਰੀ ਜਵਾਨੀ ਨੂੰ,
ਇਕ ਪੱਕੀ ਜ਼ਹਿਮਤ ਨੇ,
ਇਕ ਲੱਤ ਦੇ ਬਦਲੇ ਵਿਚ,
ਇਕ ਜਜ਼ਬਾ ਦੇ ਦਿੱਤਾ।

ਤਤਕਰਾ

ਇਸ ਦੇਸ਼ ਦੀ ਛਾਤੀ ’ਤੇ,
ਜਜ਼ਬਾਤ ਉਭਾਰਨ ਲਈ,
ਇਕ ਪਾਸਿਓਂ ਦੂਜੇ ਨੂੰ,
ਇਕ ਪੈਰ ’ਤੇ ਦੌੜ ਪਿਆ।

ਕਿ ਸ਼ਾਇਦ ਜਜ਼ਬੇ ਨੂੰ,
ਚਿੰਤਨ ਦੇ ਬੂਹੇ ’ਚੋਂ,
ਅੱਗੇ ਲੰਘ ਜਾਵਣ ਦੀ,
ਕੋਈ ਤਾਕਤ ਮਿਲ ਜਾਵੇ।

ਇਸ ਨਾ-ਉਮੀਦੀ ਦੀ,
ਅੱਜ ਦੀ ਮਜਬੂਰੀ ਨੂੰ,
ਇਕ ਭਲਕ ਸੰਵਾਰਨ ਦੀ,
ਕੋਈ ਸੂਰਤ ਮਿਲ ਜਾਵੇ।

ਸਾਹਾਂ ਦੇ ਮੋਤੀ, ਪਰ
ਝੋਲੀ ਵਿਚ ਥੁਹੜੇ ਸਨ,
ਅਧਵਾਟੇ ਹੀ ਕਿਰ ਗਏ,
ਝੋਲੀ ਨੂੰ ਕਰ ਸੱਖਣਾ।

’ਟੈਰੀ’ ਹੀ ਜਜ਼ਬਾ ਸੀ,
ਜਜ਼ਬਾ ਹੀ ’ਟੈਰੀ’ ਸੀ,
ਹੁਣ ਆਪ ਤਾਂ ਜੀਂਦਾ ਨਹੀਂ,
ਪਰ ਤੁਰਿਆ ਜਾਂਦਾ ਹੈ।

ਇਕ ਜਜ਼ਬਾ ਉਠਦਾ ਹੈ,
ਇਕ ਧਰਤੀ ਤੋਂ ਤੁਰਕੇ,
ਅੰਬਰ ਤਕ ਜਾਂਦਾ ਹੈ।

ਤਤਕਰਾ

## 49 - ਤਨ-ਮਨ

ਤਨ ਦਰੁਸਤ,
ਮਨ ਦਰੁਸਤ।
ਜੇ
ਮਨ ਦਰੁਸਤ ਤਾਂ ਤਨ ਦਰੁਸਤ।

ਤਨ ਦੁਖੀ ਤਾਂ ਮਨ ਦੁਖੀ ਹੈ,
ਮਨ ਦੁਖੀ ਤਾਂ ਤਨ ਵੀ ਸੁਸਤ।

ਤਨ ਦਰੁਸਤ,
ਮਨ ਦਰੁਸਤ।
ਜੇ
ਮਨ ਦਰੁਸਤ ਤਾਂ ਤਨ ਦਰੁਸਤ।

ਉਲਝਣਾ ਵਿਚ ਫਸ ਵੀ ਜਾਵੇਂ,
ਤਾਂ ਵੀ ਰੱਖ ਤੂੰ ਮਨ ਨੂੰ ਚੁਸਤ।

ਤਨ ਦਰੁਸਤ,
ਮਨ ਦਰੁਸਤ।
ਜੇ
ਮਨ ਦਰੁਸਤ ਤਾਂ ਤਨ ਦਰੁਸਤ।

ਤਤਕਰਾ

## 50 – ਤੱਤ / ਭੁਲੇਖੇ

ਪਿਆਰ ਨੂੰ ਸਮੇਂ ਦੀ ਕੋਈ ਲੋੜ ਨਾ,
ਪਰ ਸਮਾਂ ਲਗਦੈ, ਨਿਬਾਹ ਦੇ ਵਾਸਤੇ।

ਹਰ ਨਜ਼ਾਰਾ ਹੁੰਦਾ ਹੈ ਦਿਲ ਦੀ ਪਸੰਦ,
ਇਹ ਨਹੀਂ ਹੁੰਦਾ, ਨਿਗਾਹ ਦੇ ਵਾਸਤੇ।

ਰੋਕਣ ਦੇ ਲਈ, ਡਰ ਹੈ ਭਲਮਾਣਸ ਨਹੀਂ,
ਹਰ ਸ਼ਖ਼ਸ ਇੱਛੁਕ, ਗੁਨਾਹ ਦੇ ਵਾਸਤੇ।

ਬੱਚਿਆਂ ਲਈ ਪਿਆਰ, ਨਹੀਂ ਕਾਰਣ ਇਹਦਾ,
ਸਰਬਰਾਹੀ ਹੈ , ਵਿਆਹ ਦੇ ਵਾਸਤੇ।

ਤਤਕਰਾ

ਮਹਾਰਾਜਾ ਰਣਜੀਤ ਸਿੰਘ ਦੀ ਤਾਜ-ਪੋਸ਼ੀ ਦੀ 200ਵੀਂ ਵਰ੍ਹੇ ਗੰਢ ‘ਤੇ

## 51 - ਤਾਜ-ਪੋਸ਼ੀ ਦਾ ਭੂਤ

ਬੜਾ ਅਫ਼ਸੋਸ ਹੈ ਕਿ ਕੁਝ ਪੰਜਾਬੀ ਲੇਖਕਾਂ ਮਿਲਕੇ,
ਮਨੁੱਖਤਾ ਦੀ ਭਲਾਈ ਦੇ, ਕੁਝ ਮਾਅਨੇ ਭੁਲਾਏ ਨੇ।
ਕਿਸੇ ਵੀ ਕੌਮ ਦਾ ਸਨਮਾਨ ਉਸਦੇ ਲੋਕ ਹੁੰਦੇ ਨੇ,
ਇਨ੍ਹਾਂ ਪਰਜਾ ਦੀ ਥਾਂ ‘ਤੇ ਸੋਹਿਲੇ ਰਾਜੇ ਦੇ ਗਾਏ ਨੇ।

ਤਸ਼ੱਦਦ ਕਰਕੇ ਬਣਦਾ ਸੀ, ਜੋ ਵੀ ਰਾਜਾ ਬਣਦਾ ਸੀ,
ਉਸ ਤੋਂ ਆਕੀਆਂ ਦੇ ਵਾਸਤੇ, ਸ਼ਮਸ਼ੀਰ ਹੁੰਦੀ ਸੀ।
ਜਿਹੜੇ ਚਾਪਲੂਸੀ ਕਰਦੇ ਸਨ ਤੇ ਈਨ ਮੰਨਦੇ ਸਨ,
ਉਨ੍ਹਾਂ ਬੇ-ਗ਼ੈਰਤਾਂ ਦੇ ਵਾਸਤੇ, ਜਾਗੀਰ ਹੁੰਦੀ ਸੀ।

‘ਦਰਜਨ’ ਰਾਜਿਆਂ ‘ਚੋਂ ਉੱਠਣਾ ਉਸਦੀ ਸਿਆਸਤ ਸੀ,
ਉਹ ਰਾਜਾ ਏਸ ਕਰਕੇ ਨਾ ਸੀ, ਕਿ ਬਹੁਤਾ ਬਹਾਦਰ ਸੀ।
ਉਸ ਦੇ ਸਮੇਂ ਦਾ ਇਖ਼ਲਾਕ, ਉਸ ਤੋਂ ਬਹੁਤ ਉੱਚਾ ਸੀ,
ਨਹੀਂ ਤਾਂ ਉਸਦਾ ਹਰ ਜਰਨੈਲ ਵੀ ਉਸਦੇ ਬਰਾਬਰ ਸੀ।

ਸਿਆਸਤ ਕਾਲ ਪਾ ਕੇ, ਅੰਨ ਦੇ ਕੇ, ਦਾਦ ਲੈਂਦੀ ਹੈ,
ਛੁਪਾ ਕੇ ਵਾਰ ਕਰਨਾ, ਏਸ ਦੀ ਔਕਾਤ ਹੁੰਦੀ ਹੈ।
ਆਪਣੇ ਰਾਜਸੀ ਰਾਹਾਂ ‘ਚ ਕੰਡਿਆਂ ਦੇ ਮਿਟਾਵਣ ਨੂੰ,
ਇ੍ਹਦਾ ਹਰ ਮਜ਼੍ਹਬ ਹੁੰਦਾ ਹੈ, ਇ੍ਹਦੀ ਹਰ ਜ਼ਾਤ ਹੁੰਦੀ ਹੈ।

ਜੇ ਰਣਜੀਤ ਸਿੰਘ ਨੇ ਸ਼ਾਹ-ਸ਼ੁਜਾ ਦੀ ਮੱਦਦ ਕੀਤੀ ਸੀ,
ਕੀ ਉਹ ਕੀਤੀ ਸੀ ਇਨਸਾਫ਼ ਦੇ ਦਸਤੂਰ ਦੀ ਖ਼ਾਤਿਰ,
ਮੇਰੀ ਸੋਚ, ਮੈਨੂੰ ਸੋਚਣ ਲਈ ਮਜਬੂਰ ਕਰਦੀ ਹੈ,
ਕਿ ਜਾਂ ਓਸ ਨੇ ਕੀਤੀ ਸੀ, ‘ਕੋਹ-ਏ-ਨੂਰ’ ਦੀ ਖ਼ਾਤਿਰ।

‘ਗੁਰੂ ਦਾ ਪੰਥ’ ਕਰਕੇ ਹੀ ਤਾਂ ਉਸਦਾ ਰਾਜ ਬਣਿਆਂ ਸੀ,
ਆਪਣੇ ਮੰਦੇ-ਕੰਮੀ ਜਦ ਉਹ ਇਸ ਤੋਂ ਦੂਰ ਹੋਇਆ ਸੀ,
ਆਪਣਾ ਰਾਜ ਕਾਇਮ ਰੱਖਣਾ, ਸੰਭਵ ਨਾ ਜਦ ਲੱਗਾ,
‘ਕੋੜੇ ਖਾਣ’ ਨੂੰ, ਉਹ ਏਸ ਲਈ ਮਜਬੂਰ ਹੋਇਆ ਸੀ।

ਤਤਕਰਾ

'ਖੋਰੀ' ਦੀ ਤਰ੍ਹਾਂ ਸਿੱਖ-ਰਾਜ, ਬਲਿਆ, ਬੁਝ ਗਿਆ ਉਸ ਤੋਂ,
ਬੁਝਦੀ ਚਿਣਗ ਨੂੰ, ਉਹ 'ਮੁੱਢ' ਦੀ ਢਾਰਸ ਨਾ ਦੇ ਸਕਿਆ।
ਦੂਰ-ਅੰਦੇਸ਼ ਨਾ ਹੋ ਕੇ, ਗ਼ੁਲਾਮੀ ਦੇ ਗਿਆ ਸਾਨੂੰ,
ਆਪਣੀ ਕਮ-ਨਿਗਾਹੀ ਕਰਕੇ ਉਹ ਵਾਰਿਸ ਨਾ ਦੇ ਸਕਿਆ।

ਧਰਮ ਤੇ ਫ਼ਲਸਫ਼ੇ ਦੇ ਵਾਸਤੇ, ਨਾ ਸੀ ਸਮਾਂ ਉਸ ਨੂੰ,
ਰਾਜੇ ਰਾਣਿਆਂ ਦੇ ਵਾਂਗ, ਉਹ ਵੀ ਬੇ-ਨਿਵਾਜਾ ਸੀ।
ਅਸੀਂ ਨਿੰਦਿਆ, ਹਮੇਸ਼ਾ ਇਸ ਤਰ੍ਹਾਂ ਦੇ ਰਾਜਿਆਂ ਤਾਈਂ,
ਆਪਣਾ ਸੀ ਤਾਂ ਕੀ ਹੋਇਆ ਮਗਰ ਉਹ ਵੀ ਤਾਂ ਰਾਜਾ ਸੀ।

'ਲੋਕਰਾਜ' ਦੀ ਨੀਂਹ ਸੀ ਗੁਰੂ ਗੋਬਿੰਦ ਨੇ ਰੱਖੀ,
ਮਨੁੱਖਤਾ ਦੇ ਲਈ ਇਸ 'ਤੇ, ਮਹਿਲ ਉਸਾਰਿਆ ਜਾਵੇ।
ਮਜ਼ਲੂਮਾ ਤੇ ਬੇ-ਸਹਾਰਿਆਂ ਦਾ ਭਾਰ ਚੁੱਕਣ ਲਈ,
'ਤਾਜ-ਪੋਸ਼ੀ' ਦਾ ਇਹ ਭੂਤ ਸਿਰ ਤੋਂ ਲਾਹ ਲਿਆ ਜਾਵੇ।

ਤਤਕਰਾ

## 52 – ਤ੍ਰਿਕਾਲਾਂ

ਹੁਣ ਤੇ ਥੱਕਿਆ ਸੂਰਜ ਵੀ ਘਰ ਨੂੰ ਮੁੜ ਚੱਲਿਆ,
ਦੂਰ ਦੇਸ਼ ਦਾ ਪੰਛੀ ਵੀ ਵਾਪਿਸ ਉੜ ਚੱਲਿਆ।

ਬਿਨ ਮੰਜ਼ਿਲ ਦੇ ਤੁਰ ਤੁਰ ਕੇ ਇਹ ਜਿੰਦੜੀ ਰੋਲੀ,
ਆਪਣੀ ਚਾਲੇ ਤੁਰਦੀ ਰਹੀ ਹੈ ਧਰਤ ਅਤੋਲੀ।

ਤੇਰੇ ਮੇਰੇ ਵਿਚ ਵਿਚਾਲੇ ਸਦੀਆਂ ਰਹੀਆਂ,
ਬਿਰਹੋਂ-ਕੁੱਠੇ ਕੰਢਿਆਂ ਦੇ ਵਿਚ ਨਦੀਆਂ ਰਹੀਆਂ।

ਨਾ ਹੀ ਤੇਰੇ ਅੰਗਾਂ ਮੇਰੇ ਅੰਗ ਸੁਲਗਾਏ,
ਨਾ ਹੀ ਸਾਡੀ ਲੋਅ ਨੇ ਕੋਈ ਦੀਪ ਜਗਾਏ।

ਨਾ ਹੁਸਨਾਂ ਦਾ ਨੂਰ, ਨਾ ਇਸ਼ਕਾਂ ਦਾ ਨਿੱਘ ਕੋਈ,
ਹਰ ਇਕ ਲੋਚ ਅਡੋਲ ਰਹੀ ਤੇ ਪੱਥਰ ਹੋਈ।

ਭਰੀਆਂ ਅੱਖੀਆਂ ਦੇ ਵਿਚ ਭਰ ਗਈ ਆਣ ਉਦਾਸੀ,
ਨੀਰ ਬਣਾਇਆ, ਨਜ਼ਰ ਮੇਰੀ ਪਰ ਰਹੀ ਪਿਆਸੀ।

ਜਜ਼ਬਿਆਂ ਦੀ ਇਕ ਲਾਟ ਅਣੋਖੀ ਅੱਗ ਲਗਾ ਗਈ,
ਚਿੰਤਾ, ਮੇਰੀ ਚਿੰਤਨ ਤਾਈਂ ਰਾਖ਼ ਬਣਾ ਗਈ।

ਤ੍ਰਿਸ਼ਨਾ ਦੇ ਤੀਬਰ ਝੱਖੜਾਂ ਨੇ ਸ਼ੋਰ ਮਚਾਇਆ
ਅਤ੍ਰਿਪਤੀ ਦੀ ਮੰਜ਼ਿਲ ਉੱਤੇ ਆਣ ਪੁਚਾਇਆ।

ਪੱਤੇ ਕਿਰ ਕਿਰ ਧਰਤੀ ਦੀ ਗੋਦੀ ਭਰ ਚੱਲੀ,
ਜਿੱਥੋਂ ਚੱਲੀ, ਓਥੇ ਹੀ ਹੈ ਜਿੰਦ ਇਕੱਲੀ।

ਦਿਲ ਹੀ ਦਿਲ ਨੂੰ ਬੀਤੇ ਦੀ ਗੱਲ ਆਖ ਸੁਣਾਵੇ,
ਲੰਮੇ ਹੁੰਦੇ ਜਾਂਦੇ ਨੇ ਢਲਦੇ ਪ੍ਰਛਾਵੇਂ।

ਸ਼ਾਂਤ-ਮਹਾਂਸਾਗਰ’ ਦੇ ਤਟ ‘ਤੇ ਆਣ ਖਲੋਇਆਂ,
ਖ਼ੁਸ਼ੀਆਂ, ਗ਼ਮੀਆਂ ਦੇ ਜਮਘਟ ‘ਤੇ ਆਣ ਖਲੋਇਆਂ।

ਕੀ ਦੱਸਾਂ! ਕਿ ਤਾਕਤਵਰ ਕਮਜ਼ੋਰ ਬੜਾ ਹੈ,
ਖ਼ਾਮੋਸ਼ੀ ਵਿਚ, ਆਪਣੇ ਆਪ ਦਾ ਸ਼ੋਰ ਬੜਾ ਹੈ।

ਤਤਕਰਾ

ਆ ਰਹੇ, ਘੁੱਪ-ਹਨੇਰਿਆਂ ਦਾ ਰਾਹ ਚੇਤੇ ਆਵੇ,
ਬਿਜਲੀ ਪੈ ਕੇ ਜਿਵੇਂ ਰੌਸ਼ਨੀ ਵੀ ਸੜ ਜਾਵੇ।

ਪਰ ਕੋਈ 'ਅੰਦਰਲਾ' ਹਾਲੇ ਨਾ ਢੇਰੀ ਢਾਹਵੇ,
ਇਹ ਇਕ ਸ਼ਾਮ-ਸੁਨਹਿਰੀ ਵੱਲ ਨੂੰ ਤੁਰਨਾ ਚਾਹਵੇ।

ਬਿਨ ਤੁਰਿਆਂ ਹੀ ਘਸੀਆਂ ਨੇ ਪੈਰਾਂ ਦੀਆਂ ਤਲੀਆਂ,
ਹੁਣ ਤੇ ਦੇਖ! ਅਸਾਡੀਆਂ ਸਿਖ਼ਰ ਦੁਪਹਿਰਾਂ ਢਲੀਆਂ।

ਦੂਰ ਦੇਸ਼ ਦਾ ਪੰਛੀ ਵੀ ਵਾਪਿਸ ਉੜ ਚੱਲਿਆ,
ਹੁਣ ਤੇ ਥੱਕਿਆ ਸੂਰਜ ਵੀ, ਘਰ ਨੂੰ ਮੁੜ ਚੱਲਿਆ।

ਤਤਕਰਾ

# 53 - ਤੇਰੀ ਤਸਵੀਰ

ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਬੜੇ ਰੰਗ ਵਰਤੇ ਨੇ ਚਿਹਰੇ ਦੇ ਉੱਤੇ,
ਇਹ ਸੁਹਣਾ ਤਾਂ ਲੱਗੇ, ਮੂੰਹੋਂ ਕੁਝ ਨਾ ਬੋਲੇ।
ਜਦੋਂ ਸਾਹਵੇਂ ਆਵਾਂ, ਨਾ ਹਿੱਲੇ, ਨਾ ਸੰਗੇ,
ਨਾ ਹੱਸ ਕੇ ਦਿਖਾਏ, ਨਾ ਅੱਖਾਂ ਹੀ ਖੋਲ੍ਹੇ।
ਮੈਂ ਕਿਹੜੇ ਖ਼ਿਆਲਾਂ ਤੇ ਰੰਗਾਂ ਨੂੰ ਲੱਭਾਂ,
ਜਿਨ੍ਹਾਂ ਵਿਚੋਂ ਤੇਰੀ ਝਲਕ ਮੁਸਕਰਾਏ,
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਜ਼ੁਲਫ਼ਾਂ ਨੂੰ ਚਿਤਰਨ ਲਈ ਰੰਗ ਲੱਭਦਾ,
ਮੈਂ ਹੋ ਪਾਣੀ ਪਾਣੀ ਘਟਾਵਾਂ 'ਚ ਵੜਿਆ,
ਕਿਸੇ ਨਾਗਣੀ ਦੇ ਚੁਰਾਵਣ ਲਈ ਜਲਵੇ,
ਮੈਂ ਸੱਪਾਂ, ਸਪੇਰੇ, ਸਰਾਲਾਂ ਨਾ' ਲੜਿਆ।
ਪਰ ਇਹ ਜ਼ੁਲਫ਼ ਤੇਰੀ, ਨਾ ਮੇਲ੍ਹੇ, ਨਾ ਡੱਸੇ,
ਨਾ ਮਹਿਕੇ, ਨਾ ਚਮਕੇ, ਨਾ ਬਿਜਲੀ ਗਿਰਾਏ,
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਚਮਕ ਸੂਰਜੋਂ ਲੈ, ਸਵੇਰੇ ਤੋਂ ਲਾਲੀ,
ਮੈਂ ਤੀਰਾਂ ਤੋਂ ਤਿੱਖੇ ਨਿਸ਼ਾਨੇ ਬਣਾਏ।
ਕਿਸੇ ਲਾਜਵੰਤੀ ਦੇ ਕੋਮਲ ਇਰਾਦੇ,
ਕਿਸੇ ਪਿਆਸੀ ਰੂਹ ਲਈ ਮੈਖ਼ਾਨੇ ਬਣਾਏ।
ਇਹ ਨੈਣਾ ਦਾ ਜਾਦੂ, ਨਾ ਸਿਰ ਚੜ੍ਹ ਕੇ ਬੋਲੇ,
ਨਾ ਸੈਨਤ ਹੀ ਮਾਰੇ, ਨਾ ਰਾਹੀਆਂ ਨੂੰ ਢ੍ਹਾਏ।
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਤਤਕਰਾ

ਤੇਰੀ ਚਾਲ ਵਿਚ ਹੈ ਜੋ ਮਸਤੀ ਤੇ ਸ਼ੋਖ਼ੀ,
ਇਹ ਹਾਥੀ ਤੇ ਦਰਿਆ ਦਾ ਸੰਗਮ ਬਣਾਇਆ,
ਗੱਲ ਇਹ, ਕਿ ਮੈਂ ਇਕ ਸਮੁੰਦਰ ਨੂੰ ਫੜ ਕੇ,
ਨਿੱਕੇ ਜਿਹੇ ਕੁੱਜੇ 'ਚ ਪਾਉਣਾ ਹੈ ਚਾਹਿਆ।
ਇਹ ਇਕ ਪੈਰ ਅੱਗੇ ਤੇ ਇਕ ਪੈਰ ਪਿੱਛੇ,
ਨਾ ਮਸਤੀ 'ਚ ਝੂਮੇ, ਨਾ ਭੜਥੂ ਹੀ ਪਾਏ,
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਕਲੀਆਂ ਭਰੀ ਲਚਕਦੀ ਸ਼ਾਖ਼ ਵਾਂਗੂੰ,
ਮੈਂ ਤੇਰੀਆਂ ਦੋਨੋਂ ਬਾਹਾਂ ਬਣਾਈਆਂ,
ਕਿਸੇ ਰੂਪਵੰਤੀ ਦੀ ਵਰ-ਮਾਲਾ ਬਣ ਕੇ,
ਮੇਰੇ ਗਲ ਨੂੰ ਵਧੀਆਂ, ਇਹ ਨਜ਼ਰੀਂ ਨਾ ਆਈਆਂ।
ਮੈਂ ਕਿਹੜੇ ਸਵੰਬਰ ਦੀ ਜੋਖੋਂ 'ਚੋਂ ਲੰਘਾਂ,
ਕਿ ਇਹ, ਹਾਰ ਆ ਕੇ ਮੇਰੇ ਗਲ 'ਚ ਪਾਏ।
ਮੈਂ ਤੇਰੇ ਸੁਹੱਪਣ ਨੂੰ ਰੰਗਾਂ 'ਚ ਢਾਲਾਂ,
ਇਹ ਤਸਵੀਰ ਤੇਰੀ ਬਣੇ ਨਾ, ਬਣਾਏ।

ਪਰ ਤਸਵੀਰ ਤੇਰੀ ਜੋ ਦਿਲ 'ਤੇ ਉਲੀਕੀ,
ਮੇਰਾ ਇਹਦਾ ਨਾਤਾ, ਜੁਗਾਂ ਤੋਂ ਪੁਰਾਣਾ।
ਹਨੇਰੇ ਸਵੇਰੇ ਰਵ੍ਹੇ ਚੌਹੀਂ ਪਾਸੀਂ,
ਕੋਈ ਇਸ ਤੋਂ ਸਿੱਖੇ, ਜੇ ਪ੍ਰੀਤਮ ਰੀਝਾਣਾ,
ਕੀ ਹੋਇਆ! ਇਹ ਤਸਵੀਰ ਰਹੀ ਹੈ ਅਧੂਰੀ,
ਕੀ ਹੋਇਆ ਜੇ ਮੈਥੋਂ ਬਣੀ ਨਾ ਬਣਾਏ,
ਇਹ ਸੱਧਰਾਂ ਤੋਂ ਉਪਜੀ, ਤਸੱਵਰ ਦੀ ਮੂਰਤ,
ਮੇਰੀ ਜ਼ਿੰਦਗੀ ਨੂੰ ਨਵੇਂ ਰਾਹ ਦਿਖਾਏ।

ਤਤਕਰਾ

ਡਾਕਟਰ ਮੁਹੰਮਦ ਇਕਬਾਲ ਕੇ ਨਾਮ

## 54 - ਤੇਰੇ ਵਜੂਦ ਕਾ ਮਰਕਜ਼

ਫ਼ਰਿਸ਼ਤਾ ਮੌਤ ਕਾ ਤੇਰੇ ਬਦਨ ਕੋ ਲੇ ਗਿਆ, ਲੇਕਿਨ
ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਕੋਹਸਾਰੋਂ ਮੇਂ, ਨਦੀਓਂ ਮੇਂ, ਹਸੀਂ ਰੰਗੀਂ ਫ਼ਿਜ਼ਾਓਂ ਮੇਂ,
ਬੁਲਬੁਲ ਕੇ ਤਰਾਨੋਂ ਮੇਂ, ਔ ਫੂਲੋਂ ਕੀ ਕਬਾਓਂ ਮੇਂ,
ਤੁਮ੍ਹੇਂ ਫ਼ਿਤਰਤ ਕੇ ਭੋਲੇਪਨ ਸੇ ਮੈਨੇ ਖੇਲਤੇ ਦੇਖਾ,
ਸਹਿਰਾਓਂ ਮੇਂ, ਗੁਲਸ਼ਨ ਮੇਂ, ਚਮਕਤੀ ਕਹਿਕਸ਼ਾਓਂ ਮੇਂ,

ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਜ਼ਰੂਰਤ ਥੀ ਅਗਰ ਆਵਾਮ ਕੋ, ਬਾਂਗ-ਏ-ਦਰਾਈ ਕੀ,
ਕਿਸੀ ਬੇਜ਼ਾਰ ਸੁਰ ਕੋ, ਨਗ਼ਮਾ-ਏ-ਸ਼ੋਅਲਾ ਸਰਾਈ ਕੀ,
ਜ਼ੇਰ-ਏ-ਖ਼ੰਜਰ ਭੀ ਤੌਹੀਦ ਕਾ ਪੈਗ਼ਾਮ ਕਹਿ ਡਾਲਾ,
ਅਪਨੇ ਮੁਲਕ-ਔ-ਖ਼ਲਕਤ ਕੀ ਐਸੀ ਰਹਿਨੁਮਾਈ ਕੀ।

ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਗ਼ਰੀਬੋਂ, ਬੇਕਸੋਂ ਕੇ ਵਾਸਤੇ ਬੋਲੀ ਜ਼ੁਬਾਂ ਤੇਰੀ,
ਵਤਨ ਕੇ ਸਰ-ਫ਼ਰੋਸ਼ੋਂ ਮੇਂ ਭੀ ਥੀ, ਤਰਜ਼-ਏ-ਬਯਾਂ ਤੇਰੀ,
ਤੇਰਾ ਰੋਨਾ ਨਹੀਂ, ਰੋਨਾ ਥਾ ਵੋਹ ਸਾਰੇ ਗੁਲਸਤਾਂ ਕਾ,
ਵੋਹ ਗੁਲ ਥਾ ਤੂ, ਖ਼ਿਜ਼ਾਂ ਹਰ ਗੁਲ ਕੀ ਥੀ ਗੋਯਾ ਖਿਜ਼ਾਂ ਤੇਰੀ।

ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਵਕਤ ਹੈ ਤੇਜ਼-ਗਾਮੀਂ, ਰੇਂਗਨੇ ਵਾਲੋਂ ਕਾ ਕਿਆ ਹੋਗਾ?
ਸਹਿਰਾ-ਏ-ਖ਼ਲਾ ਮੇਂ, ਬਾਗ ਕੇ ਪਾਲੋਂ ਕਾ ਕਿਆ ਹੋਗਾ?
ਵੋਹ ਐਸਾ ਰਿਜ਼ਕ, ਜੋ ਇਕ ਜਾਲ ਬਨ ਪ੍ਰਵਾਜ਼ ਕੋ ਰੋਕੇ,
ਉਸੇ ਖਾ ਕਰ, ਕਹੋ ਤੋ ਬਾਸੀ-ਏ-ਜਾਲੋਂ ਕਾ ਕਿਆ ਹੋਗਾ?

ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਤਤਕਰਾ

ਸਦਾਕਤ ਕੇ ਲੀਏ, ਇਕ ਤੜਪ ਮਰਨੇ ਕੀ ਜਗਾਈ ਥੀ,
ਅਪਨੇ ਪੈਕਰ-ਏ-ਖ਼ਾਕੀ ਮੇਂ, ਐਸੀ ਜਾਂ ਬਨਾਈ ਥੀ,
ਜ਼ਰਾ ਉਲਫ਼ਤ, ਜ਼ਰਾ ਹਿੰਮਤ, ਜ਼ਰਾ ਜ਼ੌਕ-ਏ-ਯਕੀਂ ਲੇਕਰ,
ਇਕ ਜੰਨਤ-ਨੁਮਾ ਦੁਨੀਆਂ ਕੀ ਤੁਮ ਨੇ ਰਾਹ ਸਜਾਈ ਥੀ।

ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਕਹਾ ਸੱਯਦ ਕੋ, ਮਿਰਜ਼ਾ ਕੋ ਕਿ ਮੁਸਲਮਾਨ ਹੋ ਜਾਓ,
ਅਪਨੀ ਏਕਤਾ ਸੇ, ਕੁੱਵਤ-ਏ-ਈਮਾਨ ਹੋ ਜਾਓ,
ਯਹੀ ਫ਼ੁਰਮਾਨ ਹੈ, ਅੱਲਾਹ ਕਾ, ਈਸਾ ਕਾ, ਨਾਨਕ ਕਾ,
ਕਿ ਹਰ ਇਨਸਾਨ ਸੇ ਬੜ੍ਹਕਰ, ਆਲ੍ਹਾ ਇਨਸਾਨ ਹੋ ਜਾਓ।

ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਹਮੀਂ ਸੇ ਇਬਤਦਾ ਔਰ ਖ਼ਤਮ ਹਰ ਇਕ ਦਾਸਤਾਂ ਹੋਗੀ,
ਅਗਰ ਹਮ ਸੇ ਨਾ ਹੋਗੀ, ਔਰ ਫਿਰ ਜਾਨੇ ਕਹਾਂ ਹੋਗੀ?
ਤੇਰੇ ਦਮ ਸੇ, ਐ ਮੇਰੇ ਹਮ-ਵਤਨ! ਦਾਅਵਾ ਯੇ ਹੈ ਮੇਰਾ,
ਹਮਾਰੀ ਦਾਸਤਾਂ ਕੇ ਬਾਅਦ ਹਰ ਇਕ ਦਾਸਤਾਂ ਹੋਗੀ।

ਫ਼ਰਿਸ਼ਤਾ ਮੌਤ ਕਾ ਤੇਰੇ ਬਦਨ ਕੋ ਲੇ ਗਿਆ, ਲੇਕਿਨ
ਤੇਰੇ ਵਜੂਦ ਕੇ ਮਰਕਜ਼ ਕੋ ਮੈਨੇ ਹਰ ਜਗਹ ਪਾਇਆ।

ਤਤਕਰਾ

## 55 - ... ... ਤੋ ਮੈਂ ਕਿਆ ਕਹੂੰ?

ਐ ਮੇਰੇ ਵਤਨ! ਤੁਝੇ ਕਿਆ ਹੂਆ?
ਕੋਈ ਪੂਛ ਲੇ ਤੋ ਮੈਂ ਕਿਆ ਕਹੂੰ?
ਕਿਆ ਹੈ ਕਤਲ-ਏ-ਆਮ ਕਾ ਸਿਲਸਿਲਾ?
ਕੋਈ ਪੂਛ ਲੇ ਤੋ ਮੈਂ ਕਿਆ ਕਹੂੰ?

ਜਹਾਂ ਬੁੱਧ ਹੂਆ, ਗਾਂਧੀ ਹੂਆ,
ਕਭੀ 'ਨਾਨਕੋਂ' ਕੀ ਉੱਠੀ ਸਦਾ,
ਵਹਾਂ ਨਫ਼ਰਤੋਂ ਕਾ ਹੈ ਕਾਮ ਕਿਆ?
ਕੋਈ ਪੂਛ ਲੇ ਤੋ ਮੈਂ ਕਿਆ ਕਹੂੰ?

ਮਾਨਾ, ਕਿ ਬਿਹਤਰੀ ਵਾਸਤੇ,
ਕੋਈ ਜਾਨ ਲੇ, ਕੋਈ ਜਾਨ ਦੇ,
ਕਿਆ ਯਹੀ ਹੈ ਏਕ ਹੀ ਰਾਸਤਾ?
ਕੋਈ ਪੂਛ ਲੇ ਤੋ ਮੈਂ ਕਿਆ ਕਹੂੰ?

ਜੋ ਚਿਰਾਗ਼-ਏ-ਇਲਮ-ਔ-ਤਮੀਜ਼ ਲੇ,
ਤੂ ਨੇ ਦੁਨੀਆ ਮੇਂ ਕੀ ਰੌਸ਼ਨੀ,
ਵੋਹ ਚਿਰਾਗ਼ ਖ਼ੁਦ ਕਿਉਂ ਬੁਝਾ ਦੀਆ?
ਕੋਈ ਪੂਛ ਲੇ ਤੋ ਮੈਂ ਕਿਆ ਕਹੂੰ?

ਤਤਕਰਾ

# 56 - ਤੁਲਸੀ ਦੇ ਪੱਤਰ

ਓ ਮਰਜੀਵੜਿਆ!
ਤੂੰ ਤੁਲਸੀ ਦੇ ਪੱਤਰ ਵਾਂਗੂੰ, ਚਾਰ ਚੁਫ਼ੇਰੇ ਮਹਿਕ ਲੁਟਾਵੇਂ,
ਬਣ ਜਾਵੇਂ ਦੁੱਖਾਂ ਦਾ ਦਾਰੂ, ਭਾਵੇਂ ਆਪਣਾ ਆਪ ਮਿਟਾਵੇਂ।

ਪ੍ਰੀਤੀਂ ਖੀਵੜਿਆ!
ਤੇਰਾ ਨਾਤਾ, ਰੂਹ ਦਾ ਨਾਤਾ, ਆਪਣੇ ਆਪ ਨੂੰ ਵੀ ਭੁੱਲ ਜਾਵੇਂ,
ਜਿਸ ਮੰਜ਼ਿਲ ਤਕ ਤੂੰ ਨਾ ਪਹੁੰਚੇਂ, ਓਥੋਂ ਤਕ ਤੂੰ ਪਿਆਰ ਪੁਚਾਵੇਂ।

ਜਗਦੇ ਦੀਵੜਿਆ!
ਕਤਰਾ ਕਤਰਾ ਕਰ ਕੇ ਆਪਣਾ, 'ਨ੍ਹੇਰਿਆਂ ਨੂੰ ਤੂੰ ਖਾਣਾ ਪਾਵੇਂ,
ਭਾਵੇਂ ਤੇਰੇ ਹੇਠ ਹਨੇਰਾ, ਤੂੰ ਲੋਕਾਂ ਨੂੰ ਰਾਹ ਦਿਖਾਵੇਂ।

ਜਗਦੇ ਦੀਵੜਿਆ!
ਪ੍ਰੀਤੀਂ ਖੀਵੜਿਆ!

ਪ੍ਰੀਤੀਂ ਖੀਵੜਿਆ!
ਓ ਮਰਜੀਵੜਿਆ!

ਤਤਕਰਾ

## 57 - ਤੂੰ ਤੇ ਮੈਂ

ਮੈਂ ਤੇਰਾ ਸਾਗਰ ਹਾਂ, ਤੂੰ ਮੇਰੀ ਜ਼ਮੀ।
ਪੂਰਦੇ ਹਾਂ, ਇੱਕ ਦੂਜੇ ਦੀ ਕਮੀ।

ਤੇਰੇ ਵਿਚ ਦੁਨੀਆਂ ਦੀ ਹਰ ਔਰਤ ਵਸੇ,
ਮੇਰੇ ਵਿਚ ਹੈ ਦੁਨੀਆਂ ਦਾ ਹਰ ਆਦਮੀ।

ਤੂੰ ਹੈਂ, ਜੋ ਸੂਰਜ ਨੇ ਹੰਝੂ ਕੇਰਿਆ,
ਮੈਂ, ਕਈ ਬੇਨਾਮ ਹੰਝੂਆਂ ਦੀ ਨਮੀ।

ਤੇਰੀ ਮੇਰੀ ਜੜ੍ਹ ਤਾਂ ਭਾਵੇਂ ਅਮਰ ਹੈ,
ਤੇਰੀ ਮੇਰੀ ਹੋਂਦ ਹੈ ਪਰ ਮੌਸਮੀ।

ਤੇਰੀ ਕੁੱਖ ਕਈ ਖ਼ੁਸ਼ੀਆਂ ਦੀ ਪ੍ਰਤੀਕ ਹੈ,
ਪਰ ਮੈਂ ਹਾਂ, ਅਤ੍ਰਿਪਤ-ਆਸਾਂ ਦੀ ਗ਼ਮੀ।

ਸੈਆਂ ਸਦੀਆਂ ਸ਼ਾਂਤ ਨਾ ਕਰ ਸਕੀਆਂ,
ਦੋਹਾਂ ਦੇ ਮਿਜ਼ਾਜ ਹਾਲੇ ਬਰਹਮੀ।

ਇਕ ਸੁਹਾਣੇ ਸਫ਼ਰ ਦੇ ਲਈ, ਇਕ ਥਾਂ
ਅੱਗ ਤੇ ਪਾਣੀ ਦਾ ਹੋਣਾ ਲਾਜ਼ਮੀ।

ਤਤਕਰਾ

# 58 - ਦੁੱਖ ਸਮੁੰਦਰੋਂ ਪਾਰ ਦੇ

ਖ਼ੁਸ਼ੀਆਂ ਜਾਣ ਕੇ ਪੱਲੇ ਪਾਏ, ਨਿੱਕਲੇ ਸਦਮੇ ਪਿਆਰ ਦੇ,
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਪਹਿਲੀ ਵਾਰੀ ਬਾਬਲ, ਤੈਥੋਂ ਐਸੀ ਲਈ ਵਿਦਾਈ,
ਸੁਰਗਾਂ ਦੀ ਇਸ ਧਰਤੀ 'ਤੇ ਵੀ, ਕੂੰਜ ਵਾਂਗ ਕੁਰਲਾਈ।
ਦਿਲ ਨੂੰ ਧੀਰਜ ਦੇਵਣ ਵਾਲੀ, ਅੰਮੜੀ ਚੇਤੇ ਆਈ।
ਨਾ ਏਥੇ ਅੰਮਾਂ ਦਾ ਜਾਇਆ, ਨਾ ਅੰਮਾਂ ਦੀ ਜਾਈ।
ਫੁੱਲਾਂ ਨਾਲ ਕੰਡੇ ਵੀ ਸਹਿਣੇ ਪੈਂਦੇ ਏਸ ਬਹਾਰ ਦੇ।
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਚੜ੍ਹ ਜਾ ਡੋਲੀ, ਭੁੱਲ ਕੇ ਪ੍ਰੀਤਾਂ, ਗ਼ਮ ਲੈ ਕੇ ਵਿਚ ਦਿਲ ਦੇ,
ਨਵੀਆਂ ਪ੍ਰੀਤਾਂ ਪਾ ਲਈਂ ਜਾ ਕੇ, ਕਦ ਕੋਈ ਵਿੱਛੜੇ ਮਿਲਦੇ!
ਜਿਹੜੇ ਰਾਹੀਂ, ਤੂੰ ਚਾਹਿਆ ਸੀ, ਸਾਥੀ ਬਣ ਕੇ ਚਲਦੇ,
ਉਹ ਰਸਤੇ ਅੱਜ ਮੁੱਕ ਗਏ ਨੇ, ਅਧਵਾਟੇ ਮੰਜ਼ਿਲ ਦੇ।

ਯਾਦਾਂ ਦਾ ਅੰਬਾਰ ਬਣਨਗੇ, ਇੱਕ ਟੁੱਟੇ ਇਕਰਾਰ ਦੇ।
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਮਿਹਨਤ ਕਰਕੇ ਦੋਹਾਂ ਨੇ, ਰਲ਼ ਮਿਲ਼ ਕੇ ਮਹਿਲ ਬਣਾਇਆ,
ਸੌ ਸੌ ਖ਼ੁਸ਼ੀਆਂ ਦੇ ਸੁਫ਼ਨੇ ਲੈ, ਰੀਝਾਂ ਨਾਲ ਸਜਾਇਆ।
ਬੇ-ਸਮਝੀ ਦੀ ਨ੍ਹੇਰੀ ਨੇ, ਉਹ ਪਲ ਵਿਚ ਆਣ ਮਿਟਾਇਆ,
ਹਾਲਾਤ ਦੇ ਚੱਕਰ ਨੇ, ਦੋਹਾਂ ਨੂੰ ਫ਼ਰਜ਼ ਭੁਲਾਇਆ।

ਅੱਜ ਤੋਂ ਹੁਣ ਇਹ ਕੁਝ ਨਹੀਂ ਲੱਗਦੇ, ਆਪਣੇ ਘਰ ਸੰਸਾਰ ਦੇ।
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਸਮੇਂ ਦੀਆਂ ਲੋੜਾਂ ਦਾ ਸਿੱਟਾ, ਰਿਸ਼ਤੇ ਨਾਤੇ ਸਾਰੇ,
ਇਹ ਜਜ਼ਬਾਤ ਜਾਂ ਅਸਲੀਅਤ ਦੇ ਰੰਗਾਂ ਨਾਲ ਸਵਾਰੇ।
ਇਹ ਫੁੱਲਾਂ ਤੋਂ ਹੌਲੇ ਵੀ ਨੇ ਤੇ ਪੱਥਰਾਂ ਤੋਂ ਭਾਰੇ,
ਇਨ੍ਹਾਂ ਦੀ ਲਾਜ ਬਚਾਵਣ ਵਾਲੇ, ਨਾ ਜਿੱਤੇ ਨਾ ਹਾਰੇ।

ਲੋੜ ਨਾ ਹੋਵੇ ਤਾਂ ਆਪਣੇ ਵੀ, ਆਪਣੇ ਮਨੋ ਵਿਸਾਰਦੇ,
ਵਿਚ ਪਰਦੇਸੀਂ ਦੂਣੇ ਲੱਗਦੇ, ਦੁੱਖ ਸਮੁੰਦਰੋਂ ਪਾਰ ਦੇ।

ਤਤਕਰਾ

ਪਰਵਾਸੀਆਂ ਲਈ

# 59 - ਧਰਤੀ ਦੀ ਮਹਿਕ

ਤੇਰਾ ਸ਼ਿਕਵਾ, ਕਿ ਮੈਂ ਕਿਵੇਂ ਲਿਖਿਆ?
ਕਿ "ਮੈਨੂੰ ਤੇਰੀਆਂ ਗਲੀਆਂ ਦੀ ਮਹਿਕ ਯਾਦ ਆਈ।"
ਜਿਵੇਂ, ਇਕ ਬੂਟੇ ਦੀ ਹਰ ਸ਼ਾਖ਼ ਦੇ ਕੰਡਿਆਂ ਵਿਚੋਂ,
ਮੈਨੂੰ ਅਣਦਿਸਦੀਆਂ ਕਲੀਆਂ ਦੀ ਮਹਿਕ ਯਾਦ ਆਈ।

ਤੂੰ ਇਹ ਲਿਖਿਆ:

ਕਿ ਇਨ੍ਹਾਂ ਗਲੀਆਂ ਦੀ ਰੌਣਕ ਉੱਤੇ,
ਹਰ ਸਮੇਂ ਮਾਂਦਪਨ ਦੇ ਸਾਏ ਨੇ,
ਇਨ੍ਹਾਂ ਗਲੀਆਂ 'ਚ ਫਿਰ ਰਹੇ ਲੋਕੀ,
ਜਿਵੇਂ ਮੁਰਦਾ ਜਲਾ ਕੇ ਆਏ ਨੇ।

ਰਾਜਨੀਤੀ ਅਤੇ ਧਰਮ ਦੇ ਅੰਨ੍ਹੇ-ਰਹਿਬਰ,
ਮੁਹੱਬਤਾਂ ਨੂੰ ਕਿਵੇਂ ਨਫ਼ਰਤਾਂ 'ਚ ਢਾਲ ਰਹੇ,
ਕਿ ਮੇਰੇ ਦੇਸ਼ ਦੇ ਸਹਿਮੇਂ ਤੇ ਕੁਚਲੇ ਵਾਸੀ,
ਆਪਣੀ ਬੁੱਕਲ 'ਚ, ਗ਼ੈਰਾਂ ਦੇ ਸੱਪ ਪਾਲ ਰਹੇ।

ਤੂੰ ਇਹ ਲਿਖਿਆ ਕਿ ਆਦਮ ਤੋਂ ਲੈ ਕੇ ਅੱਜ ਤਾਈਂ,
ਜ਼ਿੰਦਗਾਨੀ 'ਤੇ ਸਦਾ ਬੇ-ਨਿਆਂਈਂ ਦਾ ਰਾਜ ਰਿਹਾ,
ਇਨਸਾਨੀਅਤ ਸਦਾ ਇਨਸਾਨ ਦੀ ਮੁਹਤਾਜ ਰਹੀ,
ਜਾਬਰ ਤੇ ਜਰਵਾਣੇ ਦੇ ਸਿਰ ਉੱਤੇ ਸਦਾ ਤਾਜ ਰਿਹਾ।

ਏਥੇ, ਸਦੀਆਂ-ਪੁਰਾਣੀ-ਸੋਚ ਦੇ ਪਿੰਜਰੇ ਅੰਦਰ,
ਰਾਜਨੀਤੀ ਅਤੇ ਈਮਾਨ ਦਾ ਦਮ ਘੁਟਦਾ ਹੈ,
ਐਸੇ ਰਾਜਨੀਤੀ ਅਤੇ ਈਮਾਨ ਦੇ ਪਿੰਜਰੇ ਅੰਦਰ,
ਬੇਗੁਨਾਹ, ਬੇਬਸ ਇਨਸਾਨ ਦਾ ਦਮ ਘੁਟਦਾ ਹੈ।

ਤਤਕਰਾ

ਪਾਣੀ ਰਿੜਕਦੀ ਪਈ ਸਿਆਸਤ ਦੇ ਲਈ,
ਭਰਾ ਭਰਾ ਵੀ ਝੜਪ ਝੜਪ ਕੇ ਮਰੇ,
ਬੱਸਾਂ, ਗੱਡੀਆਂ ’ਚ ਜਾਂ ਮੁਕਾਬਲੇ ਅੰਦਰ,
ਮੇਰੇ ਵਤਨ ਦੀ ਜਵਾਨੀ ਤੜਪ ਤੜਪ ਕੇ ਮਰੇ।

ਇਨ੍ਹਾਂ ਸੜ ਰਹੇ ਰੱਖੜੀਆਂ, ਚੂੜਿਆਂ ਤਾਈਂ,
ਕਈ ਉਮਰਾਂ ਦੇ ਹੰਝੂ ਵੀ ਨਹੀਂ ਬੁਝਾ ਸਕਦੇ,
ਜ਼ਿੰਦਗੀ ਗੰਦ ਹੀ ਹੈ, ਬੋ ਹੀ ਹੈ, ਚੀਕ ਹੀ ਹੈ,
ਇਸ ਦੇ ਅਰਥ ਕਦੇ ਮਹਿਕ ਨਹੀਂ ਸਦਾ ਸਕਦੇ।

ਐ ਮੇਰੀ ਦੋਸਤ! ਇਤਹਾਸ ਗਵਾਹ ਹੈ ਸਾਡਾ,
ਕਿ ਭਾਵੇਂ ਬਰਬਾਦੀ ਰੁੱਤ ਬਦਲ ਬਦਲ ਕੇ ਆਉਂਦੀ ਰਹੀ,
ਹਨ੍ਹੇਰਿਆਂ ਤੇ ਤੂਫ਼ਾਨਾਂ ਦੀ ਭਰੀ ਰਾਤ ਮਗਰੋਂ,
ਨਵੀਂ ਸਵੇਰ ਸਦਾ ਮਚਲ ਮਚਲ ਕੇ ਆਉਂਦੀ ਰਹੀ।

ਅਸੀਂ ਹਮਲਾਵਰ ਦੇਖੇ, ਕਤਲ-ਏ-ਆਮ ਦੇਖੇ,
ਸਾਡੇ ਸਾਹਮਣੇ ਇਸ ਦੇਸ਼ ਦੇ ਟੋਟੇ ਹੋਂਦੇ ਰਹੇ,
ਅਸੀਂ ਡਿੱਗਦੇ ਰਹੇ, ਉੱਠਣਾ ਚਹੁੰਦੇ ਰਹੇ,
ਅਸੀਂ ਉਂਠਦੇ ਰਹੇ, ਉੱਠ ਖਲੋਂਦੇ ਰਹੇ।

ਸਮੇਂ ਦੀ ਮੰਗ ’ਤੇ, ਅਸੀਂ ਲਾਲ, ਹਰਾ ਤੇ ਚਿੱਟਾ[1]
ਇਨਕਲਾਬ ਜਾਨਾਂ ਦੇ ਬਦਲੇ ਵੀ ਲੈ ਕੇ ਆਉਂਦੇ ਰਹੇ,
ਅਸੀਂ ਮੇਲਿਆਂ ’ਚ, ਛਿੰਜਾਂ ਤੇ ਭੰਗੜੇ ਪਾਏ,
ਖ਼ੁਸ਼ੀ ਲਿਆਏ ਅਤੇ ਇਸ ਦੇ ਗੀਤ ਗਾਉਂਦੇ ਰਹੇ।

ਸਾਡੀ ਧਰਤੀ ਦੇ ਜ਼ੱਰੇ ਜ਼ੱਰੇ ਅੰਦਰ,
ਸਾਡੇ ਢੋਲੇ ਦੀ, ਮਾਹੀਏ ਦੀ ਤਾਨ ਬਿਖਰੀ ਏ,
ਸਾਡੇ ਝਨਾਂ, ਸਾਡੇ ਵਿਹੜੇ ਤੇ ਬੇਲਿਆਂ ਅੰਦਰ,
ਰਾਂਝਿਆਂ, ਹੀਰਾਂ ਦੀ ਸ਼ਾਨ ਬਿਖਰੀ ਏ।

ਤਤਕਰਾ

ਇਹ ਹੜੱਪਾ ਤੇ ਤਕਸ਼ਿਲਾ ਦੇ ਖੰਡਰ ਨਹੀਂ,
ਇਹ ਜੜ੍ਹਾਂ ਨੇ ਸੱਭਿਅਤਾ ਦੇ ਬਾਗ ਦੀਆਂ,
ਇਹ ਵੇਦ, ਰਾਮਾਇਣ ਤੇ ਬਾਣੀ[2] ਦਾ ਕਰਕੇ ਹੀ,
ਰੌਸ਼ਨੀਆਂ ਨੇ ਅੱਜ ਦੁਨੀਆਂ ਦੇ ਚਿਰਾਗ਼ ਦੀਆਂ।

ਇਹ ਸਾਡਾ ਗੌਰਵ ਹੈ ਜੋ ਇਨ੍ਹਾਂ ਗਲੀਆਂ ਵਿਚ ਵਸਿਆ,
ਏਥੇ ਪਰਬਤਾਂ ਨੂੰ ਢਾਉਣ ਵਾਲੇ ਜੇਰੇ ਨੇ,
ਗਲੀਆਂ, ਸੜੀਆਂ ਜ਼ਮੀਰਾਂ ਦੇ ਮਾਲਿਕ ਬੜੇ ਥੁਹੜੇ,
ਭੋਲੇ ਭਾਲੇ ਤੇ ਸਾਦਾ-ਦਿਲ ਬਥੇਰੇ ਨੇ।

ਐ ਮੇਰੀ ਦੋਸਤ! ਅੱਜ ਪੀੜਾਂ ਦੀ ਸੋਚ ਨਹੀਂ ਕਰਨੀ,
ਸਗੋਂ ਇਲਾਜ ਦਾ ਕੋਈ ਰਾਹ ਪੈਦਾ ਕਰਨਾ,
ਪਿੰਜਰਾ ਤੋੜਨ ਦੀ ਗੱਲ ਫੇਰ ਕਰ ਲਾਂ'ਗੇ,
ਪਹਿਲਾਂ ਉੱਡ ਜਾਣ ਦੀ ਚਾਹ ਪੈਦਾ ਕਰਨਾ।

ਗ਼ਮਾਂ ਤੋਂ ਬਚਣ ਲਈ ਕੋਈ ਵੀ ਫ਼ਿਕਰ ਨਾ ਕਰਨਾ,
ਇਹ ਫ਼ਿਕਰ ਵੀ ਤਾਂ ਉਨ੍ਹਾਂ ਜ਼ਾਲਿਮਾਂ 'ਚ ਸ਼ਾਮਿਲ ਹੈ,
ਇਹ ਉਹ ਦੁਸ਼ਮਣ ਹੈ ਜੋ ਆਪਣੇ ਹੀ ਦਿਲ 'ਚ ਪਲਦਾ ਹੈ,
ਇਹ ਉਹ ਆਪਣਾ ਹੈ ਕਿ ਜੋ ਆਪਣਾ ਹੀ ਕਾਤਿਲ ਹੈ।

ਸੁੱਤੀ-ਜ਼ਮੀਰ ਦੇ ਮਾਲਿਕ ਨੇ ਜ਼ੁਲਮ ਕਰਨਾ ਹੈ,
ਦੋ ਤਰੀਕੇ ਨੇ, ਜਿਨ੍ਹਾਂ ਓਸ ਨੂੰ ਹਟਾ ਦੇਣਾ:
ਉਹਨੂੰ ਡਰਾਉਣਾ ਪਿਆ ਤਾਂ ਉਹ ਵੀ ਕਰ ਲਾਂ'ਗੇ,
ਪਰ ਇਹ ਬਿਹਤਰ ਹੈ, ਜ਼ਮੀਰ ਨੂੰ ਜਗਾ ਦੇਣਾ।

ਜ਼ਿੰਦਗੀ ਗੰਦ ਵੀ ਸਹੀ, ਬੋ ਵੀ ਸਹੀ, ਚੀਕ ਸਹੀ,
ਇਸ ਦਾ ਅਰਥ ਮਹਿਕ ਵੀ ਹੋ ਸਕਦਾ ਹੈ,
ਸਾਡਾ ਵਿਸ਼ਵਾਸ ਜ਼ਰਾ ਅੱਜ ਥੁਹੜਾ ਗੰਧਲਾ ਹੀ ਸਹੀ,
ਇਹੋ ਉਮਰਾਂ ਦੇ ਧੋਣੇ ਵੀ ਧੋ ਸਕਦਾ ਹੈ।

ਤਤਕਰਾ

ਤੇਰੇ ਵਰਗੇ ਇਨਸਾਨ ਦੇ ਹਿਰਦੇ ਦੀ ਮਹਿਕ,
ਨਾ ਰਹੀ ਤਾਂ ਇਹ ਗੁਲਜ਼ਾਰ ਉੱਜੜ ਜਾਏਗਾ,
ਆਪਣੀ ਦੋਜ਼ਖ਼ ਬਣੀ ਧਰਤੀ ਦੀ ਮਹਿਕ ਭੁੱਲ ਬੈਠੇ,
ਤਾਂ ਸਾਡਾ ਪਰਵਾਸੀਆਂ ਦਾ ਪਿਆਰ ਉੱਜੜ ਜਾਏਗਾ।

---

1. ਲਾਲ = ਆਜ਼ਾਦੀ,
   ਹਰਾ = ਅਨਾਜ ਤੇ
   ਚਿੱਟਾ = ਦੁੱਧ ਵਾਸਤੇ
2. ਰਿਗ ਵੇਦ, ਬਾਲਮੀਕ ਦੀ ਰਾਮਾਇਣ ਅਤੇ ਗੁਰਬਾਣੀ ਪੰਜਾਬ ਨੇ ਦਿੱਤੇ

ਤਤਕਰਾ

# 60 – ਨਈ ਧੁਨ

ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।
ਪਿਆਰ ਜੋ ਸਿਖਲਾਏ, ਵੋਹ ਹੀ ਸਾਜ਼ ਪਿਆਰਾ ਚਾਹੀਏ।

ਬੰਦ ਕਰ ਯਿਹ ਸਾਜ਼ ਅਪਨੇ, ਤਾ ਕਿ ਮੈਂ ਕੁਛ ਸੁਨ ਸਕੂੰ,
ਜੰਗ-ਜੂ ਰਾਤੋਂ ਮੇਂ ਉਜਲੇ ਦਿਨ ਕੇ ਸਪਨੇ ਬੁਨ ਸਕੂੰ।
ਮੇਰੀ ਰਾਤੋਂ ਕੋ ਤੋ ਅਬ ਸੁਬਹ ਕਾ ਤਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਜੰਗ ਕੀ ਧੁਨ ਕੇ ਤਲੇ, ਚਰਖ਼ੇ ਕੀ ਗੂੰਜੇਂ ਖੋ ਗਈਂ।
ਕਿਤਨੀ ਬਿਰਹਨ ਕੋਇਲੇਂ ਭੀ, ਰੋਤੇ ਰੋਤੇ ਸੋ ਗਈਂ।
ਧੁਨ, ਜੋ ਸਬ ਕੁਛ ਛੀਨ ਲੇ, ਨਹੀਂ ਅਬ ਦੁਬਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਜੰਗ ਕੀ ਧੁਨ ਸੁਨਤੇ ਸੁਨਤੇ, ਕਬ ਸੇ ਉਕਤਾਇਆ ਹੂੰ ਮੈਂ।
'ਮੌਤ ਕੀ ਆਵਾਜ਼' ਕੇ ਬਦਲੇ ਮੇਂ ਕੁਛ ਲਾਇਆ ਹੂੰ ਮੈਂ।
ਇਸ ਨਈ ਧੁਨ ਕੇ ਲੀਏ, ਮੁਝੇ ਏਕ-ਤਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਸੁਨ! ਵੋਹ ਬੂੰਦੇਂ ਓਸ ਕੀ ਲੇਕਰ ਕੋਈ ਟਪਕਾ ਰਹਾ।
ਗੀਤ, ਹਵਾਓਂ ਸੇ ਕਹਿਤਾ ਔਰ ਸੁਨਤਾ ਜਾ ਰਹਾ।
ਦੇਖਨੇ ਸੁਨਨੇ ਕੋ, ਮੁਝ ਕੋ ਯਿਹ ਨਜ਼ਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਦੇਖ! ਵੋਹ ਝਾੜੀ ਮੇਂ ਛੁਪ ਕਰ, ਫੂਲ ਹੈ ਮੁਸਕਾ ਰਹਾ।
ਏਕ ਆਸ਼ਿਕ ਸੇ ਭੀ ਮੀਠੇ ਗੀਤ, ਭੰਵਰਾ ਗਾ ਰਹਾ।
ਲਗਤਾ ਹੈ, ਭੰਵਰੇ ਕੋ ਭੀ, ਕੋਈ ਹੁੰਗਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਦੂਰ ਕਰ ਦੋ, ਇਸ ਭਿਆਨਕ ਬੈਂਡ ਕੀ ਪਰਛਾਈਆਂ।
ਆਜ ਬਜਨੇ ਦੋ ਖ਼ੁਸ਼ੀ ਕੀ, ਹਰ ਤਰਫ਼ ਸ਼ਹਿਨਾਈਆਂ।
ਆਨੇ ਵਾਲੇ ਕੱਲ ਕੋ ਭੀ, ਕੁਛ ਤੋ ਹਮਾਰਾ ਚਾਹੀਏ।
ਨਾ ਦਮਾਮਾ ਚਾਹੀਏ, ਨਾ ਹੀ ਨਗਾਰਾ ਚਾਹੀਏ।

ਤਤਕਰਾ

## 61 - ਨਾਂਹ ਦਾ ਮਤਲਬ ਨਾਂਹ

ਪੰਜਾਬ ਵਿਚ ਇਕ ਗੀਤ ਸੁਣਦੇ ਹੁੰਦੇ ਸੀ:

ਜਦ ਮੁੰਡਾ ਫੜ ਲਏ ਬਾਂਹ,
ਅੱਗੋਂ ਕੁੜੀ ਕਹਿ ਦੇਵੇ ਨਾਂਹ,
ਸਮਝੋ ਲੜ ਗਿਆ ਪੇਚਾ।

ਦੁਨੀਆਂ ਭਰ ਦੀਆਂ ਸੱਭਿਅਤਾਵਾਂ ਵਿਚ, ਪਿਆਰ ਜਾਂ ਇਸ਼ਕ ਦਾ ਇਹ ਵੀ ਅੰਦਾਜ਼ ਸੀ। ਹਿੰਦੋਸਤਾਨੀ ਸ਼ਾਇਰੀ ਦਾ ਇਕ ਬਹੁਤ ਵੱਡਾ ਹਿੱਸਾ, ਏਸੇ ਅੰਦਾਜ਼ ‘ਤੇ ਆਧਾਰਿਤ ਹੈ।

ਦਸੰਬਰ 1991 ਵਿਚ, ਜਦ ਕੈਨੇਡੀਅਨ ਪਾਰਲੀਮੈਂਟ ਵਿਚ ‘ਬਿੱਲ ਸੀ-49 (ਨਾਂਹ ਦਾ ਮਤਲਬ ਨਾਂਹ)’ ਪੇਸ਼ ਹੋਇਆ ਤਾਂ ਮੈਂ ਸ਼ਾਇਰੀ ਦੇ ਇਸ ਅੰਦਾਜ਼ ਦਾ ਯੁਗ ਬਦਲਦਾ ਦੇਖਿਆ।

ਇਸ ‘ਬਿੱਲ’ ਦੇ ਪਾਸ ਹੋਣ ਨਾਲ, ਕੈਨੇਡਾ ਦੁਨੀਆਂ ਵਿਚ ਦੂਸਰਾ ਦੇਸ਼ ਹੋਵੇਗਾ ਜਿੱਥੇ ਇਕ ਪਤੀ ਨੂੰ ਪਤਨੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਸਜ਼ਾ ਹੋ ਸਕੇਗੀ ਅਤੇ ਪਤਨੀ ਨੂੰ ਪਤੀ ਨਾਲ।

ਪ੍ਰੀਤਮ ਸਿੰਘ ਧੰਜਲ
ਦਸੰਬਰ 1991

ਜੀ ਆਇਆਂ ਮੇਰੀ ਪਤਨੀ! ਤੂੰ ਮੇਰੇ ਦੇਸ਼ ਆਈ ਏਂ,
ਆਪਣੀ ਆਤਮਾ ਤੇ ਜਿਸਮ ਦੇ ਤੋਹਫ਼ੇ ਲਿਆਈ ਏਂ।

ਮੈਂ ਇਹ ਦੱਸ ਦਿਆਂ, ਇਕਰਾਰ ਦੇ ਕਾਬਲ ਹਾਂ ਮੈਂ, ਸੱਜਣੀ!
ਸਿਰਫ਼ ਏਨਾ ਹੀ ਨਹੀਂ, ਇਤਬਾਰ ਦੇ ਕਾਬਲ ਹਾਂ ਮੈਂ, ਸੱਜਣੀ!

ਮੈਂ ਤੇਰੇ ਨਾਲ ਇਹ ਇਕਰਾਰ ਕਰਦਾ ਹਾਂ, ਮੇਰੀ ਪਿਆਰੀ!
ਨਿਭਾਵਾਂਗਾ ਵਫ਼ਾ ਹਰ ਹਾਲ, ਆਪਣੀ ਜ਼ਿੰਦਗੀ ਸਾਰੀ।

ਜੀਵਨ ਦੇ ਸਫ਼ਰ ‘ਤੇ ਤੁਰਦੇ ਤੁਰਦੇ ਥੱਕ ਵੀ ਜਾਈਦੈ,
ਇੱਕੋ ਕੰਮ ਨੂੰ ਹਰ ਰੋਜ਼ ਕਰਕੇ ਅੱਕ ਵੀ ਜਾਈਦੈ।

ਤਤਕਰਾ

ਥਕੇਵੇਂ ਤੇ ਅਕੇਵੇਂ, ਇਕ ਦੂਜੇ ਤੋਂ ਦੂਰ ਕਰ ਜਾਂਦੇ,
ਇਹ, ਕਈ ਸੁਪਨਿਆਂ ਦੇ ਮਹਿਲ ਚਕਨਾ ਚੂਰ ਕਰ ਜਾਂਦੇ।

ਥਕੇਵੇਂ ਤੇ ਅਕੇਵੇਂ ਤੋਂ ਬਚੇ ਰਹਿਣਾ ਜ਼ਰੂਰੀ ਹੈ,
ਦਿਲ ਦੀ ਹੁੰਮਸ ਨੂੰ ਸੁਣਨਾ ਅਤੇ ਕਹਿਣਾ ਜ਼ਰੂਰੀ ਹੈ।

ਸਮਾਂ ਸੀ, ਜਦ ਕਦੇ ਸ਼ਰਮ-ਔ-ਹਯਾ ਅਣਮੋਲ ਗਹਿਣਾ ਸੀ,
ਜਦੋਂ ਔਰਤ ਦਾ ਸੱਭਿਅਤਾ ਦੇ ਵਿਚ, ਖ਼ਾਮੋਸ਼ ਰਹਿਣਾ ਸੀ।

ਦਿਲ ਦੀ ਗੱਲ, ਚਹੁੰਦੇ ਹੋਏ ਵੀ ਮੂੰਹ ’ਤੇ ਨਾ ਆਉਂਦੀ ਸੀ,
ਔਰਤ, ਪਿਆਰ ਦਾ ਇਜ਼ਹਾਰ ਕਰਨ ਤੋਂ ਵੀ ਲੱਜਾਉਂਦੀ ਸੀ।

ਸ਼ੋਖ਼ੀ ਸੀ, ਸ਼ਰਾਰਤ ਸੀ, ਤੜਪ ਸੀ ਜਾਂ ਖ਼ੁਮਾਰੀ ਸੀ,
ਪਰ ਖ਼ਾਮੋਸ਼-ਮੁਹੱਬਤ ਦੀ ਆਯੂ, ਉਮਰ ਸਾਰੀ ਸੀ।

ਇਜ਼ਹਾਰ-ਏ-ਮੁਹੱਬਤ ਵੱਖ ਵੱਖ ਲਫ਼ਜ਼ਾਂ ‘ਚ, ਕਹਿ ਜਾਣਾ,
ਅਦਾ ਦੇ ਨਾਲ ‘ਨਾਂਹ’ ਜਾਂ ਮੁਸਕਰਾ ਕੇ ‘ਹਾਂ’ ‘ਚ ਕਹਿ ਜਾਣਾ।

ਇਸ਼ਕ ਦਾ, ਆਸ਼ਕੀ ਦਾ, ਸ਼ਾਇਰੀ ਦਾ ਰੰਗ, ਵੱਖਰਾ ਸੀ,
ਕਿਸੇ ਦੀ ਦੀਦ ਦਾ, ਉਮੀਦ ਦਾ ਹਰ ਢੰਗ ਵੱਖਰਾ ਸੀ।

ਉਹ ਸਮਿਆਂ ਦੀ ਨਜ਼ਾਕਤ ਸੀ ਤੇ ਪ੍ਰੀਤਾਂ ਦੀ ਅਦਾਕਾਰੀ,
ਨਹੀਂ ਉਸ ਨੂੰ ਸਮਝ ਸਕਦੀ, ਇਹ ਅੱਜ ਦੀ ਤੇਜ਼-ਰਫ਼ਤਾਰੀ।

ਏਸੇ ਲਈ ਹੀ ‘ਹਾਂ’ ਜਾਂ ‘ਨਾਂਹ’ ਲਈ ਕਾਨੂੰਨ ਹੈ ਏਥੇ,
ਦਿਲ ਦੀ ਗੱਲ, ਸਿੱਧਿਆਂ ਕਹਿਣ ਦਾ ਜਨੂੰਨ ਹੈ ਏਥੇ।

ਏਥੇ ‘ਨਾਂਹ’ ਦਾ ਮਤਲਬ ਸਿਰਫ਼ ਇੱਕੋ, ‘ਨਾਂਹ’ ਹੀ ਹੁੰਦਾ ਹੈ।
ਤੇ ਏਥੇ ‘ਹਾਂ’ ਦਾ ਮਤਲਬ ਸਿਰਫ਼ ਇੱਕੋ, ‘ਹਾਂ’ ਹੀ ਹੁੰਦਾ ਹੈ।

ਸੋ ਆਪਣੀ ‘ਹਾਂ’ ਨੂੰ, ਝੂਠਾ ‘ਨਾਂਹ’ ਦਾ ਲਿਬਾਸ ਨਾ ਪਾਈਂ
ਤੇ ਦਿਲ ਦੀ ਗੱਲ, ਹੋਠਾਂ ‘ਤੇ ਲਿਆਓਣੋ ਤੂੰ ਨਾ ਸ਼ਰਮਾਈਂ।

ਜੀ ਆਇਆਂ ਮੇਰੀ ਪਤਨੀ! ਤੂੰ ਮੇਰੇ ਦੇਸ਼ ਆਈ ਏਂ ... ...

ਤਤਕਰਾ

## 62 - ਨਿਰਪ - ੳ

ਜੋ ਸੁੱਕਾ ਹੋਵੇ, ਨਿਰਪ ਹੈ।
ਜੋ ਰੁੱਖਾ ਹੋਵੇ, ਨਿਰਪ ਹੈ।
ਲੱਖ ਨਿਅਮਤ ਘਰ ਵਿਚ ਹੁੰਦਿਆਂ,
ਜੋ ਭੁੱਖਾ ਹੋਵੇ, ਨਿਰਪ ਹੈ।

ਮਨ ਉੱਚੇ ਵਾਲਾ, ਨਿਰਪ ਹੈ।
ਮੱਤ ਨੀਂਵੀਂ ਵਾਲਾ ਨਿਰਪ ਹੈ।
ਘਰ ਫੂਕ ਜੋ ਚਾਨਣ ਦੇਵੰਦਾ,
ਐਸਾ ਉਜਾਲਾ, ਨਿਰਪ ਹੈ।

ਅਮਿਤੋਜ ਨੂੰ ਵਰਤੇ, ਨਿਰਪ ਹੈ।
ਜੋ ਫੌਜ ਨੂੰ ਵਰਤੇ, ਨਿਰਪ ਹੈ।
ਆਪਣੀ ਹੀ ਧਾਂਕ ਜਮਾਣ ਲਈ,
ਜੋ ਖੋਜ ਨੂੰ ਵਰਤੇ, ਨਿਰਪ ਹੈ।

ਜੋ ਜ਼ੁਲਮ ਕਮਾਵੇ, ਨਿਰਪ ਹੈ।
ਬਣਿਆਂ ਨੂੰ ਢਾਵੇ, ਨਿਰਪ ਹੈ।
ਆਪਣਾ ਮਨ ਠੰਡਾ ਕਰਨ ਲਈ,
ਅੱਗਾਂ ਲਗਵਾਵੇ, ਨਿਰਪ ਹੈ।

ਰੱਬ ਦਾ ਘਰ ਢਾਵੇ, ਨਿਰਪ ਹੈ।
ਜੀਵਨ ਮਿਟਵਾਵੇ, ਨਿਰਪ ਹੈ।
ਆਪਣੀ ਤਾਕਤ ਦੇ ਜ਼ੋਰ ‘ਤੇ,
ਜੋ ‘ਰੱਬ’ ਅਖਵਾਵੇ, ਨਿਰਪ ਹੈ।

ਹਰ ਨਿਰਪ ਦੇ ਸੌ ਸੌ ਰੂਪ ਨੇ,
ਖ਼ੁਦ ਦਾ ਮਤਵਾਲਾ, ਨਿਰਪ ਹੈ।
ਅਨਿਰਪ ਦੇ ਭੇਸ ‘ਚ ਵੀ ਮਿਲੇ,
ਇਹ ਬੜਾ ਨਿਰਾਲਾ ਨਿਰਪ ਹੈ।

ਤਤਕਰਾ

## 63 - ਨਿਰਪ - ਅ

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਮੈਂ ਇਹ ਕਹਿੰਦਾ ਹਾਂ ਕਿ ਕੋਸ਼ ਦੇ ਸਫ਼ਿਆਂ ਉੱਤੋਂ,
ਜ਼ੁਲਮ ਤੇ ਜ਼ਾਲਿਮ ਦੇ ਲਫ਼ਜ਼ ਮਿਟਾ ਦੇਣਾ।
ਬਾਰਬੇਰੀਅਨ ਜੋ ਮਰ ਗਿਆ ਸੀ ਕਦੀ,
ਉਸ ਦੀ ਕਬਰ ਨੂੰ ਪੁੱਟ ਕੇ, ਉਹਨੂੰ ਜਗਾ ਦੇਣਾ।

ਕੋਈ ਜੇ ‘ਕਰ’ ਨਾ ਦੇ ਸਕੇ ਤਾਂ ਉਸਦੇ ਜਿਸਮ ਉੱਤੋਂ,
ਸਿਰਫ਼ ਕੱਪੜੇ ਹੀ ਨਹੀਂ, ਬੋਟੀਆਂ ਉੜਾ ਦੇਣਾ,
ਕੋਈ, ਜੇ ਉਹ ਨਾ ਕਰੇ, ਜੋ ਵੀ ਉਸਨੂੰ ਕਹਿ ਦੇਵੋ,
ਤਾਂ ਤੱਤੀ ਤਵੀ ਦੇ ਉੱਤੇ ਉਹਨੂੰ ਸੜਵਾ ਦੇਣਾ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਔਰਤਾਂ ਵੀ ਜੇ ਹੱਕ ਦੀ ਮੰਗ ਕਰਨ,
ਉਹਨਾਂ ਦੀ ਸਾਂਭੀ ਹੋਈ ਇੱਜ਼ਤ ਨੂੰ ਹੱਥ ਪਾ ਲੈਣਾ।
ਉਨ੍ਹਾਂ ਦੇ ਬੱਚਿਆਂ ਦੇ ਟੋਟੇ ਕਰ ਦੇਣਾ,
ਉੱਠਦੀ ਪੀੜ੍ਹੀ ਦੀ ਬਗ਼ਾਵਤ ਨੂੰ ਵੀ ਦਬਾ ਲੈਣਾ।

ਭੁੱਖੇ, ਨੰਗੇ ਤੇ ਬੇਘਰ, ਅਜੇ ਵੀ ਥੁਹੜੇ ਨੇ,
ਆਓ! ਕਿ ਇਨ੍ਹਾਂ ਦੀ ਗਿਣਤੀ ਨੂੰ ਵੀ ਵਧਾ ਲਈਏ।
ਕਦਮ ਕਦਮ ‘ਤੇ ਗ਼ੁਲਾਮਾਂ ਦੀ ਲੋੜ ਪੈਂਦੀ ਹੈ,
ਮਹਿਲ ਮਹਿਲ ਵਿਚ ਇਹ ਲੋੜਵੰਦ ਸਜਾ ਲਈਏ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਤਤਕਰਾ

'ਹੀਰੋਸ਼ੀਮਾਂ' ਦਾ ਕੋਈ ਨਾ ਨਾਮ ਲਵੇ,
'ਵਿਸ਼ਵ-ਜੰਗਾਂ' ਨੂੰ ਵੀ ਭੁਲਾ ਲਈਏ।
ਕਦੇ 'ਰਾਵਣ','ਹਿਟਲਰ','ਬੁਸ਼' ਦੇ ਵਾਂਗ ਅਸੀਂ,
ਅਣਗਿਣਤ ਲੋਕਾਂ ਤੋਂ ਆਪਣਾ ਬਦਲਾ ਲਈਏ।

ਜੇ ਧਰਤੀ ਮਿਟ ਰਹੀ ਤਾਂ ਇਸ ਦਾ ਫ਼ਿਕਰ ਕੀ ਕਰਨਾ!
ਕਾਰਖ਼ਾਨਿਆਂ ਨੂੰ ਕਿਵੇਂ ਜਿੰਦਰੇ ਲਗਾ ਲਈਏ?
ਜੇ ਜ਼ਹਿਰੀ ਹੋ ਰਿਹਾ ਹੈ ਵਾਤਾਵਰਣ, ਤਾਂ ਕੀ ਹੋਇਆ?
ਚਲੋ! ਕਿ ਤਾਜ਼ਾ ਪਹਾੜੀ 'ਤੇ ਡੇਰਾ ਲਾ ਲਈਏ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਕੌਣ ਹੈ? ਜੋ ਖੜਿਆਂ ਹੋ ਕੇ ਸਾਡੇ ਸਾਹਮਣੇ,
ਸਾਡੀਆਂ ਗੋਲੀਆਂ ਦੀ ਤਾਕਤ ਨੂੰ ਲਲਕਾਰੇਗਾ?
ਕੌਣ ਹੈ? ਜੋ ਹੱਕ ਦਾ ਨਾਅਰਾ ਲਾ ਕੇ,
ਆਪਣੇ ਕਹੇ ਹੋਏ ਨੂੰ, ਕਰ ਗੁਜ਼ਾਰੇਗਾ?

ਇਨ੍ਹਾਂ, ਰੋਟੀ ਲਈ ਤਰਸਦੇ ਜੀਵਾਂ ਚੋਂ, ਕੋਈ
ਸਾਡੀ ਬਰਾਬਰੀ ਦਾ ਦਾਅਵਾ ਨਹੀਂ ਕਰ ਸਕਦਾ।
ਜ਼ਹਿਰ ਖਾ ਕੇ ਜਾਂ ਭੁੱਖ ਨਾਲ ਤਾਂ ਮਰ ਸਕਦਾ ਹੈ,
ਆਪਣੀ ਇੱਜ਼ਤ ਤੇ ਅਣਖ ਲਈ ਨਹੀਂ ਮਰ ਸਕਦਾ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਤਤਕਰਾ

## 64- ਨਿਰਪ - ੲ

ਇਕ ਜੰਗਲ ਬੀਆਬਾਨ ਸੀ,
ਲੱਗੇ, ਕਿ ਕਬਰਸਤਾਨ ਸੀ,
ਇਕ ਮਹਿਲ, ਸੁੰਨਾਂ ਦੇਖਿਆ,
ਗ਼ਮ ਦੇ ਵਿਚ ਰੁੰਨਾਂ ਦੇਖਿਆ।
ਮੱਕੜੀ ਦਾ ਜਾਲਾ ਬੁਣੀਂਦਾ,
ਪੱਤਾ ਵੀ ਡਿੱਗੇ, ਸੁਣੀਂਦਾ।
ਉਹਦੇ ਅੰਦਰ ਬੁੱਤ ਹੀ ਬੁਤ ਖੜੇ,
ਸਾਰੇ ਦੇ ਸਾਰੇ ਚੁੱਪ ਖੜੇ।
ਕਈ ਮਰਦ ਤੇ ਕਈ ਸਨ ਨਾਰੀਆਂ,
ਜਿਵੇਂ ਇੰਤਜ਼ਾਰਾਂ ਮਾਰੀਆਂ,
ਚੌਗਿਰਦਾ ਬੇ-ਆਵਾਜ਼ ਸੀ,
ਹਰ ਸ਼ੈਅ ਵਿਚ ਛੁਪਿਆ ਰਾਜ਼ ਸੀ।
ਕੋਈ ਜ਼ੋਰ ਦਾ ਹਾਸਾ ਹੱਸਿਆ,
ਜਿਵੇਂ ਖ਼ੌਫ਼ ਦਾ ਬੱਦਲ ਵੱਸਿਆ।
ਫਿਰ ਨੇੜੇ ਆ ਕੇ ਬੋਲਿਆ,
ਉਸ ਭੇਦ ਇਸ ਤਰ੍ਹਾਂ ਖੋਲ੍ਹਿਆ,
"ਇਹ ਮੇਰਾ ਹੀ ਘਰ ਬਾਰ ਸੀ,
ਮੈਨੂੰ ਇਸ ਦੇ ਨਾਲ ਪਿਆਰ ਸੀ।
ਕੀ ਘਰ ਅੰਦਰ, ਕੀ ਬਾਹਰ ਨੇ,
ਸਭ ਮਤਲਬ ਦੇ ਹੀ ਯਾਰ ਨੇ।
ਪੱਥਰ ਦਿਲ ਸਭ ਇਨਸਾਨ ਹਨ,
ਪੱਥਰ ਦੇ ਹੀ ਭਗਵਾਨ ਹਨ।
ਪੱਥਰਾਂ ਨਾਲ ਨਾਤਾ ਜੋੜਿਆ,
ਪੱਥਰਾਂ ਨੇ ਸਭ ਕੁਝ ਤੋੜਿਆ।
ਐਸੇ ਹਾਲਾਤ ਤੋਂ ਅੱਕ ਕੇ,
ਇਸ ਲੰਬੀ ਦੌੜ ਤੋਂ ਥੱਕ ਕੇ,
ਲੈ ਛੈਣੀਆਂ, ਸੁੰਬੇ, 'ਥੋੜੀਆਂ,
ਮੈਂ ਕਈ 'ਚੱਟਾਨਾਂ' ਤੋੜੀਆਂ।

ਤਤਕਰਾ

ਹੁਣ ਐਸੇ ਬੁੱਤ ਬਣਾ ਰਿਹਾਂ,
ਜੋ ਜੀ ਚਾਹਵੇ, ਕਰਵਾ ਰਿਹਾਂ।
ਜੋ ਚਾਹਵਾਂ, ਬੁੱਤ ਬਣਾਵੰਦਾ,
ਇਸ ਥਾਂ ਹਾਂ ਰੱਬ ਅਖਵਾਵੰਦਾ”।

## 65 - ਨਿਰਪ - ਸ

ਤਹਿਜ਼ੀਬ-ਜ਼ਾਫ਼ਤਾ ਜਗ ਵਾਲੇ,
ਤਨ ਢਕਨੇ ਪਰ ਜਬ ਆਤੇ ਹੈਂ,
ਰੂੰਈਂ ਕੀ ਖਿਲੀ ਕਲੀਓਂ ਕੋ ਵੋਹ,
ਖੇਤੋਂ ਸੇ ਨੋਚ ਕੇ ਲਾਤੇ ਹੈਂ।
ਰੇਸ਼ਮ ਕੇ ਕੀੜੇ ਕੋ ਜ਼ਿੰਦਾ,
ਉਸ ਕੇ ਘਰ ਮੇਂ ਹੀ ਜਲਾਤੇ ਹੈਂ।
ਇਕ ਤਨ ਕੀ ਖਾਲ ਸਜਾਨੇ ਕੋ,
ਕਈ ਖਾਲ1 ਉਤਾਰੇ ਜਾਤੇ ਹੈਂ।

ਤਤਕਰਾ

## 66 - ਨਿਰਪ - ਹ

ਆਗ ਬਰਸਾਈ ਬਰਫ਼1 ਨੇ, ਵਾਦੀਓਂ ਮੇਂ ਚਾਰ ਸੂ,
ਪਾਨੀ ਬਨ ਕਰ ਰਹਿ ਗਿਆ ਹੈ, ਖ਼ੌਲਤਾ ਫਿਰਤਾ ਲਹੂ।

ਗਾਓਂ ਕੀ ਗਲੀਓਂ ਪਿਹ ਕੈਸੇ ਆ ਕੇ ਦਹਿਸ਼ਤ ਛਾ ਗਈ,
ਦਿਲ ਤਲਾਤਮ2 ਸੇ ਭਰੇ ਹੈ, ਔਰ ਚਿਹਰੇ ਜ਼ਰਦ-ਰੂ।

ਵੋਹ ਤੋ ਖ਼ੰਜਰ ਕੀ ਜ਼ੁਬਾਂ ਸੇ ਅਮਨ ਕੀ ਬਾਤੇਂ ਕਰੇਂ,
ਮੈਂ ਕਹੂੰ ਕਿ ਹੋ ਰਹੀ ਬਰਬਾਦੀਓਂ ਕੀ ਗੁਫ਼ਤਗੂ।

ਤੂ ਭੀ ਮਿੱਟੀ ਹੈ ਸਿਤਮਗਰ! ਫਿਰ ਤੇਰਾ ਜਾਦੂ ਕਹਾਂ?
ਨਾ ਨਯਾ ਪੌਦਾ ਉਗਾਏ, ਨਾ ਭਰੇ ਤੂ ਰੰਗ-ਔ-ਬੂ।

ਲੌਟ ਆਓ! ਉਸ ਤਰਫ਼ ਤੋ ਲਾਸ਼ੋਂ ਕੇ ਅੰਬਾਰ ਹੈਂ,
ਵੋਹ ਸਕੂੰ ਨਾ ਪਾ ਸਕੋਗੇ, ਜਿਸ ਕੀ ਤੁਮ ਕੋ ਜੁਸਤਜੂ।

ਰੌਸ਼ਨੀ ਕੀ ਆਰਜ਼ੂ ਕੋ ਰੌਸ਼ਨੀ ਹੀ ਸਮਝਨਾ,
ਦਿਲ ਕੇ ਅੰਧੇਰੋਂ ਮੇਂ ਪ੍ਰੀਤਮ! ਟਿਮਟਿਮਾਏ ਆਰਜ਼ੂ।

---

1. ਕਠੋਰ ਦਿਲ ਵਾਲਾ 2. ਤੂਫ਼ਾਨ

ਤਤਕਰਾ

## 67 - ਨਿਰਪ - ਕ

ਜੰਗਲ ਵੱਢ ਵੱਢ ਵਰਤੀ ਜਾਂਦੇ,
ਜੰਗਲ ਨਵੇਂ ਲਗਾਉਂਦੇ।
ਕੁੱਕੜ, ਮੱਛੀਆਂ, ਸੂਰ ਵਗੈਰਾ,
ਫ਼ਸਲਾਂ ਵਾਂਗ ਉਗਾਉਂਦੇ।

ਸ਼ੁਰੂ ਹੋ ਰਿਹਾ ਹੈ 'ਖ਼ੁਦ' ਨੂੰ ਵੀ,
ਕੰਮ 'ਕਲੋਨ'1 ਕਰਨ ਦਾ।
'ਅੰਗ' ਲੋੜੀਂਦੇ ਜਿੱਥੋਂ ਮਿਲਸਣ,
ਉਹ 'ਭੰਡਾਰ' ਭਰਨ ਦਾ।

ਸਾਡਾ ਆਪਣਾ ਗਿਆਨ ਹੀ 'ਪ੍ਰੀਤਮ'!
ਇਸ ਦੀ ਜੜ੍ਹ ਹੋਵੇਗਾ,
ਲੋੜੀਂਦੇ ਗੁਣ, ਔਗੁਣ ਵਾਲਾ,
ਬੰਦਾ ਘੜ ਹੋਵੇਗਾ।

ਮਾਦਾ ਘਟ ਰਿਹਾ ਹੈ ਸਾਡਾ,
ਦੁੱਖ, ਤਕਲੀਫ਼ ਜਰਨ ਦਾ।
ਲੋਚ ਰਹੇ ਹਾਂ, ਨਾ ਹੀ ਹੋਵੇ
ਕਿਧਰੇ ਨਾਮ 'ਮਰਨ' ਦਾ।

'ਗ਼ੈਰ-ਕੁਦਰਤੀ' ਲੱਗਦਾ ਹੈ ਇਹ,
ਦੇਖੋ! ਕੀ ਹੁੰਦਾ ਹੈ!!
ਸੁਣਿਆਂ ਸੀ, "ਜੋ ਕੁਦਰਤ ਚਾਹਵੇ,
ਬਸ ਉਹੀ ਹੁੰਦਾ ਹੈ!"

---

1.Clone

ਤਤਕਰਾ

## 68 - ਨਿਰਪ - ਖ

ਕੁਦਰਤ ਮੇਰੇ ਬਿਨਾਂ ਅਧੂਰੀ,
ਮੈਂ ਰਲ ਜਾਵਾਂ ਹੋਵੇ ਪੂਰੀ।
ਪੂਰਣਤਾ ਦੇ ਲਈ 'ਪ੍ਰੀਤਮ'!
ਮੇਰੀ ਹੋਂਦ ਵੀ ਬਹੁਤ ਜ਼ਰੂਰੀ।

ਮੇਰੇ ਡੋਬੇ, ਮੇਰੇ ਸੋਕੇ,
ਮੇਰੀ ਹਸਤੀ ਵਿਚ ਪ੍ਰੋਤੇ,
ਮੇਰੇ ਕਾਰਨਾਮੇਂ ਵੀ ਹੈ ਨੇ,
ਲਹੂ ਦੇ ਲਿੱਬੜੇ, ਦੁੱਧੀਂ ਧੋਤੇ,

ਮੈਂ ਖ਼ਾਕੀ ਹੋ ਕੇ ਵੀ ਨੂਰੀ,
ਕੁਦਰਤ ਮੇਰੇ ਬਿਨਾਂ ਅਧੂਰੀ।

ਸਾਗਰ ਸਾਗਰ ਬਣ ਬੈਠਾ ਹੈ,
ਕਤਰੇ ਦੀ ਬਦੌਲਤ ਏਥੇ,
ਰਾਈ ਰਾਈ ਜੁੜ ਕੇ ਹੀ ਤਾਂ,
ਬਣ ਬੈਠੇ ਨੇ ਪਰਬਤ ਏਥੇ।

ਮੈਂ ਹਾਂ ਕੁਦਰਤ ਦੀ ਮਜਬੂਰੀ,
ਕੁਦਰਤ ਮੇਰੇ ਬਿਨਾਂ ਅਧੂਰੀ।

ਇਹ ਅਗਨੀ ਤਾਂ ਮੈਂ ਵੀ ਅਗਨੀ,
ਇਹ ਪਾਣੀ ਤਾਂ ਮੈਂ ਵੀ ਪਾਣੀ,
ਸਾਡੀ ਹਸਤੀ ਇਕ ਤਰ੍ਹਾਂ ਦੀ,
ਹੁੰਦੀ ਆਈ, ਹੁੰਦੀ ਜਾਣੀ।

ਸਾਡੇ ਅੰਦਰ ਕੋਈ ਨਾ ਦੂਰੀ।
ਕੁਦਰਤ ਮੇਰੇ ਬਿਨਾਂ ਅਧੂਰੀ।

ਤਤਕਰਾ

## 69 - ਨਿਰਪ - ਗ

ਤੂੰ ਨਿਰਪ ਮੈਂ ਕੰਵਲ,
ਮੈਂ ਕਿੰਜ ਤੇਰਾ ਅੰਗ ਹੋ ਸਕਦਾਂ?
ਮੈਂ ਮੋਤੀ ਤੂੰ ਨਿਰਜਲ।

ਮੈਂ ਨਿਰਪ ਤੂੰ ਕੰਵਲ,
ਡੂੰਘੀ ਸੋਚ ਕੇ ਜੇ ਦੇਖੇਂ ਤਾਂ,
ਇਕ ਹੀ ਨੇ ਇਹ ਜਲ, ਥਲ।

ਮੇਰੇ ਹੰਝੂ, ਮੇਰਾ ਪਸੀਨਾ, ਮੇਰਾ ਖ਼ੂਨ ਵੀ ਤਰ ਹੈ,
ਮੇਰੇ ਸੀਨੇ ਦੇ ਵਿਚ ਅਸਲੀ, ਜਜ਼ਬਾਤ ਦਾ ਸਰ ਹੈ,

ਤੂੰ ਮਿਥਿਆ, ਤੂੰ ਬੁੱਤ, ਤੂੰ ਪੱਥਰ,
ਤੂੰ ਨਿਰਮੋਹ, ਤੂੰ ਬੇ-ਦਿਲ,
ਮੈਂ ਕਿੰਜ ਤੇਰਾ ਅੰਗ ਹੋ ਸਕਦਾਂ?
ਮੈਂ ਮੋਤੀ ਤੂੰ ਨਿਰਜਲ।

ਤੂੰ ਮੋਤੀ, ਹੁਣ ਨਿਰਜਿੰਦ ਮੋਤੀ, ਤੇਰੇ ਸੀਨੇ ਛੇਕ ਪਿਆ,
ਤੇਰੀ ਹੋਂਦ ਅਜੇ ਵੀ ਕਾਇਮ, ਹੁਣ ਤਾਂ ਜਲ ਤੋਂ ਵਿੱਛੜਿਆ।

ਤੂੰ ਮੇਰਾ ਹੀ ਅੰਗ ਰਹੇਂਗਾ,
ਮੈਂ ਨਿਹਚਲ ਤੂੰ ਨਿਹਚਲ,
ਡੂੰਘੀ ਸੋਚ ਕੇ ਜੇ ਦੇਖੇਂ ਤਾਂ,
ਇਕ ਹੀ ਨੇ ਇਹ ਜਲ, ਥਲ।

ਤਤਕਰਾ

ਨਾ ਮੈਂ ਨਿਰਪ ਤੇ ਨਾ ਮੈਂ ਨਿਹਚਲ, ਮੇਰੇ ਵਿਚ ਰਵਾਨੀ,
ਮੈਂ ਡੂੰਘੀ ਤੋਂ ਡੂੰਘੀ ਥਾਂ ‘ਤੇ, ਮੈਂ ਰੌਣਕ ਅਸਮਾਨੀ,

ਮੈਂ ਖ਼ਾਕੀ ਹੋ ਕੇ ਵੀ ਨਿਰਮਲ,
ਮੈਂ ਉੱਤਮ, ਮੈਂ ਉੱਜਲ,
ਮੈਂ ਕਿੰਜ ਤੇਰਾ ਅੰਗ ਹੋ ਸਕਦਾਂ?
ਮੈਂ ਮੋਤੀ ਤੂੰ ਨਿਰਜਲ।

ਨਿਰਪ ਅਨਿਰਪ ਦਾ ਤੈਨੂੰ ‘ਪ੍ਰੀਤਮ’! ਐਵੇਂ ਭਰਮ ਪਿਆ ਹੈ,
ਤੇਰੀ ਹੋਂਦ ਦੇ ਹਰ ‘ਕਤਰੇ’ ਨੇ, ‘ਨਿਰਪ’ ਤੋਂ ਜਨਮ ਲਿਆ ਹੈ,

ਹਵਾ ਤੋਂ ਪਹਿਲਾਂ ਕਿੱਥੇ ਹੈ ਸਨ!
ਰਕਤ, ਬਿੰਦ ਜਾਂ ਇਹ ਜਲ,
ਡੂੰਘੀ ਸੋਚ ਕੇ ਜੇ ਦੇਖੇਂ ਤਾਂ,
ਇਕ ਹੀ ਨੇ ਇਹ ਜਲ, ਥਲ।

ਤਤਕਰਾ

## 70 - ਕਵਿਤਾ 'ਨ੍ਹੇਰਾ' ਤੋਂ ਪਹਿਲਾਂ ਕੁਝ ਸ਼ੇਅਰ

ਰੱਬ ਹੁਣ ਤਕ ਦਿਸ ਜਾਵੰਦਾ,
ਜੇ ਉਹ ਹੁੰਦਾ ਨੂਰ,
'ਨ੍ਹੇਰਾ' ਨ੍ਹੇਰੇ ਨਾ ਦਿਸੇ,
ਨਾ ਨੇੜੇ ਨਾ ਦੂਰ।

ਤੂੰ ਆਖੇਂ, "ਉਹ ਨੂਰ ਹੈ"।
ਮੈਂ ਆਖਾਂ, " ਉਹ ਨ੍ਹੇਰ",
ਜੇ ਉਹ ਦੋਵੇਂ ਹੈ ਨਹੀਂ,
ਤਾਂ ਉਹ ਰੱਬ ਨਹੀਂ ਫੇਰ।

ਰਾਹਾਂ 'ਚ ਹਨੇਰਾ ਹੈ,
ਚਾਨਣ ਤੋਂ ਚਾਨਣ ਦਾ,
ਪੰਧ ਬੜਾ ਲੰਮੇਰਾ ਹੈ।

ਤਤਕਰਾ

## 71 - ਨ੍ਹੇਰਾ

ਦੇਖ ਰਿਹਾ ਹਾਂ ਚਾਰ ਚੁਫ਼ੇਰਾ,
ਨ੍ਹੇਰਾ ਨ੍ਹੇਰਾ ਨ੍ਹੇਰਾ ਨ੍ਹੇਰਾ।
ਇਹ ਨ੍ਹੇਰਾ ਧੁੰਧਿਆਲਾ ਨ੍ਹੇਰਾ,
ਨ੍ਹੇਰੇ ਦੇ ਵਿਚ ਮੈਂ ਵੀ ਨ੍ਹੇਰਾ। 01

ਲੱਗ ਰਿਹਾ ਹੈ, ਕਿ ਇਹ ਨ੍ਹੇਰਾ,
ਸਾਰੇ ਦਾ ਸਾਰਾ ਹੈ ਮੇਰਾ।
ਇਸ ਨ੍ਹੇਰੇ ਦਾ ਹਰ ਇਕ ਵਾਸੀ,
ਮੇਰੇ ਵਾਂਗ, ਹੋਵੇਗਾ ਨ੍ਹੇਰਾ!! 02

ਚਾਨਣ ਜਨਮ ਮਰਨ ਦਾ ਚੱਕਰ,
ਚਾਨਣ ਹਉਮੈ, ਚਾਨਣ ਪੀੜਾ।
ਸੂਰਜਾਂ ਦੇ ਹੁੰਦਿਆਂ ਹੋਇਆਂ,
ਚਾਨਣ ਦਾ ਆਕਾਰ ਹੈ ਭੀੜਾ। 03

ਹਨੇਰੇ ਦੀ ਵਲਗਣ ਅੰਦਰ,
ਜਿਹੜੀ ਥਾਂ ਵੀ ਚਾਨਣ ਰਹਿੰਦਾ,
ਆਪਣੀ ਖ਼ੁਦਗ਼ਰਜ਼ੀ ਦੀ ਖ਼ਾਤਿਰ,
ਚਾਨਣ ਚਾਨਣ ਰਹਿੰਦਾ ਖਹਿੰਦਾ। 04

ਆਪਣੀ ਆਪਣੀ ਅਉਧ ਪੁਗਾ ਕੇ,
ਜਿਹੜਾ ਚਾਨਣ ਮਰ ਮਿਟ ਜਾਂਦਾ,
ਬੇਬਸ ਤੇ ਲਾਚਾਰ ਆਖ਼ਰੀ
ਉਹ ਹੈ ਏਸ ਜਗਹ ‘ਤੇ ਆਂ’ਦਾ। 05

ਨ੍ਹੇਰੇ ਦਾ ਗੁਣ ਇਹ ਹੈ ਪ੍ਰੀਤਮ!
ਇਸਦਾ ਮਾਤ-ਪਿਤਾ ਨਾ ਕੋਈ ।
ਪਰ ਚਾਨਣ ਹੋਵਣ ਦੀ ਵਜਹ,
ਸੋਮੇ ਉੱਤੇ ਨਿਰਭਰ ਹੋਈ। 06

ਤਤਕਰਾ

ਬੇਸ਼ੁਮਾਰ ਚਾਨਣ ਨੇ ਏਥੇ,
ਪਰ ਨ੍ਹੇਰਾ ਹੈ ਇੱਕੋ ਨ੍ਹੇਰਾ।
ਟਟਹਿਣੇ ਤੋਂ ਸੂਰਜ ਤੀਕਰ,
ਏਥੇ ਸਭ ਦਾ ਅੰਤ ਬਸੇਰਾ। 07

ਸੂਰਜ ਦੇ ਤਾਂ ਕਈ ਨੇ ਸਾਨੀ,
ਪਰ ਨ੍ਹੇਰੇ ਦਾ ਹੈ ਨਹੀਂ ਕੋਈ।
ਹਰ ਚਾਨਣ ਦੀ ਹਸਤੀ ਪ੍ਰੀਤਮ!
ਨ੍ਹੇਰਾ ਕਰਕੇ ਪੈਦਾ ਹੋਈ। 08

ਚਾਨਣ ਤੋਂ ਇਹ ਮਿਟ ਜਾਂਦਾ ਹੈ,
ਇਹ ਵੀ ਇਕ ਭੁਲੇਖਾ ਹੁੰਦਾ।
ਜਦ ਚਾਨਣ ਚਾਨਣ ਨਹੀਂ ਰਹਿੰਦਾ,
ਇਹ ਵੈਸੇ ਦਾ ਵੈਸਾ ਹੁੰਦਾ। 09

ਨ੍ਹੇਰੇ ਦਾ ਦਰਜਾ ਨਾ ਕੋਈ,
ਇਹ ਹੈ ਇੱਕੋ ਕਿਸਮ ਦਾ ਨ੍ਹੇਰਾ।
ਨ੍ਹੇਰਾ ਕਿਸੇ ਨੂੰ ਚੁੱਭਦਾ ਨਹੀਂ ਹੈ,
ਕਦੇ ਨਾ ਕਹਿੰਦਾ, 'ਤੇਰਾ ਮੇਰਾ'।10

ਇਹ ਬੁੱਢਾ ਨਹੀਂ, ਇਹ ਬਾਲਕ ਨਹੀਂ,
ਇਸ ਦਾ ਆਦਿ ਅੰਤ ਨਾ ਕੋਈ,
ਇਹ ਅਪ੍ਰੰਪਰ ਚੱਲਦਾ ਆਇਆ,
ਇਸ ਦਾ ਜਨਮ ਮਰਨ ਨਾ ਹੋਈ। 11

ਨਾ ਇਸ ਨੂੰ ਕੋਈ ਸਰਦੀ ਲੱਗਦੀ,
ਨਾ ਹੀ ਇਸਨੂੰ ਗਰਮੀ ਪੋਹੇ।
ਨਾ ਇਸ ਨੂੰ ਦੁੱਖ ਕਿਸੇ ਚੀਜ਼ ਦਾ,
ਨਾ ਇਸ ਨੂੰ ਕੋਈ ਜਮ ਜੋਹੇ। 12

ਤਤਕਰਾ

ਨਾ ਹੀ ਇਹ ਕੋਈ ਵੈਰ ਕਮਾਵੇ,
ਨਾ ਹੀ ਇਹ ਹੈ ਕਿਸੇ ਤੋਂ ਡਰਦਾ।
ਖ਼ਾਲਕ, ਖ਼ਲਕਿਤ ਹੁੰਦਿਆਂ ਹੋਇਆਂ,
ਨ੍ਹੇਰਾ ਨਾ ਕਰਦਾ ਨਾ ਭਰਦਾ। 13

ਨ੍ਹੇਰੇ ਵਿੱਚੋਂ ਜੀਵਨ ਆਵੇ,
ਨ੍ਹੇਰੇ ਦੇ ਵੱਲ ਤੁਰਿਆ ਜਾਵੇ,
ਵੱਖਰੀ ਵੱਖਰੀ ਕਿਸਮ ਦਾ ਜੀਵਨ
ਇਹ ਨ੍ਹੇਰਾ ਹੀ ਤਾਂ ਉਪਜਾਵੇ। 14

ਇਸ ਨ੍ਹੇਰੇ ਤੋਂ ਨਰ ਤੇ ਨਾਰੀ,
ਇਸ ਨ੍ਹੇਰੇ ਤੋਂ ਹਰ ਇਕ ਭਾਸ਼ਾ,
ਇਸ ਦੇ ਵਿਚ ਹਰ ਦਿਸ਼ਾ-ਦਿਸ਼ੰਤਰ,
ਇਸ ਨ੍ਹੇਰੇ ਤੋਂ ਹਰ ਇਕ ਪਾਸਾ। 15

ਨ੍ਹੇਰਾ ਸਿਰਫ਼ ਜੀਵਨ ਨਹੀਂ ਦਿੰਦਾ
ਇਹ ਏਸ ਨੂੰ ਤਾਜ਼ਾ ਰੱਖਦਾ।
ਕੁਦਰਤ ਨੂੰ ਕਾਇਮ ਰੱਖਣ ਲਈ,
ਫਲਦਾ, ਗਲਦਾ, ਫਲਦਾ ਰੱਖਦਾ। 16

ਰੋਜ਼-ਮਰ੍ਹਾ ਦੇ ਜੀਵਨ ਅੰਦਰ
ਨਿੱਤ ਨਵੀਂ ਤਾਕਤ ਭਰ ਦੇਂਦਾ।
ਜਨਮਾਂ ਦੇ ਥੱਕਿਆਂ ਹਇਆਂ ਨੂੰ,
ਫਿਰ ਤੋਂ ਨੌ-ਬਰ-ਨੌ ਕਰ ਦੇਂਦਾ। 17

ਸਰਬਸਧਾਰੀ, ਸਰਬਭੱਖੀ ਵੀ,
ਸਰਬਗਤ, ਸਰਬਗਿ ਹੈ ਨ੍ਹੇਰਾ।
ਸਰਬਵਿਆਪਕ, ਸਰਬਦਾ, ਸੂਖ਼ਮ,
ਬੇਓੜਕ ਹੈ ਇਸ ਦਾ ਘੇਰਾ।18

ਸੁੰਨ-ਸਮਾਧ ਲਗਾਈ ਬੈਠਾ,
ਨਾ ਕੋਈ ਸ਼ਬਦ ਨਾ ਕੋਈ ਧੁਨੀ ਹੈ।
ਨਾ ਤਾਂਡਵ, ਨਾ ਇੰਦਰ-ਸਭਾ ਹੈ,
ਨਾ ਰਾਖ਼ਸ਼ ਹੈ ਨਾ ਹੀ ਮੁਨੀ ਹੈ।19

ਤਤਕਰਾ

ਇਹ ਨ੍ਹੇਰਾ ਅਗਿਆਨਤਾ ਨਹੀਂ,
ਗਿਆਨ ਦਾ ਇਹ ਭੰਡਾਰ ਹੈ ਪ੍ਰੀਤਮ!
ਚਿੰਤਨਤਾ ਤੋਂ ਬੌਧਿਕਤਾ ਤਕ
ਇਸ ਦੀ ਪੈਦਾਵਾਰ ਹੈ ਪ੍ਰੀਤਮ! 20

ਇਹ ਨ੍ਹੇਰਾ, ਕਾਲ਼ਖ ਨਹੀਂ ਹੈ,
ਇਹ ਕੋਈ ਕਾਲ਼ਾ ਰੰਗ ਨਹੀਂ ਹੈ।
ਅੱਖਾਂ ਮੀਟ ਕੇ ਜੇ ਕੋਈ ਦੇਖੇ,
ਤਾਂ ਇਹ ਕਿਸ ਦੇ ਸੰਗ ਨਹੀਂ ਹੈ! 21

ਏਸ ਦੀਆਂ 'ਗਲੀਆਂ' ਦੇ ਵਿਚ ਦੀ,
ਕੋਈ ਰੌਸ਼ਨੀ ਲੰਘ ਨਹੀਂ ਸਕਦੀ।
ਕਹਿਕਸ਼ਾਵਾਂ ਦੀ ਬਸਤੀ ਵੀ,
ਸਮਾਅ ਜਾਣ ਤੋਂ ਬਚ ਨਹੀਂ ਸਕਦੀ। 22

ਨਾ ਧਰਤੀ ਆਕਾਸ਼ ਹੈ ਏਥੇ,
ਨਾ ਏਥੇ ਕੋਈ ਦੂਜੀ ਕਾਇਆ।
ਏਸ ਆਜ਼ਾਦ-ਫ਼ਿਜ਼ਾ ਦੇ ਅੰਦਰ,
ਨਾ ਹੀ ਨਰਕ ਸੁਰਗ ਦਾ ਸਾਇਆ। 23

'ਰੱਬ ਦੇ ਗੁਣ' ਲੱਭਦੇ ਲੱਭਦੇ ਨੇ,
ਲਾਏ ਤ੍ਰੈਲੋਕੀ ਦੇ ਗੇੜੇ।
ਹੁਣ ਤਕ ਇਹ ਦੇਖਿਆ ਹੈ ਕਿ
'ਨ੍ਹੇਰੇ ਦੇ ਗੁਣ' ਸਭ ਤੋਂ ਨੇੜੇ। 24

ਮੈਂ ਕੀ ਲੈਣਾ ਚਮਕ ਦੇ ਕੋਲੋਂ!
ਮੈਂ ਕੀ ਲੈਣਾ ਅੱਗ ਦੇ ਕੋਲੋਂ!!
ਮੈਂ ਨ੍ਹੇਰੇ ਵਿਚ ਲੀਨ ਹਾਂ ਪ੍ਰੀਤਮ!
ਮੈਂ ਕੀ ਲੈਣਾ ਜੱਗ ਦੇ ਕੋਲੋਂ! 25

ਤਤਕਰਾ

## 72 - ਕਵਿਤਾ 'ਨ੍ਹੇਰਾ' ਦੇ ਪਿੱਛੋਂ ਕੁਝ ਸ਼ੇਅਰ

ਨ੍ਹੇਰਾ ਨ੍ਹੇਰਾ ਕਰੇਂ ਤੂੰ ਪ੍ਰੀਤਮ! ਨ੍ਹੇਰੇ ਦੇ ਵਿਚ ਕੀ ਹੈ!
ਨਾ ਕੋਈ ਆਸ-ਕਿਰਣ ਹੈ ਓਥੇ, ਨਾ ਕੋਈ ਜਿਉਂਦਾ ਜੀਅ ਹੈ।

ਜੋ ਪ੍ਰੀਤਮ ਦੀ ਸਮਝ 'ਚ ਆਵੇ, ਉਹ ਹੀ ਆਖ ਸੁਣਾਵੇ।
ਕੁੱਖ ਦੇ ਅੰਦਰ ਨ੍ਹੇਰਾ ਹੁੰਦਾ ਜਿੱਥੋਂ ਜੀਵਨ ਆਵੇ।

ਜੋ ਚਾਨਣ, ਬੁੱਧ ਨੇ ਲੋਚਿਆ, ਉਸ ਦਾ ਨਾਮ ਗਿਆਨ।
ਸਾਰੀ ਸ੍ਰਿਸ਼ਟ ਦਿਖਾਵੰਦਾ ਜੇ ਲੱਗ ਜਾਏ ਧਿਆਨ।

ਗਿਆਨਵਾਨ ਹੋ ਜਾਣ 'ਤੇ ਵੀ ਨਾ ਆਵੇ ਜੁਗਤ,
ਰਾਵਣ ਵਰਗੇ ਦਹਿਸਿਰੇ ਨਹੀਂ ਹੋ ਸਕੇ ਮੁਕਤ।

ਕੋਈ ਇਲਮ ਨਾ ਕੰਮ ਦਾ ਜੇਕਰ ਅਮਲ ਨਾ ਹੋਏ,
ਕਲਪਿਤ ਤਾਰੂ ਨਾ ਬਣੇ, ਬੈਠ ਕਿਨਾਰੇ ਰੋਏ।

ਜਦ ਜੀਵੇਂ ਤਾਂ ਇੰਜ ਜੀਅ, ਕਿ ਸਭ ਕੁਝ ਤੇਰੇ ਪਾਸ,
ਮਰਨਾ ਹੈ ਤਾਂ ਇੰਜ ਮਰ, ਨਾ ਇੱਛਾ ਨਾ ਆਸ।

ਭਾਵੇਂ ਸੂਰਜ ਬਣਨ ਦਾ ਨਿੱਤ ਕਰੀਂ ਪ੍ਰਯਾਸ,
ਪਰ ਨ੍ਹੇਰੇ ਵਿਚ ਰਹਿਣ ਦਾ ਕਰਿਆ ਕਰ ਅਭਿਆਸ।

ਸੁੰਨ-ਸਮਾਧ ਲਗਾਉਣ ਨੂੰ, ਇੰਦਰੀਆਂ ਕਰ ਬੰਦ।
ਅੰਨ੍ਹਾਂ, ਗੁੰਗਾ, ਬਹਿਰਾ ਹੋ ਕੇ ਮਾਣ ਅਨੰਦ।

ਇਸ ਬ੍ਰਹਿਮੰਡ ਤੋਂ ਪੇਸ਼ਤਰ, ਪਸਰੇ ਕਈ ਪਸਾਰ,
ਨਿਰ-ਆਕਾਰ ਆਕਾਰ ਬਣੇ ਤੇ ਫਿਰ ਨਿਰ-ਆਕਾਰ।

1.

ਕਰ ਮਹਾਰਤ ਨ੍ਹੇਰਿਆਂ ਵਿਚ ਰਹਿਣ ਦੀ,
ਸੂਰਜਾਂ ਦਾ ਕੀ ਪਤਾ! ਕਦ ਇਨ੍ਹਾਂ ਡੁੱਬ ਜਾਵਣਾ।

ਤਤਕਰਾ

2.

ੳ ਕਬੂਤਰ ਚੀਨਿਆਂ!

ਮੈਂ ਨਹੀਂ ਚਹੁੰਦਾ ਕਿ ਤੂੰ ਬਿੱਲੀ ਨੂੰ ਆਉਂਦੀ ਦੇਖ ਕੇ,
ਅੱਖਾਂ ਮੀਟ ਕੇ ਸੋਚੇਂ ਕਿ ਬਿੱਲੀ ਤਾਂ ਹੁਣ ਏਥੇ ਨਹੀਂ।

ਇਹ ਵੀ ਨਾ ਮੈਂ ਆਖਦਾ ਕਿ ਬਿੱਲੀ ਦੇਖ ਕੇ ਉੱਡ ਜਾ।
ਕੋਈ ਤਰੀਕਾ ਲੱਭ ਕਿ ਬਿੱਲੀ ‘ਤੇ ਭਾਰੂ ਹੋ ਸਕੇਂ।

ਜੇ ਅੰਗੂਠਾ ਮੰਗ ਲਿਆ ਗੁਰ-ਦੱਖਣਾ ਵਿਚ ਗੁਰੂ ਨੇ,
ਸਿਰਫ਼ ਉਂਗਲ ਨਾਲ ਜੋ ਦੱਬੇ, ਉਹ ਘੋੜਾ ਲੱਭਣਾ। ਗੁਰੂ ਦ੍ਰੋਣਾਚਾਰੀਆ

ਲੱਖ ਭਾਵੇਂ ਪੁਰਸਲਾਤਾਂ ਕਰਨ ਤੇਰੇ ‘ਤੇ ਗਿਲਾ,
ਤਾਕਤ-ਏ-ਪਰਵਾਜ਼ ਲੈ ਕੇ ਹੈ ਉਨ੍ਹਾਂ ਤੋਂ ਉੱਡਣਾ।

ਮੈਂ ਜਦੋਂ ਨ੍ਹੇਰੇ ਦੀ ਗੱਲ ਕਰਦਾ ਹਾਂ, ਸੂਰਜ ਹੁੰਦਿਆਂ,
ਮੈਂ ਤੇ ਤੈਨੂੰ ਬਿੱਲੀ ਦੇ ਸਾਹਵੇਂ ਡਟਣ ਨੂੰ ਆਖਦਾਂ।

ਪਲਕਾਂ ਦੇ ਵਿਚ ਸਾਂਭ ਲੈ ਤੂੰ ਖ਼ਾਬ ਸੁੱਚੇ ਆਪਣੇ,
ਖ਼ਾਬ ਨਾ ਹੋਵਣ ਤਾਂ, ਕੀ ਸਾਕਾਰ ਹੋਵਣ ਵਾਸਤੇ!

ਰਾਤ ਨੂੰ ਸਸਤਾ ਕੇ ਜਦ ਵੀ ਨੀਂਦ ਖੁਲ੍ਹੇਗੀ ਤੇਰੀ,
ਅਲਸਾਏ ਹੋਏ ਹੌਸਲੇ ਫਿਰ ਨੌ-ਬਰ-ਨੌ ਹੋ ਜਾਣਗੇ।

ਤੇਰੀਆਂ ਨਜ਼ਰਾਂ ਦੀ ਨਜ਼ਰੀਂ ਸਾਫ਼ ਮੰਜ਼ਿਲ ਆਏਗੀ,
ਕਾਇਨਾਤ ਸਾਰੀ ਦੀ ਸਾਰੀ ਬਣ ਬਣੇਗੀ ਰਾਜ਼ਦਾਂ।

ਮੈਂ ਜਦੋਂ ਨ੍ਹੇਰੇ ਦੀ ਗੱਲ ਕਰਦਾ ਹਾਂ, ਸੂਰਜ ਹੁੰਦਿਆਂ,
ਮੈਂ ਤੇ ਤੈਨੂੰ ਮੁਸ਼ਕਿਲ ਸਾਹਵੇਂ ਡਟਣ ਨੂੰ ਆਖਦਾਂ।

ਤਤਕਰਾ

ਇੰਦਰਾ ਗਾਂਧੀ ਕੇ ਕਥਿਤ ਕਾਤਿਲ ਸਤਵੰਤ ਸਿੰਘ ਕੀ ਮੰਗੇਤਰ ਸੁਰਿੰਦਰ ਕੌਰ ਨੇ,
ਸਤਵੰਤ ਕੋ ਫਾਂਸੀ ਲਗਨੇ ਸੇ ਪਹਿਲੇ ਉਸ ਕੀ ਤਸਵੀਰ ਔਰ ਸ਼ਮਸ਼ੀਰ ਸੇ ਸ਼ਾਦੀ ਕੀ।

## 73 - ਨੂਰ-ਏ-ਕੁਤਬ

ਦੋ ਜਿਸਮੋਂ ਕਾ ਮਿਲ ਜਾਨਾ, ਮਹਿਜ਼ ਖ਼ਾਨਾ-ਆਬਾਦੀ ਹੈ,
ਰੂਹੇਂ ਸ਼ਾਦਮਾਂ ਹੋਂ ਤੋ ਇਸੀ ਕਾ ਨਾਮ ਸ਼ਾਦੀ ਹੈ।

ਤੁਮ੍ਹੇਂ ਸ਼ਾਦੀ ਮੁਬਾਰਕ ਹੋ! ਤੁਮ੍ਹੇਂ ਸ਼ਾਦੀ ਮੁਬਾਰਕ ਹੋ!!

ਕਹਿਤੇ ਹੈਂ ਕਿ ਤੁਮ ਨੇ ਸ਼ਾਦੀ ਇਕ ਤਸਵੀਰ ਸੇ ਕੀ ਹੈ।
ਨੌਜਵਾਨੀ ਕੇ 'ਹਸੀਂ-ਖ਼ਵਾਬ' ਕੀ ਤਾਬੀਰ ਸੇ ਕੀ ਹੈ।
ਵੋਹ ਐਸਾ ਜਾਲ, ਜੋ ਇਨਸਾਨ ਕੀ ਪਰਵਾਜ਼ ਕੋ ਰੋਕੇ,
ਉਸੇ ਜੋ ਕਾਟ ਡਾਲੇ, ਐਸੀ ਇਕ ਸ਼ਮਸ਼ੀਰ ਸੇ ਕੀ ਹੈ।

ਤੁਮ੍ਹੇਂ ਸ਼ਾਦੀ ਮੁਬਾਰਕ ਹੋ! ਤੁਮ੍ਹੇਂ ਸ਼ਾਦੀ ਮੁਬਾਰਕ ਹੋ!!

ਓ ਚੰਦਾ ਕੀ ਕਿਰਨ! ਤੁਮ ਨੇ, ਅਖ਼ਤਰ-ਏ-ਕੁਤਬ ਅਪਨਾਇਆ,
ਕਿ ਜਿਸ ਪਿਹ ਕੋਈ ਉਜਾਲਾ ਬਨਾ ਹੈ ਮੌਤ ਕਾ ਸਾਇਆ।
ਮਗਰ ਯਿਹ ਵੋਹ ਹੈ, ਜਿਸ ਕੋ ਢੂੰਢਤੇ ਹੈਂ ਕਾਰਵਾਂ ਵਾਲੇ,
ਇਸੇ, ਸਬ ਚਲਨੇ ਵਾਲੋਂ ਨੇ, ਹਮੇਸ਼ਾ ਰਾਹ-ਨੁਮਾ ਪਾਇਆ।

ਤੁਮ੍ਹੇਂ ਸ਼ਾਦੀ ਮੁਬਾਰਕ ਹੋ! ਤੁਮ੍ਹੇਂ ਸ਼ਾਦੀ ਮੁਬਾਰਕ ਹੋ!!

ਜਿਸਮੋਂ ਕੇ ਮਿਲਨ ਸੇ, ਠੀਕ ਹੈ ਕਿ ਨਸਲ ਬੜ੍ਹ ਜਾਏ,
ਜਿਸਮ ਕੀ ਆਰਜ਼ੂ ਕੋ, ਦੋ ਘੜੀ ਰਾਹਤ ਭੀ ਮਿਲ ਪਾਏ।
ਮਗਰ ਯਿਹ ਖ਼ੁਸ਼ੀਆਂ ਦੋ ਯਾ ਚਾਰ ਪੁਸ਼ਤੋਂ ਤਕ ਹੀ ਸੀਮਤ ਹੈਂ,
ਰਫ਼ੀਕ-ਏ-ਈਸਾ ਕੋ ਲੇਕਿਨ, ਕਭੀ ਭੀ ਮੌਤ ਨਾ ਆਏ।

ਤੁਮ੍ਹੇਂ ਸ਼ਾਦੀ ਮੁਬਾਰਕ ਹੋ! ਤੁਮ੍ਹੇਂ ਸ਼ਾਦੀ ਮੁਬਾਰਕ ਹੋ!!

ਤੇਰੇ ਸੁਹਾਗ ਕਾ ਪੰਛੀ, ਕਫ਼ਸ ਮੇਂ ਫੜਫੜਾਤਾ ਹੈ,
ਤੇਰੀ ਖ਼ੁਸ਼ੀਓਂ ਕਾ 'ਦੀਵਾ' ਆਂਧੀਓਂ ਮੇਂ ਟਿਮਟਿਮਾਤਾ ਹੈ,
ਮੈਂ ਕਰਤਾ ਹੂੰ ਦੁਆਏਂ ਕਿ ਯਿਹ ਜੋੜੀ ਚਾਰ ਯੁਗ ਜੀਏ,
ਹਕੀਕਤ ਸੋਚਤਾ ਹੂੰ ਤੋ ਮੇਰਾ ਦਿਲ ਕਾਂਪ ਜਾਤਾ ਹੈ।

ਤੁਮ੍ਹੇਂ ਸ਼ਾਦੀ ਮੁਬਾਰਕ ਹੋ! ਤੁਮ੍ਹੇਂ ਸ਼ਾਦੀ ਮੁਬਾਰਕ ਹੋ!!

ਤਤਕਰਾ

ਤੇਰੇ ਸੁਹਾਗ ਕਾ ਪੰਛੀ, ਕਫ਼ਸ ਮੇਂ ਫੜਫੜਾਤਾ ਹੈ,
ਤੇਰੀ ਖ਼ੁਸ਼ੀਓਂ ਕਾ 'ਦੀਵਾ' ਆਂਧੀਓਂ ਮੇਂ ਟਿਮਟਿਮਾਤਾ ਹੈ,
ਮੈਂ ਕਰਤਾ ਹੂੰ ਦੁਆਏਂ ਕਿ ਯਿਹ ਜੋੜੀ ਚਾਰ ਯੁਗ ਜੀਏ,
ਹਕੀਕਤ ਸੋਚਤਾ ਹੂੰ ਤੋ ਮੇਰਾ ਦਿਲ ਕਾਂਪ ਜਾਤਾ ਹੈ।

ਤੁਮ੍ਹੇਂ ਸ਼ਾਦੀ ਮੁਬਾਰਕ ਹੋ! ਤੁਮ੍ਹੇਂ ਸ਼ਾਦੀ ਮੁਬਾਰਕ ਹੋ!!

'ਆਪਨੀ ਹੀ ਸਤਹ' ਪਿਹ ਰਹਿ ਗਈ ਤੋ ਜਾਵਿਦਾਂ ਹੋਗੀ,
ਤੂ ਆਪਨੇ ਜਾਨਸ਼ੀਨੋ ਕੇ ਲੀਏ, ਮਰੀਅਮ ਸਮਾਂ ਹੋਗੀ।
ਅਗਰ ਤੂ ਇਸ ਬੁਲੰਦੀ ਸੇ ਗਿਰੀ, ਤੋ ਬਚ ਨਾ ਪਾਓਗੀ,
ਤੋ ਫਿਰ ਅਜਦਾਦ ਕੇ ਦਾਮਨ ਪਿਹ ਤੁਹਮਤ ਕਾ ਨਿਸ਼ਾਂ ਹੋਗੀ।

ਤੁਮ੍ਹੇਂ ਸ਼ਾਦੀ ਮੁਬਾਰਕ ਹੋ! ਤੁਮ੍ਹੇਂ ਸ਼ਾਦੀ ਮੁਬਾਰਕ ਹੋ!!

ਦੋ ਜਿਸਮੋਂ ਕਾ ਮਿਲ ਜਾਨਾ, ਮਹਿਜ਼ ਖ਼ਾਨਾ-ਆਬਾਦੀ ਹੈ,
ਰੂਹੇਂ ਸ਼ਾਦਮਾਂ ਹੋਂ ਤੋ ਇਸੀ ਕਾ ਨਾਮ ਸ਼ਾਦੀ ਹੈ।

ਤਤਕਰਾ

## 74 – ਪਰਵਾਸੀ

ਉੱਡ ਉੱਡ ਆਏ ਸੈ ਕੋਸਾਂ, ਅਸੀਂ ਲੰਬੀ ਮਾਰ ਉਡਾਰੀ,
ਜੀਵਨ ਦੇ ਚੰਗੇਰੇਪਨ ਲਈ, ਤਾਰੀ ਕੀਮਤ ਭਾਰੀ।
ਦੂਰ ਰਹੇ ਪਰ ਆਪਣਿਆਂ ਦੀ ਯਾਦ ਨਾ ਗਈ ਵਿਸਾਰੀ,
ਪ੍ਰੀਤਮ! ਓਥੇ ਹੀ ਚੁਗਦੇ ਹਾਂ, ਜਿੱਥੇ ਚੋਗ ਖਿਲਾਰੀ।

ਤਤਕਰਾ

## 75 - ਪੱਛਮੀਂ ਲਹਿਰਾਂ

ਨੌਂ ਜਣਿਆਂ, ਇਕ ਨਾਂ ਚੁਣਨਾ ਸੀ।

ਉਨ੍ਹਾਂ ’ਚੋਂ ਇਕ ਸਿਆਣਾ ਕਹਿੰਦਾ,
“ਇਕ ਇਕ ਨਾਂ, ਤਜਵੀਜ਼ ਕਰ ਦਿਓ।”

ਸਭਨਾ ਤੋਂ ਇਕ ਇਕ ਨਾਂ ਲੈ ਕੇ,
ਉਸਨੇ ਉਹਨਾਂ ਨੂੰ ਨੌਂ ਨੌਂ ਦਿੱਤੇ ।

ਕਹਿਣ ਲੱਗਾ,” ਇਨ੍ਹਾਂ ਨੌਂਆਂ ਵਿਚੋਂ,
ਤਿੰਨ ਨਾਂ ਚੁਣ ਕੇ ਮੈਨੂੰ ਭੇਜੋ ।”

ਸਤਾਈਆਂ ਦੀ ਫ਼ਰਿਸਤ ਦੇ ਉਤੇ,
ਇਕ ਨਾਂ, ਬਸ ਇਕ ਵਾਰ ਹੀ ਆਇਆ।
ਕੋਈ ਨਾਂ, ਦੋ ਵਾਰੀ ਆਇਆ।
ਤੇ ਕੋਈ ਨੌਂ ਵਾਰ ਵੀ ਆਇਆ।

ਬਹੁਤੀ ਵਾਰੀ ਆਇਆ ਵਿਚੋਂ,
ਉਸਨੇ ਫਿਰ ਤਿੰਨ ਨਾਮ ਲੈ ਲਏ ।
ਕਹਿਣ ਲੱਗਾ ਕਿ, “ਇਕ ਇਕ ਭੇਜੋ।”

ਇਹਨਾਂ ਤਿੰਨ ਨਾਵਾਂ ’ਚੋਂ ਜਿਹੜਾ
ਬਹੁਤੀ ਵਾਰ ਫ਼ਰਿਸਤ ਤੇ ਆਇਆ,
ਉਹ ਨਾਂ ‘ਪੱਛਮੀਂ ਲਹਿਰਾਂ’ ਹੈ ਸੀ ।

ਪੂਰਬ ਤੋਂ ਤੁਰੀਆਂ ਸਨ ਭਾਵੇਂ,
ਹੁਣ ਲਹਿਰਾਂ, ‘ਪੱਛਮੀ ਲਹਿਰਾਂ’ ਨੇ ।

ਤਤਕਰਾ

ਥੁਹੜੀ ਜਿਹੀ ਸਿਆਣਪ ਨਾਲ,
ਸਾਦ-ਮੁਰਾਦੇ ਢੰਗ ਦੇ ਨਾਲ,
ਉਹਨਾਂ ਨੌਂ ਜਣਿਆਂ ਨੇ ਮਿਲ ਕੇ,
ਨੌਂ ਨਾਵਾਂ ਤੋਂ, ਇਕ ਬਣਾ ਲਿਆ ।

ਆਪਣੇ ਦੇਸ਼ ਦੇ ਲੋਕਾਂ ਵਾਂਗੂੰ :

ਨਾ ਤਾਂ ਉਹਨਾਂ ਨੇ ਮੂੰਹ ਸੁਜਾਏ,
ਨਾ ਹੀ ਡਾਂਗ-ਔ-ਸੋਟਾ ਹੋਏ ।
ਨਾ ਹੀ ਆਪਣੇ ‘ਦਲ’ ਬਣਾਏ ।

ਲੋਕ-ਰਾਜ ਦੇ ਤੌਰ ਤਰੀਕੇ
ਨਾਲ, ਉਹਨਾਂ ਮਸਲੇ ਸੁਲਝਾਏ ।

## 76 - ਪੰਜਾਬੀਅਤ

ਦਿਲ ਵਿਚ ਅਥਾਹ ਪਿਆਰ ਹੁੰਦਿਆਂ,
ਬੋਲੀ ਜੰਗ ਦੀ ਬੋਲੀ ਪੰਜਾਬੀਆਂ ਨੇ।
ਮੁੱਲ ਲੈਣ ਆਜ਼ਾਦੀਆਂ ਜਦੋਂ ਲੱਗੇ,
ਸਾਂਵੀਂ ਜ਼ਿੰਦਗੀ ਤੋਲੀ ਪੰਜਾਬੀਆਂ ਨੇ।
ਚਮਕਣ ਲਈ ਸਿਤਾਰਿਆਂ ਵਾਂਗ ਉੱਚਾ,
ਜਿੰਦ ਮਿੱਟੀ ‘ਚ ਰੋਲੀ ਪੰਜਾਬੀਆਂ ਨੇ।
ਖ਼ੁਸ਼ੀਆਂ ਲਈ ਵਿਸਾਖੀ ਮਨਾਉਣ ਲੋਕੀ,
ਖੇਡੀ ਖ਼ੂਨ ਦੀ ਹੋਲੀ ਪੰਜਾਬੀਆਂ ਨੇ।

ਤਤਕਰਾ

# 77 - ਬੇਗਾਨੀ ਮਿੱਟੀ

ਇਸ ਗੁਥਲੀ ਵਿਚ,
ਹੋਰ ਕਿਸੇ ਧਰਤੀ ਦੀ ਮਿੱਟੀ,
ਦਿਸਦੀ ਹੈ ਪਰ ਪਤਾ ਨਹੀਂ ਹੈ,
ਇਹ ਕਾਲੇ ਰੰਗ ਦੀ ਜਾਂ ਚਿੱਟੀ!

ਇਸ ਮਿੱਟੀ ਨੂੰ ਘੋਖੋ, ਪਰਖੋ,
ਕੀ ਇਹ ਗੁਲਸ਼ਨ ਦੇ ਸਕਦੀ ਹੈ?
ਸਾਡੀ ਮਿੱਟੀ ਰੋਵੇ ਹੱਸੇ,
ਕੀ ਇਹ, ਜੀਵਨ ਦੇ ਸਕਦੀ ਹੈ?

ਜੇ ਇਸਦਾ ਰੰਗ 'ਨਿਰਮਲ' ਹੈ ਤਾਂ,

ਖ਼ਬਰਦਾਰ!

ਹੱਥ ਲਾਉਣ ਤੋਂ ਪਹਿਲਾਂ,
ਆਪਣੇ ਹੱਥਾਂ ਦਾ ਖਰ੍ਹਵਾਪਨ,
ਝਾੜ ਪੂੰਝ ਕੇ, ਧੋ ਮਾਂਜ ਕੇ,
ਇਸਦੇ ਲਈ ਸੂਖ਼ਮ ਕਰ ਲੈਣਾ।
ਇਸ ਵਿਚ ਵਸਦੇ ਜੀਵਨ ਨੂੰ,
"ਜੀ ਆਇਆਂ" ਕਹਿਣਾ।
ਆਪਣਾ ਪੂਰਾ ਤਾਣ ਲਗਾ ਕੇ,
ਉਸ ਜੀਵਨ ਦੀ ਰੱਖਿਆ ਕਰਨਾ।

ਤਤਕਰਾ

ਜੇ ਇਸ ਦਾ ਰੰਗ ‘ਮਾਰੂ’ ਹੈ ਤਾਂ,

ਖ਼ਬਰਦਾਰ!

ਹੱਥ ਪਾਉਣ ਤੋਂ ਪਹਿਲਾਂ,
ਲੋੜੀਂਦੇ ਹਥਿਆਰ ਸਜਾਉਣਾ,
ਚਾਰ-ਦੀਵਾਰੀ ਐਸੀ ਕਰਨਾ,
ਕਿ ਇਹ ਕਿਧਰੇ ਖਿਸਕ ਨਾ ਜਾਵੇ,
ਤਾਂ ਜਾ ਕੇ ਇਸ ਨੂੰ ਹੱਥ ਪਾਉਣਾ।

ਜੇ ਇਹ ਬਰਬਾਦੀ ‘ਤੇ ਤੁੱਲੇ,
ਇਸ ਨੂੰ ਪਿੰਜਰੇ ਦੇ ਵਿਚ ਪਾ ਕੇ,
ਜਿੱਥੋਂ ਇਸ ਨੂੰ ਲੈ ਕੇ ਆਏ,
ਓਥੇ ਹੀ ਜਾ ਕੇ ਛੱਡ ਆਉਣਾ।

‘ਪ੍ਰੀਤਮ’! ਮਿੱਟੀਆਂ ਵਿਚ ਫ਼ਰਕ ਹੈ,
ਇਕ ਦੂਜੀ ਨੂੰ ਰਾਸ ਨਾ ਆਵਣ,
ਤਾਂ ਸੁਰਗ ਵੀ ਫੇਰ ਨਰਕ ਹੈ।

ਤਤਕਰਾ

## 78 – ਪਾਣੀਆਂ! ਓ ਪਾਣੀਆਂ!!

ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!
ਤੇਰੀ ਕਿਸਮਤ, ਕੰਢਿਆਂ ਤੋਂ ਠੋਕਰਾਂ ਹੀ ਖਾਣੀਆਂ।

ਅਨਗਿਣਤ ਲੋਕਾਂ ਨੂੰ ਆਪਣੀ ਹੋਂਦ 'ਚੋਂ ਜੀਵਨ ਦੇਵੇਂ,
ਇਹਦੇ ਬਦਲੇ ਦੁਨੀਆਂ ਭਰ ਦਾ ਨਰਕ ਤੂੰ ਵਾਪਸ ਲਵੇਂ,
ਤੇਰੀ ਕੁਰਬਾਨੀ ਦੀਆਂ, ਦੁਨੀਆਂ ਨਾ ਕਦਰਾਂ ਜਾਣੀਆਂ,
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਠੋਕਰਾਂ ਤੋਂ ਬਚਣ ਦੇ ਲਈ, ਜੇ ਆਕਾਸ਼ੀਂ ਚੜ੍ਹ ਗਿਓਂ,
ਏਥੇ ਧੁੱਪਾਂ, ਉੱਤੇ ਜਾ ਕੇ ਬਿਜਲੀਆਂ ਤੋਂ ਸੜ ਗਿਓਂ,
ਅੰਬਰਾਂ ਦੇ ਵਿਚ ਵੀ ਦੋ ਦਿਨ ਨਾ ਮੌਜਾਂ ਮਾਣੀਆਂ।
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਖਾ ਕੇ ਗੁੱਸਾ, ਤੂੰ ਕਦੇ ਇੰਜ ਗੱਜਿਆ ਤੇ ਵਰ੍ਹ ਗਿਆ,
ਟੋਏ ਟਿੱਬੇ ਇਕ ਕਰਕੇ, ਭਾਰ ਹੌਲਾ ਕਰ ਗਿਆ,
ਅੱਗ ਅੱਗਾਂ ਨੂੰ ਤੂੰ ਲਾਈ, ਜਦ ਵੀ ਬੁਰੀਆਂ ਠਾਣੀਆਂ,
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਤੂੰ ਕਦੇ ਹਰਿਆਵਲਾਂ 'ਤੇ ਪਿਆਰ ਬਣ ਕੇ ਛਾ ਗਿਆ,
ਲੋੜਵੰਦ ਲੋਕਾਂ ਲਈ, ਆਸਾਂ ਦੀ ਛਹਿਬਰ ਲਾ ਗਿਆ,
ਤਪਦਿਆਂ ਰਾਹਾਂ ਦੇ ਉੱਤੇ, ਚਾਦਰਾਂ ਤੂੰ ਤਾਣੀਆਂ।
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਬਰਫ਼ ਵਰਗਾ ਸੀਤ ਹੈਂ ਤੇ ਭਾਫ਼ ਵਰਗਾ ਗਰਮ ਹੈਂ,
ਦਿਲ ਤੇਰੇ ਵਿਚ ਖਾਰ ਹੈ, ਪਰ ਉੱਪਰੋਂ ਤੂੰ ਨਰਮ ਹੈਂ,
ਕਿਥੋਂ ਸਿੱਖੀਆਂ, ਏਨੀਆਂ ਇਹ ਸੂਰਤਾਂ ਬਦਲਾਣੀਆਂ?
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਤਤਕਰਾ

ਸਾਗਰਾਂ ‘ਚੋਂ ਮਰ, ਤੂੰ ਅਸਮਾਨਾਂ ਦੇ ਸੁਰਗੀਂ ਜਾ ਵਸੇ,
ਨਵੀਆਂ ਬੂੰਦਾ ਦਾ ਜਨਮ ਲੈ, ਫੇਰ ਧਰਤੀ ਵੱਲ ਨੱਸੇਂ,
ਕਿੰਨੀਆਂ ਕੁ ਫੇਰੀਆਂ, ਬਾਕੀ ਅਜੇ ਨੇ ਲਾ’ਣੀਆਂ,
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਇਸ ਤਰ੍ਹਾਂ ਜਨਮਾਂ ਦੇ ਗੇੜੇ, ਲਾਏ ਕਿੰਨੀ ਵਾਰੀਆਂ?
ਤੇਰੀ ਗਹਿਰਾਈ ‘ਚ ਛੁਪੀਆਂ ਨੇ ਇਹ ਗੱਲਾਂ ਸਾਰੀਆਂ।
ਚੰਦਰਮਾਂ ਦੇ ਦੋਸਤਾ! ਓ ਧਰਤੀਆਂ ਦੇ ਹਾਣੀਆਂ!!
ਪਾਣੀਆਂ! ਓ ਪਾਣੀਆਂ!! ਓ ਸਾਗਰਾਂ ਦੇ ਪਾਣੀਆਂ!!!

ਓ ਸਾਗਰਾਂ ਦੇ ਪਾਣੀਆਂ!
ਓ ਗਾਗਰਾਂ ਦੇ ਪਾਣੀਆਂ!

ਚਸ਼ਮਿਆਂ ਦੇ ਪਾਣੀਆਂ!
ਝਰਨਿਆਂ ਦੇ ਪਾਣੀਆਂ!

ਪਰਬਤਾਂ ਦੇ ਪਾਣੀਆਂ!
ਓ ਕਿਸਮਤਾਂ ਦੇ ਪਾਣੀਆਂ!

ਤਤਕਰਾ

# 79 - ਪਿਆਰ ਦੀ ਹੋਂਦ

ਦੁਨੀਆਂ ਦੇ ਵਿਚ ਜੋ ਵੀ ਦਿਲ ਹੈ,
ਉਹ ਨਹੀਂ ਪਿਆਰ ਤੋਂ ਵਾਂਝਾ।
ਪਿਆਰ ਦੀ ਖ਼ਾਤਰ ਮਰਨ ਦਾ ਹੀਆ,
ਹੈ ਸਭਨਾਂ ਦਾ ਸਾਂਝਾ।
ਭਾਵੇਂ ਬੋਲ ਕੇ ਆਖ ਸਕੇ ਨਾ,
"ਮੈਂ ਤੇਰੇ ਤੋਂ ਵਾਰੀ!"
ਹਰ ਲੜਕੀ ਵਿਚ ਹੀਰ ਹੁੰਦੀ ਹੈ,
ਹਰ ਲੜਕੇ ਵਿਚ ਰਾਂਝਾ।

ਤਤਕਰਾ

## 80 – ਬਨਾਮ ਬੇਨਾਮ – 1

ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦਾ ਹਾਂ,
ਕਿ ਮੇਰੇ ਕੋਲ ਲੈ ਆਈਆਂ ਤੈਨੂੰ, ਮਦਹੋਸ਼ੀਆਂ ਮੇਰੀ।
ਕਦੋਂ ਰਸਮਾਂ ਦੀ ਪਰਵਾ ਛੱਡ ਕੇ ਤੂੰ ਕੋਲ ਰਹਿ ਜਾਵੇਂ?
ਤਰਲੇ ਲੈ ਲੈ ਤੈਨੂੰ ਪੁੱਛਦੀਆਂ, ਖ਼ਾਮੋਸ਼ੀਆਂ ਮੇਰੀ।-1

ਹੁਣੇ ਮੈਂ ਤੈਨੂੰ ਆਉਂਦੇ ਦੇਖਿਆ,ਉੱਠਿਆ, ਤਾਂ ਕੁਝ ਨਾ ਸੀ,
ਮੈਨੂੰ ਤੇਰੇ ਖ਼ਿਆਲਾਂ ਨੇ ਭੁਲੇਖਾ ਇਸ ਤਰ੍ਹਾਂ ਲਾਇਆ।
ਤੂੰ ਮੈਥੋਂ ਦੂਰ ਏਂ, ਫਿਰ ਭੀ ਤੇਰੇ ਸਾਹਾਂ ਦੀ ਖ਼ੁਸ਼ਬੋ ਨੇ,
ਇਨ੍ਹਾਂ ਮਦਹੋਸ਼ ਘੜੀਆਂ ਦਾ, ਚੌਗਿਰਦਾ ਆਣ ਮਹਿਕਾਇਆ।-2

ਅਜੇ ਤਕ ਯਾਦ ਹੈ ਮੈਨੂੰ, ਕਿ ਸਾਵਣ ਦਾ ਮਹੀਨਾ ਸੀ,
ਅਚਾਨਕ ਮੇਰੇ ਆ ਜਾਵਣ ‘ਤੇ, ਤੇਰਾ ਥਰਥਰਾ ਜਾਣਾ।
ਥ੍ਰਮਲੇ ਉਹਲੇ ਹੋ ਕੇ, ਛੁਪ ਕੇ, ਚੋਰੀ ਦੇਖਣਾ ਤੇਰਾ
ਤੇ ਫਿਰ ਸ਼ਰਮਾ ਕੇ, ਨੀਵੀਂ ਪਾ ਕੇ, ਥੁਹੜਾ ਮੁਸਕਰਾ ਜਾਣਾ।-3

ਤੇਰੇ ਨੈਣਾ ਦੇ ਵਿਚ ਤੇਰੀ ਸ਼ਖ਼ਸੀਅਤ ਲੁਕੀ ਹੋਈ,
ਇਨ੍ਹਾਂ ‘ਚੋਂ ਦਿਲ ਦੀ ਹਾਲਤ, ਅਕਸ ਬਣ ਕੇ ਸਾਹਮਣੇ ਆਈ।
ਤੇਰੀ ਸੱਚੀ ਮੁਹੱਬਤ ਦਾ ਕੋਈ ਸੰਦੇਸ਼ ਲੱਗਦਾ ਸੀ,
ਤੇਰੇ ਨੈਣਾ ਦਾ ਸ਼ਰਮਾਣਾ, ਤੇਰੇ ਨੈਣਾ ਦੀ ਗਹਿਰਾਈ।-4

ਤੇਰੀ ਹਰ ਤੱਕਣੀ ਵਿਚ ਮੇਰੇ ਲਈ ਕੁਝ ਪਿਆਰ ਲੱਗਦਾ ਸੀ,
ਤੇਰੇ ਹਰ ਬੋਲ ਵਿਚੋਂ ਸਾਥ ਦਾ ਇਕਰਾਰ ਸੁਣਦਾ ਸੀ।
ਤੇਰੀ ਹਰ ਇਕ ਅਦਾ ਹੀ ਮੇਰੇ ਦਿਲ ਨੂੰ ਚੰਗੀ ਲਗਦੀ ਸੀ,
ਸੁਫ਼ਨਿਆਂ ਵਿਚ ਵੀ ਮੈਂ ਖ਼ੁਸ਼ੀਆਂ ਦੀ ਝਣਕਾਰ ਸੁਣਦਾ ਸੀ।-5

ਇਕ ਦਿਨ ਮੇਰੇ ਲਾਗੇ ਆਣ ਕੇ, ਬਿਜਲੀ ਸੀ ਇਓਂ ਕੜਕੀ,
ਉਹਨੇ, ਅਣਭੋਲ ਬੈਠੇ ਦਾ, ਮੇਰਾ ਤਨ ਮਨ ਹਿਲਾ ਦਿੱਤਾ।
ਤੇ ਮੈਂ ਦੇਖਿਆ, ਕਿ ਤੈਨੂੰ ਵੀ ਰੋਂਦੀ ਕੁ ‘ਲਾਂਦੀ ਨੂੰ,
ਕਿਸੇ ਅਨਜਾਣ ਦੀ ਡੋਲੀ ਦੇ ਵਿਚ, ਜੋਰੀਂ ਬਿਠਾ ਦਿੱਤਾ।-6

ਤਤਕਰਾ

ਤੂੰ ਮੈਨੂੰ ਯੋਗ ਸਮਝਿਆ ਸੀ ਤੇ ਮੈਂ ਤੈਨੂੰ ਸਮਝਦਾ ਸਾਂ,
ਕੋਈ ਦੱਸੇ ਜ਼ਰਾ! ਕਿ ਹੋਰ ਕੀ 'ਸੁਯੋਗ' ਹੁੰਦਾ ਹੈ!
ਜਦੋਂ ਸ਼ਖ਼ਸੀਅਤਾਂ ਨੂੰ ਛੱਡ ਕੇ, ਕੁਝ ਹੋਰ ਵਿੰਹਦੇ ਨੇ,
ਓਦੋਂ ਸੁਯੋਗ ਨਹੀਂ ਮੈਂ ਸਮਝਦਾਂ ਵਿਜੋਗ ਹੁੰਦਾ ਹੈ।-7

'ਕਰੇ ਕੋਈ, ਭਰੇ ਕੋਈ' ਦਾ ਏਥੇ ਰਾਜ ਚੱਲਦਾ ਹੈ,
ਇਹਨੇ, ਇਨਸਾਫ਼ ਦੀ, ਜਜ਼ਬਾਤ ਦੀ ਹਰ ਗੱਲ ਮੁਕਾ ਦਿੱਤੀ।
ਆਪਣੇ ਹੱਕ ਨੂੰ, ਸ਼ਾਇਦ, ਕੋਈ ਕਰਜ਼ਾ ਸਮਝ ਕੇ ਤੂੰ,
ਕਿਸੇ ਦੇ 'ਦੁੱਧ' ਦੀ ਤੇ 'ਫ਼ਰਜ਼' ਦੀ, ਕੀਮਤ ਚੁਕਾ ਦਿੱਤੀ।-8

ਭਲਾ ਤੂੰ ਹੀ ਇਹ ਦੱਸ! ਕਿ ਕਿੱਥੋਂ ਦਾ ਇਨਸਾਫ਼ ਹੈ ਏਥੇ?
ਕਿ ਆਪਣਾ, ਚਹੁੰਦੇ ਹੋਏ ਵੀ ਜੋ ਆਪਣਾ ਹੋ ਨਹੀਂ ਸਕਿਆ।
ਤੇਰੇ, ਜਦ ਫਿਰ ਕਦੀ ਨਾ-ਮਿਲਣ ਦਾ ਅਹਿਸਾਸ ਹੁੰਦਾ ਸੀ,
ਮੈਂ ਰੋਣਾ ਚਹੁੰਦਾ ਸੀ, ਪਰ ਮਰਦ ਕਰਕੇ, ਰੋ ਨਹੀਂ ਸਕਿਆ।-9

ਮੁਹੱਬਤ ਦੀ ਗਲੀ ਵਿਚ ਸਿਰ ਤਲੀ 'ਤੇ ਵੀ ਮੈਂ ਧਰ ਲੈਂਦਾ,
ਜੇ ਮੈਂ ਇਹ ਜਾਣਦਾ ਕਿ ਇਹਦੇ ਲਈ ਤੱਯਾਰ ਤੂੰ ਵੀ ਏਂ।
ਦਵਾਈ ਜਾਣ ਕੇ, ਦੋਹਾਂ ਲਈ ਮਹੁਰਾ ਵੀ ਮੈਂ ਲੈ ਆਉਂਦਾ,
ਜੇ ਮੈਂ ਜਾਣਦਾ, ਕਿ 'ਇਸ਼ਕ' ਦੀ ਬੀਮਾਰ ਤੂੰ ਵੀ ਏਂ।-10

ਪਰ, ਮੈਂ ਤੇਰੇ ਵੱਲੋਂ ਕਾਫ਼ੀ ਅਰਸਾ, ਕੁਝ ਨਹੀਂ ਸੁਣਿਆਂ,
ਮੈਂ ਕੀ ਆਖਾਂ ਇਹਨੂੰ, 'ਤੇਰੀ ਖ਼ੁਸ਼ੀ' ਜਾਂ 'ਬੇਬਸੀ' ਕੋਈ।
ਮੈਂ ਹਾਲੇ ਤੱਕ ਵੀ, ਓਸੇ ਥਾਂ 'ਤੇ ਹਰ ਇਕ ਸਾਲ ਜਾਂਦਾ ਹਾਂ,
ਉਹ ਥਾਂ, ਜਿੱਥੇ ਅਖ਼ੀਰੀ ਵਾਰ, ਮੈਥੋਂ ਤੂੰ ਜੁਦਾ ਹੋਈ।-11

ਮੈਂ ਤੇਰੇ ਪਿਆਰ ਵਿਚ, ਹਾਲੇ ਵੀ ਓਵੇਂ ਗੀਤ ਲਿਖਦਾ ਹਾਂ,
ਤੇ ਚਹੁੰਦਾ ਹਾਂ, ਇਨ੍ਹਾਂ ਨੂੰ ਗੁਣਗੁਣਾ ਦੇਵੇਂ, ਤੂੰ ਫਿਰ ਆਕੇ।
ਕਦੀ ਤੂੰ ਇਕ 'ਬਿਰਹਣ' ਦੀ, ਕੋਈ 'ਵੇਦਨ' ਸੁਣਾਈ ਸੀ,
'ਆਪਣਾ ਨਾਮ ਲੈ ਕੇ' ਹੁਣ, ਸੁਣਾ ਦੇਵੇਂ, ਤੂੰ ਫਿਰ ਆ ਕੇ।-12

ਤਤਕਰਾ

ਹਾਂ ਸੱਚ, ਉਹ ਨਿਸ਼ਾਨੀ ਪਿਆਰ ਦੀ, 'ਛੱਲਾ' ਜੋ ਪਾਇਆ ਸੀ,
ਤੂੰ ਮੈਨੂੰ ਜਿੱਥੇ ਦਿੱਤਾ ਸੀ, ਮੈਂ ਓਥੇ ਹੀ ਦਬਾ ਦਿੱਤਾ;
ਅਤੇ ਜੋ ਮਹਿਲ ਖ਼ਵਾਬਾਂ ਦਾ, ਬਣਾਇਆ ਸੀ, ਸਜਾਇਆ ਸੀ,
ਤੇਰੇ ਬਿਨ ਜੋ ਨਾ ਖੁੱਲ੍ਹੇ, ਉਸ ਨੂੰ ਉਹ ਜਿੰਦਰਾਂ ਲਗਾ ਦਿੱਤਾ।-13

ਕਦੀ ਜਦ ਡੂੰਘੀਆਂ ਰਾਤਾਂ ਨੂੰ, 'ਇਕ ਆਵਾਜ਼' ਆ ਜਾਵੇ,
ਤਾਂ ਇਹ ਕਮ-ਬਖ਼ਤ ਦਿਲ, ਉੱਠ ਕੇ ਉਹਦੇ ਪਿੱਛੇ ਚਲਾ ਜਾਵੇ।
ਕਦੀ ਬਿਸਤਰ 'ਤੇ ਪੈ, ਇਹ ਰੁੱਸੀਆਂ ਨੀਂਦਾਂ ਮਨਾਉਂਦਾ ਹੈ,
ਕਦੀ ਇਹ ਬਾਹਰਲੇ ਬੂਹੇ 'ਤੇ ਬਹਿ ਕੇ ਔਂਸੀਆਂ ਪਾਵੇ।-14

ਮੈਂ ਦਿਲ ਸਮਝਾਉਣ ਲਈ ਅਕਸਰ ਹੀ ਇਹ ਵੀ ਸੋਚਦਾ ਰਹਿਨਾਂ,
ਕਿ ਦੂਜੇ ਦੀ ਖ਼ੁਸ਼ੀ, ਅਪਨਾਉਣ ਦਾ ਨਾਂ ਹੀ, ਮੁਹੱਬਤ ਹੈ।
ਕਿਸੇ ਦੇ ਰੂਪ, ਰੰਗ, ਜਜ਼ਬਾਤ ਦੇ ਮਾਲਿਕ ਬਣੇ ਰਹਿਣਾ,
ਕਿਸੇ ਪੰਛੀ ਨੂੰ ਪਿੰਜਰੇ ਪਾਉਣ ਦਾ ਨਾਂ ਹੀ, ਮੁਹੱਬਤ ਹੈ।-15

'ਅਕਲ' ਦਾ ਤੇ 'ਮੁਹੱਬਤ' ਦਾ, ਕਦੇ ਵੀ ਮੇਲ ਨਹੀਂ ਹੁੰਦਾ,
'ਮੁਹੱਬਤ' ਸ਼ਖ਼ਸ ਨੂੰ, ਜਜ਼ਬਾਤ ਦੇ ਘੋੜੀਂ ਚੜ੍ਹਾ ਦੇਵੇ।
ਜਵਾਨੀ ਦੀ ਗਰਮ-ਜੋਸ਼ੀ ਨੂੰ, ਇਹ ਗੁਮਰਾਹ ਕਰ ਦੇਵੇ,
ਕਿਸੇ 'ਸੱਸੀ' ਨੂੰ ਇਹ ਸਾੜੇ, ਕੋਈ 'ਸੋਹਣੀ' ਰੁੜ੍ਹਾ ਦੇਵੇ।-16

'ਅਕਲ' ਦਾ ਤੇ 'ਮੁਹੱਬਤ' ਦਾ, ਕਦੇ ਵੀ ਮੇਲ ਨਹੀਂ ਹੁੰਦਾ,
'ਮੁਹੱਬਤ' ਸ਼ਖ਼ਸ ਨੂੰ, ਜਜ਼ਬਾਤ ਦੇ ਘੋੜੀਂ ਚੜ੍ਹਾ ਦੇਵੇ।
ਜਵਾਨੀ ਦੀ ਗਰਮ-ਜੋਸ਼ੀ ਨੂੰ, ਇਹ ਗੁਮਰਾਹ ਕਰ ਦੇਵੇ,
ਕਿਸੇ 'ਸੱਸੀ' ਨੂੰ ਇਹ ਸਾੜੇ, ਕੋਈ 'ਸੋਹਣੀ' ਰੁੜ੍ਹਾ ਦੇਵੇ।-17

ਇਸ ਬੇਖ਼ੌਫ਼ ਦੀ, ਅਣਮੋੜ ਦੀ, ਮੰਜ਼ਿਲ ਨਹੀਂ ਕੋਈ,
'ਭਟਕਣ' ਦੀ ਗਲੀ ਵਿਚ, ਹਰ ਸਮੇਂ ਇਸ ਦੇ ਬਸੇਰੇ ਨੇ।
ਜੀਵਨ ਦੇ ਸਫ਼ਰ 'ਤੇ ਇਹ, ਸਦਾ ਹੀ ਠੋਹਕਰਾਂ ਖਾਵੇ,
'ਮੁਹੱਬਤ ਅੰਨ੍ਹੀਂ ਹੁੰਦੀ ਏ' ਜਾਂ ਇਹਦੇ ਰਾਹ ਹਨੇਰੇ ਨੇ।-18

ਇਹ ਕੁਝ ਸੋਚ ਕੇ, ਮੈਂ ਇਕ ਨਵੀਂ ਮੰਜ਼ਿਲ ਸੀ ਅਪਣਾਈ,
ਤੇ ਉਸ ਦੇ ਵੱਲ ਨੂੰ, ਚੁੱਪਚਾਪ ਤੁਰਿਆ ਜਾ ਰਿਹਾ ਹਾਂ ਮੈਂ।
ਦਿਲ, ਜੋ ਰਹਿ ਰਹਿ ਪਿੱਛੇ ਮੁੜਨ ਦੀ ਜ਼ਿਦ ਹੈ ਕਰੀ ਜਾਂਦਾ,
'ਇਹਦਾ ਹੀ ਵਾਸਤਾ' ਪਾ ਕੇ, ਇਹਨੂੰ ਸਮਝਾ ਰਿਹਾ ਹਾਂ ਮੈਂ।-19

ਤਤਕਰਾ

ਵੈਸੇ ਕਹਿਣ ਨੂੰ ਤਾਂ ਜ਼ਿੰਦਗੀ ਵਿਚ ਥੋੜ ਨਹੀਂ ਕੋਈ,
ਮਗਰ ਇਕ 'ਵਹਿਮ' ਹੈ ਜਿਹੜਾ ਹਮੇਸ਼ਾ ਮਨ ਦੇ ਵਿਚ ਰਹਿੰਦਾ,
ਕਿ ਇਸ ਜੀਵਨ ਦੀ ਹਾਲਤ ਸ਼ਾਇਦ ਇਸ ਤੋਂ ਚੰਗੀ ਹੀ ਹੁੰਦੀ,
ਜੇ ਤੇਰਾ ਪਿਆਰ ਭਰਿਆ ਸਾਥ ਇਸ ਜੀਵਨ ਦੇ ਵਿਚ ਰਹਿੰਦਾ।-20

ਇਹ ਤਾਂ ਮੰਨਿਆਂ, ਕਿ 'ਪ੍ਰੀਤ' ਦੇ ਰਸਤੇ ਹਨੇਰੇ ਨੇ,
ਇਹ ਵੀ ਮੰਨਿਆਂ, ਇਹ ਜ਼ਿੰਦਗੀ ਬਰਬਾਦ ਕਰਦੀ ਹੈ।
ਫਿਰ ਵੀ ਤਾਂ, ਇਹ ਹਰ ਇਕ ਧੜਕਦੇ ਦਿਲ ਦੀ ਤਮੰਨਾ ਹੈ,
ਇਹ ਮਿਟ ਜਾਵੇ, ਤਾਂ ਪਿੱਛੋਂ ਇਸ ਨੂੰ ਦੁਨੀਆਂ ਯਾਦ ਕਰਦੀ ਹੈ।-21

ਨਹੀਂ ਕੋਈ ਵੀ ਮਜਬੂਰੀ, ਤੂੰ ਭਾਵੇਂ ਆ, ਨਾ-ਆ ਏਥੇ,
ਮਗਰ ਯਾਦਾਂ 'ਚ ਆਪਣਾ ਰੰਗ ਭਰਨੇ ਤੋਂ ਮਨ੍ਹਾਂ ਕਰਦੇ।
ਹੁਣ ਤੇ ਅੱਧ ਵੀ ਲੰਘ ਚੱਲਿਐ, ਤੀਜੇ ਦਹਾਕੇ ਦਾ,
ਤੂੰ ਇਕ ਵਾਰੀ ਤਾਂ ਮੈਨੂੰ ਯਾਦ ਕਰਨੇ ਤੋਂ ਮਨ੍ਹਾਂ ਕਰਦੇ।-22

ਇਹ ਨਾ ਪੁੱਛ, ਕਿ ਮੈਂ ਹੱਸਦਾ, ਖਿੜਦਾ, ਨਵਿਆਂ ਰਾਹਾਂ 'ਤੇ,
ਦਰਦ ਤੇਰੀ ਜੁਦਾਈ ਦਾ, ਕਿਵੇਂ ਸੀਨੇ 'ਚ ਜਰਦਾ ਹਾਂ।
ਸ਼ਛੋਪੰਜੀ ਦੀ ਹਾਲਤ ਨੇ ਹੈ ਮੈਨੂੰ ਘੇਰਿਆ ਹੋਇਆ,
ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦਾ ਹਾਂ।-23

ਤਤਕਰਾ

## 81 - ਬਨਾਮ ਬੇਨਾਮ - 2

ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦੀ ਹਾਂ,
ਕਿ ਮੇਰੇ ਕੋਲ, ਇਕੱਲਤਾ ਦੇ ਅੰਦਰ, ਆ ਰਿਹਾ ਕੋਈ।
ਜਿਹੜਾ ਨਾਮ, ਨਾ-ਚਹੁੰਦੇ ਹੋਏ ਵੀ ਮੈਂ ਬਦਲ ਦਿੱਤਾ,
ਉਹੀ ਨਾਮ ਲੈ ਕੇ, ਜਿਸ ਤਰ੍ਹਾਂ ਬੁਲਾ ਰਿਹਾ ਕੋਈ।-1

ਇਸ ਆਵਾਜ਼ ਦਾ ਜਾਦੂ, ਅਜੇ ਤਕ ਯਾਦ ਹੈ ਮੈਨੂੰ,
ਇਸ ਆਵਾਜ਼ ਦੇ ਵਿਚ, ਸ਼ੋਖ਼ੀਆਂ ਸਨ ਤੇ ਸ਼ਰਾਰਤ ਸੀ।
ਕਿਸੇ ਪਰਬਤ ਦੇ ਵਾਂਗੂੰ ਬੇਧੜਕ ਇਸ ਦਾ ਠਰ੍ਹੱਮਾ ਸੀ,
ਕਿਸੇ ਭੌਰੇ ਦੇ ਵਾਂਗੂੰ ਏਸ ਦੀ ਸੱਚੀ ਮੁਹੱਬਤ ਸੀ।-2

ਇਸ ਦੇ ਪਿਆਰ ਦੇ ਬੋਲਾਂ, ਮੇਰਾ ਬਚਪਨ ਛੁਡਾ ਦਿੱਤਾ,
ਇਸ ਦੇ ਗੀਤ ਸੁਣ ਕੇ, ਨੈਣਾ ਦੇ ਵਿਚ ਮਸਤੀ ਛਾਈ ਸੀ।
ਜਵਾਨੀ ਜਾਗ ਉੱਠੀ ਅੰਗ ਅੰਗ ਨਸ਼ਿਆ ਗਿਆ ਮੇਰਾ
ਅਤੇ ਸ਼ੀਸ਼ੇ ਤੋਂ ਸ਼ਰਮਾ ਕੇ, ਮੈਂ ਆਪੇ ਮੁਸਕਰਾਈ ਸੀ।-3

ਨਜ਼ਾਕਤ ਗੰਦਲਾਂ ਵਰਗੀ, ਲਚਕ ਲਗਰਾਂ ਜਿਹੀ ਆਈ,
ਮੌਸਮ, ਕਲੀਆਂ ਤੋਂ ਫੁੱਲ ਬਣਨ ਵਾਲਾ ਆ ਗਿਆ ਜਾਪੇ।
ਕਾਲੀ ਜ਼ੁਲਫ਼, ਨਾਗਣ ਚਿਹਰੇ ਉੱਤੇ ਆਣ ਕੇ ਮ੍ਹੇਲੇ,
ਇਹਨੂੰ ਕੋਈ ਸਪੇਰਾ ਫੜਨ ਵਾਲਾ ਆ ਗਿਆ ਜਾਪੇ।-4

ਇਹ ਮੇਰੀ ਖ਼ੁਸ਼ਨਸੀਬੀ ਸੀ, ਕਿ ਉਸ ਦਾ ਪਿਆਰ ਮਿਲਿਆ ਸੀ,
ਇਹ ਮੇਰੀ ਖ਼ੁਸ਼ਨਸੀਬੀ ਸੀ, ਮੈਂ ਉਸ ਦੇ ਨਗ਼ਮੇ ਗਾਏ ਸੀ।
ਭਾਵੇਂ 'ਪ੍ਰੀਤ' ਦੇ ਰਾਹੋਂ, ਅਜੇ ਅਨਜਾਣ ਹੀ ਸਾਂ ਮੈਂ,
ਉਹਦੇ ਸੁਫ਼ਨਿਆਂ ਦੇ ਨਾਲ, ਮੈਂ ਸੁਫ਼ਨੇ ਸਜਾਏ ਸੀ।-5

ਸੁਫ਼ਨਾ ਟੁੱਟਿਆ ਇਕ ਦਿਨ, ਤਾਂ ਕੀ ਦੇਖਦੀ ਹਾਂ ਮੈਂ,
ਕਿ ਅਸਲੀਅਤ ਨੇ ਮੈਨੂੰ ਚੁੱਕ ਕੇ 'ਵੇਦੀ' ਚੜ੍ਹਾ ਦਿੱਤਾ।
ਕਿਸੇ ਅਨਜਾਣ ਨੂੰ ਉਸ ਦਿਨ ਤੋਂ ਮੇਰਾ 'ਰੱਬ' ਕਰ ਦਿੱਤਾ,
ਸਿਰਫ਼ 'ਓਸੇ ਦੀ ਪੂਜਾ' ਦਾ ਸਬਕ, ਮੈਨੂੰ ਪੜ੍ਹਾ ਦਿੱਤਾ।-6

ਤਤਕਰਾ

ਜਿਵੇਂ ਹਰ ਪੰਛੀ, ਪਿੰਜਰੇ ਪੈਣ ਵੇਲੇ ਫੜਫੜਾਉਂਦਾ ਹੈ।
ਓਦੋਂ ਮਜਬੂਰੀਆਂ ਦੇ ਜਾਲ ਵਿਚ ਮੇਰੀ ਉਹ ਹਾਲਤ ਸੀ।
ਭਾਵੇਂ 'ਵਾਰਿਸ' ਦੀ ਆਵਾਜ਼, ਹਰ ਵਿਹੜੇ 'ਚ ਗੂੰਜੀ ਸੀ,
ਪਰ ਓਥੇ ਤਾਂ ਹਾਲੇ ਤਕ ਵੀ ਉਹੀ ਜਹਾਲਤ ਸੀ।-7

ਕੁਝ ਅਗਿਆਨਤਾ ਤੇ ਕੁਝ ਸਮਾਜੀ-ਦੌਰ ਐਸਾ ਸੀ,
ਕਿ ਜਿਸ ਨੇ 'ਦੁੱਧ' ਦਾ ਤੇ ਪਿਆਰ ਦਾ ਵੀ ਮੁੱਲ ਪਾ ਦਿੱਤਾ।
ਕਿਸੇ ਬਾਜ਼ਾਰ ਦੇ ਵਿਚ ਵਿਕ ਗਈ, ਨਿਰਧਨ ਦੀ ਮਜਬੂਰੀ,
ਜਦੋਂ 'ਇਕਰਾਰ' ਤੇ 'ਇਨਕਾਰ' ਦਾ ਵੀ ਮੁੱਲ ਪਾ ਦਿੱਤਾ।-8

ਮੈਂ 'ਉਸ' ਜਾਨ ਤੋਂ ਪਿਆਰੇ ਦੀ, ਹਰਦਮ ਸੁੱਖ ਰੱਖਣ ਲਈ,
ਜਬਰ ਦੇ ਸਾਹਮਣੇ ਵੀ, ਆਪਣੇ ਸਿਰ ਨੂੰ ਝੁਕਾ ਦਿੱਤਾ।
ਦਿਲ ਦੀ ਤੜਪ ਨੂੰ, ਸਦਾ ਲਈ ਕਾਬੂ ਵਿਚ ਰੱਖਣ ਲਈ,
ਇਸ 'ਤੇ ਸਬਰ ਤੇ ਸੰਤੋਖ ਦਾ ਪੱਥਰ ਟਿਕਾ ਦਿੱਤਾ।-9

ਕੋਈ ਦੱਸੇ ਜ਼ਰਾ! ਕਿ ਕਿੱਥੋਂ ਦੀ ਇਹ ਅਕਲਮੰਦੀ ਹੈ,
ਕਿਸੇ ਗ਼ੁਲਾਮ ਦੇ ਸਤਿਕਾਰ ਨੂੰ, 'ਸਤਿਕਾਰ' ਕਹਿ ਦੇਣਾ।
ਕਿਸੇ ਜਜ਼ਬਾਤ ਵਿਚ, ਦੂਜੇ ਤੋਂ ਉਸ ਦੀ ਜਾਨ ਮੰਗ ਲੈਣਾ,
ਤੇ ਦੁੱਖ ਦੀ ਗੱਲ, ਕਿ ਜਜ਼ਬਾਤ ਨੂੰ ਵੀ ਪਿਆਰ ਕਹਿ ਦੇਣਾ।-10

ਕਹਿੰਦੇ ਸਨ, ਕਿ ਚੱਕਰ ਲੈ 'ਪਵਿੱਤਰ ਅੱਗ' ਦੇ ਗਿਰਦੇ,
ਜਵਾਨੀ ਚੜ੍ਹਦੀ ਦੇ, ਪਿਛਲੇ ਗੁਨਾਹ ਸਭ ਰਾਖ਼ ਹੋ ਜਾਂਦੇ।
ਉਹ ਪਲ, ਜੋ ਕਿਸੇ ਦਾ ਸਾਥ ਲੈ ਕੇ 'ਯਾਦ' ਬਣ ਗਏ ਸੀ,
ਉਹ ਪਲ ਯਾਦ ਆ ਕੇ, ਜ਼ਿੰਦਗੀ ਨੂੰ ਫਿਰ ਨਾ ਤੜਪਾਂਦੇ।-11

ਪਰ, ਖਿਲਰੇ-ਪਲਾਂ ਦੀ, ਫਿਰ ਕੋਈ ਮਹਫ਼ਿਲ ਸਜਾਵਣ ਲਈ,
ਇਹ ਦਿਲ, ਦਰਦ ਦੇ ਤੂਫ਼ਾਨੀ-ਦਰਿਆਵਾਂ ਨੂੰ ਤਰਦਾ ਸੀ।
ਕਿਸੇ ਵਿੱਛੜੇ ਹੋਏ ਨੂੰ, ਯਾਦ ਕਰਨਾ ਵੀ 'ਗੁਨਾਹ' ਹੈ ਤਾਂ,
ਮੈਂ ਇਕਬਾਲ ਕਰਦੀ ਹਾਂ, ਇਹ ਦਿਲ ਅਕਸਰ ਹੀ ਕਰਦਾ ਸੀ।-12

ਤਤਕਰਾ

ਮੈਂ ਕਹਿੰਦੀ ਤਾਂ ਕਿਵੇਂ ਕਹਿੰਦੀ, "ਦਿਲਾ ਮੇਰੇ! ਗੁਨਾਹਗਾਰਾ!!
ਉਸ ਦੀ ਯਾਦ ਦੇ ਵਿਚ ਦੱਸ ਭਲਾ! ਹੁਣ ਰੱਖਿਆ ਏ ਕੀ!"
ਜਦੋਂ 'ਵੇਦੀ' 'ਤੇ, ਉਸ ਨੂੰ ਭੁੱਲ ਜਾਵਣ ਦੀ ਕਸਮ ਖਾਧੀ,
ਇਹ ਦਿਲ ਚੰਦਰਾ ਤਾਂ ਓਸ ਵੇਲੇ ਕੋਲ ਹੀ ਨਾ ਸੀ।-13

ਮੈਂ ਸੀ ਪਿਆਰ ਦਾ ਬੂਟਾ, ਕਿਸੇ ਦੇ ਬਾਗ 'ਚੋਂ ਪੁੱਟ ਕੇ,
ਕਿਸੇ ਅਨਜਾਣ ਤਾਕਤ ਨੇ, ਨਵੀਂ ਥਾਂ 'ਤੇ ਲਗਾ ਦਿੱਤਾ।
ਜਿਵੇਂ 'ਤੁਲਸੀ' ਦੇ ਬੂਟੇ ਨੂੰ, ਕੋਈ ਵਿਹੜੇ 'ਚ ਲਾਉਂਦਾ ਏ,
ਸਜਾਵਟ ਤੇ ਸਖ਼ਾਵਤ ਲਈ, ਇਹਦੀ ਸ਼ੋਭਾ ਬਣਾ ਦਿੱਤਾ।-14

ਇਸ ਘਰ ਦੀ ਸਜਾਵਟ ਲਈ, ਇਸ ਘਰ ਦੀ ਸਕਾਫ਼ਤ ਲਈ,
ਮੈਂ 'ਤੁਲਸੀ ਦੇ ਪੱਤਰਾਂ' ਦਾ ਫ਼ਰਜ਼, ਪੂਰਾ ਨਿਭਾਇਆ ਹੈ।
ਕੋਈ ਆਪਣਾ ਭੁਲਾਇਆ ਹੈ, ਕੋਈ ਆਪਣਾ ਬਣਾਇਆ ਹੈ।
ਕੋਈ ਸੁਫ਼ਨਾ ਮਿਟਾਇਆ ਹੈ, ਅਸਲੀਅਤ ਨੂੰ ਪਾਇਆ ਹੈ।-15

ਸੁਫ਼ਨੇ, 'ਭਲਕ' ਹੁੰਦੇ ਨੇ, ਹਕੀਕਤ 'ਅੱਜ' ਹੁੰਦੀ ਹੈ,
ਕਿਵੇਂ ਫਿਰ 'ਭਲਕ' ਨੂੰ ਵੀ 'ਅੱਜ' ਦੇ ਵਿਚ ਪਾ ਲਵੇ ਕੋਈ!
ਮਗਰ, ਹਰ 'ਭਲਕ' ਨੇ ਵੀ ਤਾਂ ਅਖ਼ੀਰੀ 'ਅੱਜ' ਬਣਨਾ ਹੈ,
ਹਕੀਕਤ ਜਾਣ ਕੇ ਜੇ ਦਿਲ ਤਾਈਂ ਸਮਝਾ ਲਵੇ ਕੋਈ।-16

ਸਬਜ਼-ਬਾਗਾਂ ਦੇ ਸੁਫ਼ਨੇ ਦੇਖਣਾ ਵੀ ਤਾਂ ਜ਼ਰੂਰੀ ਹੈ!
ਸੁਫ਼ਨੇ ਹੀ ਅਸਾਂ ਨੂੰ, ਜਿੱਥੇ ਹਾਂ, ਏਥੇ ਲਿਆਏ ਨੇ।
ਸੁਫ਼ਨਿਆਂ ਕਰਕੇ ਹੀ ਅੱਜ ਦੁਨੀਆਂ ਦਾ ਹਰ ਸੁਖ ਅਸਾਡਾ ਹੈ,
ਇਨ੍ਹਾਂ ਨੇ ਹੀ ਅਸਾਂ ਨੂੰ, ਚੰਨ- ਤਾਰੇ ਵੀ ਦਿਖਾਏ ਨੇ।-17

ਪਰ, ਹਰ ਬਾਗ ਲਈ, ਧਰਤੀ ਤੇ ਮੌਸਮ ਦੀ ਜ਼ਰੂਰਤ ਹੈ,
ਜੇ ਇਹ ਮਿਲ ਜਾਵਣ ਤਾਂ ਫੇਰ ਮਿਹਨਤ ਦੀ ਜ਼ਰੂਰਤ ਹੈ।
ਇਹ ਵੀ ਹੋ ਜਾਏ ਤਾਂ ਇਸ ਨੂੰ ਖਿੜਿਆ ਰਹਿਣ ਦੀ ਖ਼ਾਤਰ,
ਕੁਦਰਤ ਦੀ ਵਡਮੁੱਲੀ ਰਹਿਮਤ ਦੀ ਜ਼ਰੂਰਤ ਹੈ।-18

ਮੇਰੇ ਸੁਫ਼ਨਿਆਂ ਦੇ ਬਾਗ ਲਈ, ਮੌਸਮ ਤਾਂ ਮਿਲਿਆ ਸੀ,
ਐਪਰ 'ਸਮਝ' ਦੀ ਧਰਤੀ ਤਾਂ ਹਾਲੇ ਤਕ ਨਾ ਮੇਰੀ ਸੀ।
ਆਪਣੇ ਪੈਰਾਂ 'ਤੇ ਖੜ੍ਹ ਜਾਣ ਲਈ, ਮਿਹਨਤ ਅਧੂਰੀ ਸੀ,
'ਜ਼ਮਾਨੇ ਦੇ ਗ਼ਲਤ ਵਰਤਾਓ' ਦੀ ਜ਼ਾਲਿਮ ਹਨੇਰੀ ਸੀ।-19

ਤਤਕਰਾ

'ਮੱਧਮ-ਚਾਲ' ਤੁਰਦਾ ਵਕਤ, ਭਾਵੇਂ ਦੂਰ ਲੈ ਆਇਆ,
ਨਕਸ਼, 'ਉਲਫ਼ਤ ਦੇ ਖੰਡਰ ਦੇ' ਨਹੀਂ ਹਾਲੇ ਮਿਟਾ ਸਕਿਆ।
'ਅਣੋਖੀ-ਪੀੜ' ਦੇਂਦਾ ਏ, ਸਫ਼ਰ 'ਗੁੰਮਨਾਮ-ਮੰਜ਼ਿਲ' ਦਾ,
ਜਿਹੜਾ, ਉਮਰ ਭਰ ਚਹੁੰਦੇ ਹੋਏ, ਕੀਤਾ ਨਾ ਜਾ ਸਕਿਆ।-20

ਮੁੱਦਤ ਹੋ ਗਈ ਏ ਤੁਰਦਿਆਂ, 'ਯਾਦਾਂ ਦੀ ਵਾਦੀ' 'ਚੋਂ,
ਅਜੇ ਤਕ, ਇਸ ਦੀਆਂ ਜੂਹਾਂ ਦਾ ਪੈਂਡਾ ਨਾ ਮੁਕਾ ਸਕੀ।
ਹੁਣ ਤੇ ਨਾਗਣਾ-ਜ਼ੁਲਫ਼ਾਂ ਦੀ ਕਾਲੀ ਕੁੰਜ ਲਹਿ ਚੱਲੀ,
ਇਸ ਆਵਾਜ਼ ਨੂੰ, ਦਿਲ ਤੋਂ ਭੁਲਾਇਆ ਨਾ ਭੁਲਾ ਸਕੀ।-21

ਮੇਰੀ ਹਰ ਖ਼ੁਸ਼ੀ ਅੰਦਰ, ਮੇਰੀ ਹਰ ਗ਼ਮੀਂ ਅੰਦਰ,
ਮੇਰੀ ਹਰ ਇਕੱਲਤਾ ਵਿਚ ਵੀ, ਜਿਸ ਨੇ ਬੁਲਾਇਆ ਹੈ,
ਇਸ ਆਵਾਜ਼ ਦਾ ਜਾਦੂ ਤਾਂ ਹਾਲੇ ਤਕ ਵੀ ਕਾਇਮ ਹੈ,
ਇਸ ਆਵਾਜ਼ ਨੇ ਮੈਨੂੰ ਨਵਾਂ ਚਾਨਣ ਦਿਖਾਇਆ ਹੈ।-22

ਜੀ ਕਰਦਾ ਹੈ, ਇਸ ਚਾਨਣ ਦੀਆਂ ਰਿਸ਼ਮਾਂ ਦੀ ਬਹੁਕਰ ਲੈ,
ਹਰ ਵਿਹੜੇ 'ਚੋਂ ਬੇਬਸੀਆਂ ਦੀ ਕਾਲਖ਼ ਹੂੰਝ ਦੇਵਾਂ ਮੈਂ।
ਕਿਸੇ 'ਕੈਦੋਂ' ਦੀ ਪੱਗ ਤੋਂ ਲੀਰ ਲੈ ਕੇ ਆਪਣੇ ਹੱਥੀਂ,
ਕਿਸੇ 'ਬਿਰਹਣ' ਦੀਆਂ ਅੱਖਾਂ 'ਚੋਂ ਅੱਥਰੂ ਪੂੰਝ ਦੇਵਾਂ ਮੈਂ।-23

ਦੁਨੀਆਂ ਦੇ ਬਾਜ਼ਾਰਾਂ ਵਿਚ, ਵਿਕੇ ਨਾ ਕੋਈ ਮਜਬੂਰੀ
ਅਤੇ ਵਿੱਦਿਆ ਦੀ ਦੌਲਤ ਤੋਂ ਕੋਈ ਵਾਂਝਾ ਨਾ ਰਹਿ ਜਾਵੇ।
'ਜੀਵਨ ਦੇ ਸਹੀ ਅਰਥਾਂ ਬਿਨਾ' ਕੋਈ 'ਹੀਰ' ਨਾ ਹੋਵੇ,
'ਵਸੀਲੇ' ਦੇ ਧਨੋ ਨਿਰਧਨ, ਕੋਈ 'ਰਾਂਝਾ' ਨਾ ਰਹਿ ਜਾਵੇ।-24

ਉਹ, ਜੋ ਪ੍ਰੀਤ ਦੇ ਰਾਹਾਂ 'ਚ ਅਕਸਰ ਆਣ ਮਿਲਦੇ ਨੇ,
ਉਨ੍ਹਾਂ ਖ਼ਤਰਿਆਂ ਤੋਂ 'ਏਸ' ਨੂੰ ਵਾਕਫ਼ ਕਰਾਵਾਂਗੀ,
ਆਪਣੇ ਕੀਤੇ ਹੋਏ ਫ਼ੈਸਲੇ 'ਤੇ ਫਿਰ ਨਾ ਪਛਤਾਵੇ,
'ਅਗਲੀ ਪੀੜ੍ਹੀ' ਨੂੰ ਮੈਂ ਏਸ ਦੇ ਕਾਬਿਲ ਬਣਾਵਾਂਗੀ।-25

ਖ਼ਾਬਾਂ ਦੀ ਕਿਸੇ ਮੱਧਮ ਜਿਹੀ ਤਸਵੀਰ ਦੇ ਅੰਦਰ,
ਚੁਣ ਚੁਣ ਕੇ ਮੈਂ ਗੂੜ੍ਹੇ ਰੰਗ, ਅਸਲੀਅਤ ਦੇ ਭਰਦੀ ਹਾਂ।
ਇਸ ਆਵਾਜ਼ 'ਚੋਂ ਕੋਈ ਸੁਨੇਹਾ ਆ ਰਿਹਾ ਜਾਪੇ,
ਮੁੱਦਤ ਬਾਅਦ ਵੀ ਅਕਸਰ ਹੀ ਇਹ ਮਹਿਸੂਸ ਕਰਦੀ ਹਾਂ।-26

ਤਤਕਰਾ

ਗਲਫ਼ ਦੀ ਜੰਗ ਦੇ ਸਮੇਂ।

# 82 - ਬੰਬਾਰੀ

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਇਸ ਧਰਤੀ ਦੇ ਵਿਹੜੇ ਉੱਤੇ ਇਹ ਕੇਹੀ ਰੁੱਤ ਆਈ ਨੀ!
ਅੱਜ ਘਟਾ ਨੇ ਬਾਰਿਸ਼ ਨਹੀਂ, ਬਾਰਿਸ਼ ਨੇ ਘਟਾ ਬਣਾਈ ਨੀ।

ਖੰਭ ਲਗਾ ਕੇ ਬੱਦਲ ਉੱਡੇ, ਹਾਲੇ ਅੱਗ ਪਈ ਵਰ੍ਹਦੀ ਨੀ,
ਸੂਲਾਂ ਤੋਂ ਵੀ ਤਿੱਖੀ ਵਾਛੜ, ਤਨ ਮਨ ਲੀਰਾਂ ਕਰਦੀ ਨੀ।

ਸਿਸਕ ਸਿਸਕ ਕੇ, ਤੜਪ ਤੜਪ ਕੇ, ਮੌਤ ਕਿਸੇ ਨੂੰ ਆਈ ਨੀ,
ਛੈਲ ਛਬੀਲੇ ਗੱਭਰੂਆਂ ਦੀ ਰੂਹ ਮੋਈ ਕੁਰਲਾਈ ਨੀ।

ਮਲਕੁਲ-ਮੌਤ ਨੇ ਡੰਝਾਂ ਲਾਹੀਆਂ, ਗਿਰਝਾਂ ਮੇਲੇ ਲਾਏ ਨੀ,
ਅੰਮ੍ਰਿਤ ਦੇ ਵਣਜਾਰੇ ਫਿਰਦੇ ਗਲੀਓ ਗਲੀ ਤਿਹਾਏ ਨੀ।

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਅੱਜ ਕਿਸੇ ਨੇ ਬੰਜਰ ਭੋਂ ਨੂੰ, ਖ਼ੂਨ ਦਾ ਪਾਣੀ ਲਾਇਆ ਨੀ,
ਭੁਖਾਂ ਨੇ ਕਿਲਕਾਰੀ ਮਾਰੀ, ਦੁੱਖਾਂ ਸ਼ੋਰ ਮਚਾਇਆ ਨੀ।

ਟੁੱਟ ਗਈ ਅੱਜ ਪੀਂਘ ਕਿਸੇ ਦੀ, ਕੋਈ ਅਲਾਹਣੀ ਗਾਏ ਨੀ,
ਜਿਸ ਢੋਲੇ ਹੁਣ ਕਦੇ ਨਹੀਂ ਆਉਣਾ, ਯਾਦ ਉਹਦੀ ਤੜਪਾਏ ਨੀ।

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਅੱਜ ਬਾਰੂਦ ਨੇ ਚਰਖੇ ਤੋੜੇ, ਜੀਵਨ-ਤੰਦਾਂ ਟੁੱਟੀਆਂ ਨੀ,
ਅੱਜ ਭੈਣਾ ਦੇ ਚੂੜੇ ਭੱਜੇ, ਪੱਤਾਂ ਗਈਆਂ ਲੁੱਟੀਆਂ ਨੀ।

ਸੜਦੇ ਏਸ ਚੌਗਿਰਦੇ ਅੰਦਰ, ਲਾਸ਼ਾਂ ਦੀ ਬੋ ਫੈਲੀ ਨੀ,
ਸੱਭਿਅਤਾ ਦੀ ਚਿੱਟੀ ਚਾਦਰ, ਧੂੰਏਂ ਕੀਤੀ ਮੈਲੀ ਨੀ।

ਜਿਸਮ ਸੜੇ, ਤਾਂ ਸੱਧਰਾਂ ਵਾਲੇ ਦਿਲ ਵੀ ਸੜ ਗਏ ਨਾਲੇ ਨੀ,
ਮਾਰੂਥਲਾਂ 'ਚ ਦੱਸ ਹੁਣ ਕੋਈ ਕੀ ਹਰਿਆਵਲ ਭਾਲੇ ਨੀ!

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਤਤਕਰਾ

ਇਸ, ਅੱਗ ਦੇ ਵਗਦੇ ਦਰਿਆ ਵਿਚ, ਟੱਬਰ ਸਾਰਾ ਰੁੜ੍ਹਿਆ ਨੀ,
ਮੌਤ ਦੇ ਪਰਦੇ ਢਕਣ ਵਾਸਤੇ, ਖੱਫਣ ਵੀ ਨਾ ਜੁੜਿਆ ਨੀ।

ਢਿਡੋਂ ਭੁੱਖਾ, ਕੱਖੋਂ ਹੌਲਾ, ਬਹਿ ਕਰਮਾਂ ਨੂੰ ਰੋਇਆ ਨੀ,
ਜੀਣਾ, ਪਹਿਲਾਂ ਹੀ ਮੁਸ਼ਕਿਲ ਸੀ, ਮਰਨਾ ਮੁਸ਼ਕਿਲ ਹੋਇਆ ਨੀ।

ਓਧਰ ਤੁਰ ਗਏ ਅੱਜ ਕਾਫ਼ਲੇ ਜਿੱਧਰ ਗਏ ਨਾ ਮੁੜਦੇ ਨੀ,
ਸ਼ਹਿਰ ਤਾਂ ਥੇਹ ਬਣ ਫਿਰ ਵਸ ਜਾਂਦੇ, ਦਿਲ ਟੁੱਟੇ ਨਾ ਜੁੜਦੇ ਨੀ।

ਅੱਜ ਬੇ-ਦੋਸ਼ਾਂ ਖ਼ੂਨ ਕਿਸੇ ਦਾ, ਧਰਤੀ ਉੱਤੇ ਰੁਲਿਆ ਨੀ,
ਡੁੱਬਦੇ ਸੂਰਜ ਦੀ ਲਾਲੀ ਵਿਚ, ਏਸੇ ਦਾ ਰੰਗ ਘੁਲਿਆ ਨੀ।

ਅੱਜ ਧਰਤੀ ਦੀ, ਅੱਜ ਅੰਬਰ ਦੀ ਆਤਮਾਂ ਜ਼ਖ਼ਮੀਂ ਹੋਈ ਨੀ,
ਬੈਠ ਅਮਨ ਦੀ ਫੂਹੜੀ ਉੱਤੇ, ਅੱਜ ਮਾਨੁੱਖਤਾ ਰੋਈ ਨੀ।

ਪਾਣੀ ਬਰਸੇ ਸਾਵਣ ਕਹਿੰਦੇ, ਅੱਗ ਬਰਸੇ ਤਾਂ ਕੀ ਆਖਾਂ!

ਤਤਕਰਾ

## 83 – ਬਾਲ ਵਿਧਵਾ

ਸਹੇਲੀ ਕੀ ਸ਼ਾਦੀ ਪਿਹ ਉਸ ਕਾ ਵੋਹ ਆਨਾ,
ਵੋਹ ਹੰਸਨਾ, ਹੰਸਾਨਾ, ਵੋਹ ਦੁਲਹਨ ਸਜਾਨਾ,
ਜਵਾਨੀ ਕੀ ਮਸਤੀ ਮੇਂ ਢੋਲਕ ਪਿਹ ਗਾਨਾ,
ਵੋਹ ਮਾਸੂਮ ਚਿਹਰੇ ਕਾ ਸਭ ਕੋ ਲੁਭਾਨਾ।

ਵੋਹ ਉਸ ਕੀ ਸੁਨਹਿਰੀ ਖ਼ੁਸ਼ੀਓਂ ਕਾ ਆਲਮ,
ਕਿਸੀ ਕਮ-ਅਕਲ ਕੋ ਹਰਗਿਜ਼ ਨਾ ਭਾਇਆ,
ਅਪਨਾ ਬੜਾ-ਪਨ ਦਿਖਾਨੇ ਕੀ ਖ਼ਾਤਿਰ,
"ਤੂ ਬਾਲ-ਵਿਧਵਾ ਹੈ", ਉਸ ਕੋ ਜਤਾਇਆ।

"ਤੂ ਸ਼ਾਦੀ ਕੇ ਘਰ ਸੇ ਕਹੀਂ ਦੂਰ ਹੋ ਜਾ
ਔਰ ਲੇ ਜਾ, ਮੁਕੱਦਰ ਕੀ ਰੁਸਵਾਈਆਂ ਭੀ,
ਤੇਰੀ ਯਿਹ ਮਨਹੂਸ ਹਸਤੀ ਤੋ ਕਿਆ ਹੈ!
ਨਹੀਂ ਚਾਹੀਏ, ਤੇਰੀ ਪਰਛਾਈਆਂ ਭੀ"।

ਹੰਸੀ ਔਰ ਖ਼ੁਸ਼ੀ ਸੇ, ਗ਼ਮਗੀਨੀਓਂ ਮੇਂ,
ਬਦਲਤਾ ਹੂਆ ਚਿਹਰਾ ਦੇਖਾ ਹੈ ਮੈਂਨੇ,
ਖ਼ਾਮੋਸ਼ੀਓਂ ਕੀ ਚਿੱਤਾਓਂ ਮੇਂ, ਉਸਕਾ
ਜਲਤਾ ਹੂਆ, ਚਿਹਰਾ ਦੇਖਾ ਹੈ ਮੈਂਨੇ।

'ਸਤਿਯੰਮ ਸ਼ਿਵਮ ਸੁੰਦਰਮ' ਕਹਿਣ ਵਾਲੇ!
ਇਹ ਸ਼ਾਇਰ ਤੇਰੇ ਨਾਲ ਸਹਿਮਤ ਨਹੀਂ ਹੈ।

ਤਤਕਰਾ

## 84 - ਰੂਹ

ਰੂਹ ਸੈਭੰ ਨਹੀਂ, ਇਹ ਬਣਾਈ ਗਈ।
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ, ਅੰਤ ਵੀ ਹੈ,
ਇਹ ਸਮਿਆਂ ਦੇ ਜ਼ੇਰੇ-ਅਸਰ ਹੋਵੰਦੀ।

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ।

ਇਹ ਹਵਾ ਦਾ ਹੈ ਛਿੱਦਾ ਜੋ ਬੇਨਾਮ ਹੈ।
ਅਣਬੁਝੀ ਹੀ ਰਹੀ ਤ੍ਰੇਹ ਦਾ ਅੰਜਾਮ ਹੈ।
ਇਕ ਦੇ ਬਾਅਦ ਇਕ ਇੱਛਾ ਮੰਜ਼ਿਲ ਇਹਦੀ,
ਸਿਰਫ਼ ਰਾਹਾਂ ਦੀ, ਇਹ ਹਮਸਫ਼ਰ ਹੋਵੰਦੀ।

ਇਹ ਖ਼ਲਾਵਾਂ, ਖ਼ਿਆਲਾਂ ਤੋਂ ਉਪਜੀ ਹੋਈ,
ਕਿਸੇ ਅਨਜਾਣ ‘ਕਾਰਣ’ ਦੀ ਸਿਰਜੀ ਹੋਈ।
ਤਨ ਬਦਨ ਦੇ ਘਰਾਂ ਨੂੰ ਇਹ ਲੋੜੇ ਸਦਾ,
ਕਦੀ ਨਾ-ਚਹੁੰਦਿਆਂ ਵੀ ਬੇਘਰ ਹੋਵੰਦੀ।

ਇਹ ਹੈ ਉਹ ਸਾਜ਼, ਵੱਜੇ, ਜੇ ਸੋਚੇ ਕੋਈ।
ਇਸਦੀ ਆਵਾਜ਼ ਵਿਰਲਾ ਹੀ ਸਮਝੇ ਕੋਈ।
ਇਹ ਹੀ ‘ਪੱਥਰ’ ਇਹ ਹੀ ‘ਫਹਿਆ’ ਹੋਵੰਦੀ,
ਇਹ ਹੀ ‘ਸਾਬਿਰ’ ਇਹ ਹੀ ‘ਬੇਸਬਰ’ ਹੋਵੰਦੀ।

‘ਆਦਮ’ ਤੇ ‘ਹਵਾ’ ਤੋਂ ਕਰੋੜਾਂ ਬਣੇ,
ਮੌਤ ਦੇ ਹੁੰਦਿਆਂ ਵੀ ਨੇ ਤਾਣੇ ਤਣੇ।
ਇਹ ਮਜ਼ਲੂਮ ਵੀ ਹੈ ਤੇ ਜ਼ਾਲਿਮ ਵੀ ਹੈ,
ਇਹ ਹੀ ਆਕਾ ਤੇ ਇਹ ਹੀ ਨਫ਼ਰ ਹੋਵੰਦੀ।

ਰੂਹ ਹੁੰਦੀ ਹੈ ਕੀ? ਕੀ ਪਤਾ ਲਾਵਣਾ!
ਇਸ ਨੇ ਸੋਚਣ ਤੋਂ ਪਹਿਲਾਂ ਬਦਲ ਜਾਵਣਾ।
ਪੂਰੀ ਸ੍ਰਿਸ਼ਟੀ ਦੇ ਵਿਚ ਇਹ ਇਕੱਲੀ ਨਹੀਂ,
ਆਪਣੇ ਆਪੇ ਤੋਂ ਜੋ ਬੇਖ਼ਬਰ ਹੋਵੰਦੀ।

ਤਤਕਰਾ

ਇੱਛਾਵਾਂ 'ਚ ਹੁੰਦੇ ਨੇ ਸਾਹ ਏਸਦੇ,
ਆਸ ਦੇ ਆਸਰੇ 'ਤੇ ਇਹ ਤੁਰਦੀ ਫਿਰੇ
ਉਸ ਵੇਲੇ ਕਦੇ ਨਾ ਇਹ ਜੀਂਦੀ ਰਵ੍ਹੇ,
ਜਦੋਂ ਇੱਛਾ ਦੀ ਝੋਲੀ ਸਿਫ਼ਰ ਹੋਵੰਦੀ।

ਇਹਦਾ ਇਕ ਬੀਜ ਕਈ ਰੂਹਾਂ ਪੈਦਾ ਕਰੇ।
ਕਦੀ ਖਾਲੀ ਕਰੇ, ਕਦੀ ਖਾਲੀ ਭਰੇ।
ਤਨ ਬਦਨ ਦੇ ਬਿਨਾਂ ਵੀ ਜਦੋਂ ਰਹਿ ਸਕੇ,
ਤਾਂ ਇਹ ਉਸ ਰੋਜ਼ ਜਾ ਕੇ 'ਅਮਰ' ਹੋਵੰਦੀ।

ਰੂਹ ਸੈਭੰ ਨਹੀਂ, ਇਹ ਬਣਾਈ ਗਈ।
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ, ਅੰਤ ਵੀ ਹੈ,
ਇਹ ਸਮਿਆਂ ਦੇ ਜ਼ੇਰੇ-ਅਸਰ ਹੋਵੰਦੀ।

ਰੂਹ ਨੀਵੀਂ ਵੀ ਹੈ, ਰੂਹ ਉੱਚੀ ਵੀ ਹੈ,
ਰੂਹ ਕੂੜੀ ਵੀ ਹੈ, ਰੂਹ ਸੁੱਚੀ ਵੀ ਹੈ।
ਇਹ 'ਮਹਾਂ-ਆਤਮਾ', ਇਹ 'ਪਰਮ-ਆਤਮਾ'
ਇਹ ਨਜ਼ਾਰਾ ਤੇ ਇਹ ਹੀ ਨਜ਼ਰ ਹੋਵੰਦੀ।

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ। (7)**

---

**ਭਾਰਤੀ ਸੱਭਿਅਤਾ ਰੂਹ ਨੂੰ ਅਮਰ ਮੰਨਦੀ ਹੈ।

ਤਤਕਰਾ

## 85 – ਮਰਹੂਮ ਵਾਲਦੈਨ

ਇਕ ਪਿਆਰ ਪੁਰਾਨਾ ਯਾਦ ਆਇਆ,
ਲੋ! ਗੁਜ਼ਰਾ ਜ਼ਮਾਨਾ ਯਾਦ ਆਇਆ।

ਕੁਛ ਯਾਦ ਨਹੀਂ ਸੁਨਤੇ ਥੇ ਮਗਰ, ਹਮ ਬੋਲਨਾ ਭੀ ਨਾ ਜਾਨਤੇ ਥੇ,
ਖਾਨਾ, ਹੈ ਕਿਆ? ਪੀਨਾ, ਹੈ ਕਿਆ? ਇਸ ਬਾਤ ਸੇ ਭੀ ਅਨਜਾਨ ਸੇ ਥੇ,
ਜੀਨੇ ਕੇ ਲੀਏ ਯਿਹ ਸਬ ਬਾਤੇਂ, ਉਨਕਾ ਸਮਝਾਨਾ ਯਾਦ ਆਇਆ।

ਇਕ ਪਿਆਰ ਪੁਰਾਨਾ ਯਾਦ ਆਇਆ।

ਯਿਹ ਬੈਠਨਾ, ਉਠਨਾ ਔਰ ਚਲਨਾ, ਸਬ ਕੁਛ ਸਿਖਲਾਨਾ ਮੁਸ਼ਕਿਲ ਹੈ,
ਜੋ ਅਪਨੀ ਜ਼ੁਬਾਂ ਨਾ ਸਮਝ ਸਕੇ, ਉਸ ਕੋ ਸਮਝਾਨਾ ਮੁਸ਼ਕਿਲ ਹੈ,
ਮੇਰੀ ਤੋਤਲੀ ਤਾਤਲੀ 'ਊਂ ਗੂੰ' ਸੇ ਕੁਛ ਬਾਤ ਬਨਾਨਾ ਯਾਦ ਆਇਆ।

ਇਕ ਪਿਆਰ ਪੁਰਾਨਾ ਯਾਦ ਆਇਆ।

ਭਟਕੀ ਹੂਈ ਰਾਹ ਪਿਹ ਚਲਨੇ ਲਗੇ, ਤੋ ਪਿਆਰ ਸੇ ਹਮ ਕੋ ਰੋਕਾ ਭੀ,
ਜਬ ਖ਼ੁੱਦਾਰੀ ਕੀ ਹੱਦ ਸੇ ਬੜ੍ਹੇ, ਇਕ ਡਾਂਟ ਸੇ ਹਮ ਕੋ ਟੋਕਾ ਭੀ,
ਅੱਛਾ ਯਾ ਬੁਰਾ ਹੈ ਕਿਆ ਜਗ ਮੇਂ, ਪਹਿਚਾਨ ਕਰਾਨਾ ਯਾਦ ਆਇਆ,

ਇਕ ਪਿਆਰ ਪੁਰਾਨਾ ਯਾਦ ਆਇਆ।

ਮੇਰੀ ਦੌਲਤ ਮੇਰੀ ਦੌਲਤ ਹੈ, ਮੇਰੀ ਸ਼ੁਹਰਤ ਮੇਰੀ ਦੌਲਤ ਹੈ,
ਗ਼ੈਰੋਂ ਕੋ ਅਪਨਾਨੇ ਵਾਲੀ, ਮੇਰੀ ਆਦਤ ਮੇਰੀ ਦੌਲਤ ਹੈ,
ਜਿਸ ਜਗਹ ਸੇ ਯਿਹ ਦੌਲਤ ਪਾਈ, ਵੋਹ ਖੋਇਆ ਖ਼ਜ਼ਾਨਾ ਯਾਦ ਆਇਆ,

ਇਕ ਪਿਆਰ ਪੁਰਾਨਾ ਯਾਦ ਆਇਆ।

ਦੁਨੀਆਂਦਾਰੀ ਸੇ ਤੰਗ ਆ ਕਰ, ਦਿਲ ਗ਼ਮ ਸੇ ਅਗਰ ਭਰ ਜਾਏ ਕਭੀ,
ਤਾਰੇ ਭੀ ਖ਼ਲਿਸ਼ ਦੇਂ ਆਂਖੋਂ ਮੇਂ, ਜਬ ਰਾਤ ਕੋ ਨੀਂਦ ਨਾ ਆਏ ਕਭੀ,
ਤੋ ਮੀਠੀ ਸੁਰ ਮੇਂ ਜੋ ਗੂੰਜਾ, ਲੋਰੀ ਕਾ ਤਰਾਨਾ ਯਾਦ ਆਇਆ,

ਇਕ ਪਿਆਰ ਪੁਰਾਨਾ ਯਾਦ ਆਇਆ।

ਤਤਕਰਾ

ਵੋਹ ਅਹਿਲ-ਏ-ਖ਼ੁਲਦ ਕੇ ਮਾਲੀ ਥੇ, ਉਨ੍ਹੇਂ ਬਾਗ ਲਗਾ ਕੇ, ਜਾਨਾ ਥਾ,
ਵੋਹ ਪ੍ਰੀਤ ਪੁਗਾਨੇ ਕੀ ਖ਼ਾਤਿਰ, ਯਿਹ ਪ੍ਰੀਤ ਭੁਲਾ ਕੇ, ਜਾਨਾ ਥਾ,
ਨਾ ਜਾਨੇ ਕਿਉਂ ਯਿਹ ਰਹਿ ਰਹਿ ਕਰ, ਜਾਨੇ ਕਾ ਬਹਾਨਾ ਯਾਦ ਆਇਆ,

ਇਕ ਪਿਆਰ ਪੁਰਾਨਾ ਯਾਦ ਆਇਆ।

ਅੱਲਾਹ ਕਰੇ! ਬਿਛੜੀ ਰੂਹੇਂ, ਉਸ ਮੁਲਕ-ਏ-ਅਦਮ ਮੇਂ ਸ਼ਾਦ ਰਹੇਂ,
ਹਰ ਤਰਹ ਸੇ ਵੋਹ ਫੂਲੇਂ-ਔ-ਫਲੇਂ, ਇਸ ਜਗਹ ਪਿਹ ਭੀ ਆਬਾਦ ਰਹੇਂ,
ਹਮ ਕੋ ਭੀ ਜਹਾਂ ਜਾਨਾ ਹੈ ਕਭੀ, ਇਕ ਐਸਾ ਠਿਕਾਨਾ ਯਾਦ ਆਇਆ,

ਇਕ ਪਿਆਰ ਪੁਰਾਨਾ ਯਾਦ ਆਇਆ।

ਤਤਕਰਾ

## 86 – ਮਿਲਨ

ਹਰ ਕਹਾਨੀ, ਮਿਲਨ ਕੀ ਕਹਾਨੀ।

ਜਬ ਸੇ ਦੁਨੀਆਂ ਬਨੀ,
ਜਬ ਸੇ ਇਨਸਾਂ ਬਨਾ,
ਹਰ ਕਹਾਨੀ, ਮਿਲਨ ਕੀ ਕਹਾਨੀ।

ਮਿਲਨ ਰੋਟੀ ਕਾ ਹੋ ਜਾਏ, ਮਿਲਨ ਛੱਪਰ ਕਾ ਹੋ ਜਾਏ,
ਮਿਲਨ ਕਪੜੇ ਕਾ ਹੋ ਜਾਏ, ਮਿਲਨ ਦਿਲਬਰ ਕਾ ਹੋ ਜਾਏ,
ਜਹਾਂ ਪਿਹ ਉਮਰ ਭਰ ਮਿਲਤੇ ਰਹੇਂ, ਤਨ, ਮਨ ਔ ਧਨ ਮੁਝਕੋ,
ਬੜਾ ਹੋ ਸਾਰੀ ਦੁਨੀਆਂ ਮੇਂ, ਮਿਲਨ ਉਸ ਘਰ ਕਾ ਹੋ ਜਾਏ।

ਸਿਰਫ਼ ਤੇਰੀ ਨਹੀਂ,
ਸਿਰਫ਼ ਮੇਰੀ ਨਹੀਂ,
ਯਿਹ ਤੋ ਸਬ ਕੇ ਚਯਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਇਸ ਮਿਲਨੇ ਮਿਲਾਨੇ ਕੀ ਧੁਨ ਮੇਂ, ਇਨਸਾਂ ਨੇ ਬਹੁਤ ਦੁਖ ਪਾਏ ਹੈਂ,
ਮਜ਼ਲੂਮ, ਲਾਚਾਰ, ਮੁਜਾਹਿਦ ਔਰ ਬੇਬਸ, ਕੇ ਨਾਮ ਕਹਾਏ ਹੈਂ,
ਕਭੀ ਜ਼ਾਲਿਮ ਬਨ ਕਰ ਦੁਨੀਆਂ ਮੇਂ, ਲਾਸ਼ੋਂ ਕੇ ਢੇਰ ਲਗਾਏ ਹੈਂ,
ਜਿਨ੍ਹੇਂ ਸੁਨ ਕਰ ਤਨ ਮਨ ਕਾਂਪ ਉਠੇਂ, ਵੋਹ ਜ਼ੁਲਮ-ਔ-ਸਿਤਮ ਭੀ ਢਾਏ ਹੈਂ।

ਕਭੀ ਨੇਕ-ਬਖ਼ਤ,
ਕਭੀ ਬਦ-ਬਖ਼ਤ
ਇਨਸਾਂ ਕੇ ਚਲਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਖਾਨੇ ਕਾ ਮਿਲਨ ਭੀ ਲਾਜ਼ਿਮ ਹੈ, ਦੁਨੀਆਂ ਮੇਂ ਚਾਹੋ 'ਗਰ ਜੀਨਾ,
ਇਸ ਚੱਕਰ ਮੇਂ, ਇਨਸਾਨੋਂ ਨੇ, ਜ਼ਖ਼ਮੀਂ ਕੀਆ ਧਰਤੀ ਕਾ ਸੀਨਾ।
ਖਾਨੇ-ਕੀ-ਲੱਜ਼ਤ ਕੀ ਖ਼ਾਤਿਰ, ਚੀਜ਼ੋਂ ਕੋ ਆਗ ਮੇਂ ਝੋਂਕਾ ਹੈ,
ਮਾਖੋਂ ਸੇ ਸ਼ਹਿਦ ਚੁਰਾਇਆ ਹੈ, ਬਛਰੋਂ ਸੇ ਉਨਕਾ ਹੱਕ ਛੀਨਾ।

ਇਕ ਜੀਵਨ ਕੋ,
ਇਕ ਜੀਵਨ ਸੇ,
ਯਿਹ ਹੈ ਜੀਵਨ-ਕਿਰਨ ਕੀ ਨਿਸ਼ਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਤਤਕਰਾ

ਤਹਿਜ਼ੀਬ-ਜ਼ਾਫ਼ਤਾ ਜਗ ਵਾਲੇ, ਤਨ ਢਕਨੇ ਪਰ ਜਬ ਆਤੇ ਹੈਂ,
ਰੂੰਈ ਕੀ ਖਿਲੀ ਕਲੀਓਂ ਕੋ ਵੋਹ, ਖੇਤੋਂ ਸੇ ਨੋਚ ਕੇ ਲਾਤੇ ਹੈਂ,
ਰੇਸ਼ਮ ਕੇ ਕੀੜੇ ਕੋ, ਜ਼ਿੰਦਾ, ਉਸ ਕੇ ਘਰ ਮੇਂ ਹੀ ਜਲਾਤੇ ਹੈਂ,
ਇਕ ਤਨ ਕੀ ਖਾਲ ਸਜਾਨੇ ਕੋ, ਕਈ ਖਾਲ ਉਤਾਰੇ ਜਾਤੇ ਹੈਂ। (Fur Coats)

ਕੱਪੜੇ ਕਾ ਮਿਲਨ,
ਐਸਾ ਹੈ ਮਿਲਨ,
ਇਕ ਕੁਚਲੇ-ਬਦਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਛੱਪਰ ਸੇ ਲੇ ਕਰ ਰਾਜ-ਮਹਲ ਤਕ, ਸਬ ਕੀ ਏਕ ਕਹਾਨੀ ਹੈ,
ਯਿਹ ਸ਼ੈਅ ਜੋ ਕਲ ਭੀ ਪਾਈ ਥੀ, ਯਿਹ ਸ਼ੈਅ ਜੋ ਕਲ ਭੀ ਪਾਨੀ ਹੈ।

ਪਹਿਲੇ ਪਰਿਵਾਰ ਕੀ ਮਿਹਨਤ ਸੇ, ਇਕ ਸੁੰਦਰ ਸਾ ਘਰ ਮਿਲਤਾ ਹੈ,
ਫਿਰ ਇਸੀ ਕੀ ਛੱਤ ਕੇ ਨੀਚੇ ਹੀ, ਪਰਿਵਾਰ ਕਾ ਗੁੰਚਾ ਖਿਲਤਾ ਹੈ।

ਘਰ ਹੋਤਾ ਹੈ, ਤਬ ਹੀ ਜਾਕਰ, ਇਕ ਘਰ ਵਾਲੇ ਕਹਿਲਾਤੇ ਹੈਂ,
ਘਰ ਕੀ ਹੀ ਚਮਕ ਦਮਕ ਸੇ ਹਮ, ਦੁਨੀਆਂ ਮੇਂ ਇੱਜ਼ਤ ਪਾਤੇ ਹੈਂ।

ਘਰ ਕਿਸੀ ਕੀ ਖ਼ਾਤਿਰ ਦੁਨੀਆਂ ਮੇਂ, ਇਕ ਚੀਜ਼ ਪਿਆਰੀ ਬਨ ਜਾਏ,
ਯਿਹ ਘਰ ਹੀ ਕੁਛ ਲੋਗੋਂ ਕੇ ਲੀਏ, ਇਕ ਚਾਰ-ਦੀਵਾਰੀ ਬਨ ਜਾਏ।

ਇਸ ਕੀ ਚਾਹਤ ਕੀ ਬੁਲੰਦੀ ਸੇ, ਹੋਤੀ ਹੈ ਮਿਰਾਜ-ਏ-ਫ਼ਨ ਪੈਦਾ,
ਇਸ ਕੀ ਖ਼ੁਸ਼ਹਾਲੀ ਸੇ ਹੀ ਤੋ, ਹੋਤੀ ਹੈ ਫ਼ਰੋਗ-ਏ-ਵਤਨ ਪੈਦਾ।

ਘਰ ਕਾ ਸੁਖ ਪਾਨੇ ਕੀ ਖ਼ਾਤਿਰ, ਇਨਸਾਨ ਬਹੁਤ ਦੁਖ ਸਹਿਤਾ ਹੈ,
ਇਸ ਕੀ ਤਾਮੀਰ ਮੇਂ, ਇਨਸਾਂ ਕਾ, ਖ਼ੂੰ ਔਰ ਪਸੀਨਾ ਬਹਿਤਾ ਹੈ।

ਇਸ ਕੀ ਤਾਮੀਰ ਮੇਂ, ਦੁਨੀਆਂ ਮੇਂ, ਫ਼ਨਕਾਰ ਕਾ ਫ਼ਨ ਭੀ ਬਿਕਤਾ ਹੈ,
ਮਜ਼ਦੂਰ ਕੀ ਮਜ਼ਦੂਰੀ ਹੀ ਨਹੀਂ, ਉਸ ਕਾ ਤਨ, ਮਨ ਭੀ ਬਿਕਤਾ ਹੈ।

ਕਹਿਨੇ ਕੋ ਤੋ ਅਪਨਾ ਘਰ ਹੀ ਹੈ, ਵੋਹ ਰਾਜ-ਮਹਲ ਯਾ ਛੱਪਰ ਹੈ,
ਵੋਹ ਲੋਗ ਭੀ ਕਿਸਮਤ ਵਾਲੇ ਹੈਂ, ਜਿਨਕੇ ਨਸੀਬੋਂ ਮੇਂ, ਘਰ ਹੈ।

ਕੁਛ ਲੋਗ, ਯਹਾਂ ਸੜਕੋਂ ਪਰ ਹੀ, ਯਿਹ ਉਮਰ ਗੁਜ਼ਾਰੇ ਜਾਤੇ ਹੈਂ,
ਕੁਛ ਖ਼ੁਸ਼ਕਿਸਮਤ ਹੈਂ, ਮਰ ਕਰ ਭੀ, ਜੋ ਤਾਜ-ਮਹਲ ਕੋ ਪਾਤੇ ਹੈਂ।

ਮਿਲਤਾ ਹੈ ਕਿਸੇ, ਯਾ ਮਿਲਤਾ ਨਹੀਂ, ਯਿਹ ਅਪਨੀ ਅਪਨੀ ਚਾਹਤ ਹੈ,
ਚਾਹਤ ਕੋ ਪੂਰਾ ਕਰਨੇ ਕੀ, ਯਿਹ ਅਪਨੀ ਅਪਨੀ ਮਿਹਨਤ ਹੈ।

ਤਤਕਰਾ

ਗਰਮੀਂ ਸੇ ਬਚੇਂ,
ਸਰਦੀ ਸੇ ਬਚੇਂ,
ਇਕ ਐਸੇ ਯਤਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ

ਮਿਲਨੇ ਕੇ ਲੀਏ ਸਹਿਰਾ ਮੇਂ ਜਲੇ, ਜੋ ਸਦਮਾ-ਏ-ਫ਼ੁਰਕਤ ਜਰ ਨਾ ਸਕੇ,
ਵੋਹ ਹੰਸ ਕਰ ਮੌਤ ਸੇ ਖੇਲ ਗਏ, ਪਰ ਤਰਕ-ਏ-ਮੁਹੱਬਤ ਕਰ ਨਾ ਸਕੇ,
ਠੁਕਰਾ ਕੇ ਖ਼ੁਦਾ ਕੀ ਹਰ ਬਖ਼ਸ਼ਿਸ਼, ਅਪਨਾ ਕੇ ਸਿਤਾਰੋਂ ਕੀ ਗਰਦਿਸ਼,
ਯੂੰ ਪਿਆਰ ਕੇ ਦਰਿਯਾ ਮੇਂ ਕੂਦੇ, ਐਸੇ ਡੂਬੇ ਕਿ ਉਭਰ ਨਾ ਸਕੇ।

ਜਿਸਮੋਂ ਸੇ ਪਰੇ,
ਜਨਮੋਂ ਸੇ ਪਰੇ,
ਇਕ ਸ਼ਾਂਤ-ਅਗਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਮਰਨਾ ਦੇਸ਼ ਦੀ ਖ਼ਾਤਿਰ, ਕਦੀਮੀ ਸਾਡਾ ਕਿੱਤਾ ਹੈ,
ਕਿਸੇ ਨੇ ਵਾਰਿਆ ਆਪਾ, ਕਿਸੇ ਪਰਿਵਾਰ ਦਿੱਤਾ ਹੈ,
ਆਜ਼ਾਦੀ ਦੇ ਲਈ, ਡਰ ਕੇ ਪਿਛਾਂਹ ਨੂੰ ਮੁੜਨ ਵਾਲੇ ਨਹੀਂ,
ਮਿਲੀ ਨਾ ਏਸ ਪਾਸੇ ਜੇ ਤਾਂ ਪਰਲਾ-ਪਾਰ ਡਿੱਠਾ ਹੈ।

ਲੇਤੀ ਹੈ ਜ਼ਿੰਦਗੀ,
ਦੇਤੀ ਹੈ ਜ਼ਿੰਦਗੀ,
ਐਸੀ ਦਾਰ-ਔ-ਰਸਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਤਸਕੀਂ ਕੇ ਲੀਏ, ਇਸ ਦੁਨੀਆਂ ਮੇਂ, ਹਮ ਜਾਨੇ ਕਿਆ ਕਿਆ ਪਾਤੇ ਹੈਂ!
ਇਕ ਐਸਾ ਮਿਲਨ ਭੀ ਹੈ ਜਿਸ ਸੇ, ਕਈ ਮਿਲਨ ਖ਼ਰੀਦੇ ਜਾਤੇ ਹੈਂ।

ਹਾਏ ਪੈਸਾ! ਹਾਏ ਪੈਸਾ!! ਹਾਏ ਪੈਸਾ!!! ਹੀ ਸੁਨਤੇ ਹੈਂ
ਉੱਤਰ, ਦੱਖਨ, ਪੂਰਬ, ਪੱਛਮ, ਹਰ ਸੂ ਐਸਾ ਹੀ ਸੁਨਤੇ ਹੈ।

ਪੈਸੇ ਕਾ ਮਿਲਨ ਹੋ ਜਾਏ ਤੋ ਹਮ ਕੋ ਖਾਨਾ ਭੀ ਮਿਲਤਾ ਹੈ,
ਪੈਸੇ ਕਾ ਮਿਲਨ ਹੋ ਜਾਏ ਤੋ ਹਮ ਕੋ ਪਾਨਾ ਭੀ ਮਿਲਤਾ ਹੈ,

ਪੈਸੇ ਕਾ ਮਿਲਨ ਹੋ ਜਾਏ ਤੋ ਈਮਾਨ ਖ਼ਰੀਦੇ ਜਾਤੇ ਹੈਂ,
ਪੱਥਰ ਕੇ ਸਹੀ, ਪਰ ਇਸ ਸੇ ਹੀ ਭਗਵਾਨ ਖ਼ਰੀਦੇ ਜਾਤੇ ਹੈਂ।

ਤਤਕਰਾ

ਇਨਸਾਨ ਖ਼ਰੀਦੇ ਜਾਤੇ ਹੈਂ, ਸ਼ੈਤਾਨ ਖ਼ਰੀਦੇ ਜਾਤੇ ਹੈਂ,
ਕਈ ਭੋਲੇ ਭਾਲੇ ਲੋਗੋਂ ਕੇ ਅਰਮਾਨ ਖ਼ਰੀਦੇ ਜਾਤੇ ਹੈਂ।

ਪੈਸੇ ਕੇ ਲੀਏ, ਬਾਜ਼ਾਰੋਂ ਮੇਂ, ਅਬਲਾ ਕੀ ਇਸਮਤ ਬਿਕਤੀ ਹੈ,
ਪੈਸੇ ਕੇ ਲੀਏ ਹੀ ਨਿਰਧਨ ਕੀ, ਗ਼ੈਰਤ ਔਰ ਮਿਹਨਤ ਬਿਕਤੀ ਹੈ।

ਇੱਜ਼ਤ ਭੀ ਇਸ ਸੇ ਮਿਲਤੀ ਹੈ, ਸ਼ੁਹਰਤ ਭੀ ਇਸ ਸੇ ਮਿਲਤੀ ਹੈ,
ਦੁਨੀਆਂ ਪਿਹ ਹਕੂਮਤ ਕਰਨੇ ਕੀ ਤਾਕਤ ਭੀ ਇਸ ਸੇ ਮਿਲਤੀ ਹੈ।

ਪੈਸਾ ਕਿਤਨਾ ਭੀ ਮਿਲ ਜਾਏ, ਪਰ ਇਸ ਕੀ ਭੂਖ ਨਾ ਜਾਤੀ ਹੈ,
ਇਕ ਪਿਆਸ, ਜੋ ਸਾਗਰ ਭੀ ਪੀ ਲੇ ਫਿਰ ਭੀ ਯਿਹ ਬੁਝ ਨਹੀਂ ਪਾਤੀ ਹੈ।

ਅਪਨੀ ਸਹੂਲਤ ਕੀ ਖ਼ਾਤਿਰ, ਇਨਸਾਂ ਨੇ ਇਸੇ ਈਜਾਦ ਕੀਆ,
ਔਰ ਯਿਹ, ਕਿ ਇਸਨੇ ਇਨਸਾਂ ਕੇ ਦਿਲ ਕਾ ਸਕੂੰ ਬਰਬਾਦ ਕੀਆ।

ਇਸਕਾ ਹੋਨਾ ਭੀ ਹੈ,
ਔਰ ਨਾ-ਹੋਨਾ ਭੀ ਹੈ,
ਇਨਸਾਂ ਕੇ ਪਤਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਮਿਲਨ, ਖ਼ਾਨਾ-ਆਬਾਦ ਹੈ, ਯਾਰੋ!
ਮਿਲਨ, ਵਜਹ-ਏ-ਸ਼ਾਦ ਹੈ, ਯਾਰੋ!!
ਯੁਗੋਂ ਸੇ, ਵਸਲ ਕੀ ਰਾਹੋਂ ਮੇਂ ਭਟਕੀ ਰੂਹੋਂ ਕੀ,
ਮਿਲਨ, ਮੰਜ਼ਿਲ-ਏ-ਮੁਰਾਦ ਹੈ, ਯਾਰੋ!

ਨਾ ਮਿਟੀ ਹੈ ਕਭੀ,
ਨਾ ਮਿਟੇਗੀ ਕਭੀ,
ਏਕ ਐਸੀ ਲਗਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਹਰ ਦਿਲ ਕੀ ਤਮੰਨਾ ਹੋਤੀ ਹੈ, ਸੰਤਾਨ ਮਿਲੇ, ਸੰਤਾਨ ਰਹੇ,
ਬੂੜ੍ਹੋਂ ਕੋ ਸਹਾਰਾ ਮਿਲ ਜਾਏ, ਦੁਨੀਆਂ ਮੇਂ ਨਾਮ-ਔ-ਨਿਸ਼ਾਨ ਰਹੇ।

ਕੁਦਰਤ ਨੇ ਭੀ ਫ਼ੈਲਾਅ ਕੇ ਲੀਏ, ਆਦਮ ਕਾ ਕਰਜ਼ ਚੁਕਾਇਆ ਹੈ,
ਵੋਹ ਬਾਗ-ਏ-ਬਹਿਸ਼ਤਾਂ ਛੀਨਾ ਥਾ, ਬੱਚੋਂ ਕਾ ਬਾਗ ਲਗਾਇਆ ਹੈ।

ਤਤਕਰਾ

ਇਸ ਬਾਗ ਕਾ ਹਰ ਨੰਨ੍ਹਾ ਪੌਦਾ, ਹਰ ਘਰ ਮੇਂ ਰੌਨਕ ਲਾਤਾ ਹੈ,
ਯਿਹ ਖ਼ੁਸ਼ੀਓਂ ਸੇ ਮਹਿਕਾਤਾ ਹੈ, ਰਾਹ-ਏ-ਉਮੀਦ ਸਜਾਤਾ ਹੈ।

ਬਾਕੀ ਦੁਨੀਆਂ ਕੇ ਸਬ ਪੌਦੇ, ਆ ਜਾਏ ਖ਼ਿਜ਼ਾ ਤੋ ਜਲਤੇ ਹੈਂ,
ਮਾਂ ਬਾਪ ਜੋ ਬੂੜ੍ਹੇ ਹੋ ਜਾਏਂ, ਯਿਹ ਔਰ ਭੀ ਫੂਲਤੇ ਫਲਤੇ ਹੈਂ।

ਨਿਰਵੈਰ ਹੈਂ ਯਿਹ, ਭੋਲੇ ਹੈਂ ਯਿਹ, ਸੱਚੇ ਹੈਂ, ਪਿਆਰ ਸਿਖਾਤੇ ਹੈ,
ਭਗਵਾਨ ਨਹੀਂ, ਪਰ ਦੁਨੀਆਂ ਮੇਂ 'ਭਗਵਾਨ ਕਾ ਰੂਪ' ਕਹਾਤੇ ਹੈਂ।

ਕੁਛ ਲੋਗ, ਜਿਨ੍ਹੇਂ ਯਿਹ ਮਿਲ ਨਾ ਸਕੇਂ, ਰਾਹੋਂ ਕੀ ਖ਼ਾਕ ਭੀ ਛਾਨਤੇ ਹੈਂ,
ਜਾ ਜਾ ਕੇ ਇਬਾਦਤ-ਗਾਹੋਂ ਮੇਂ, ਵੋਹ ਸੌ ਸੌ ਮੰਨਤ ਮਾਨਤੇ ਹੈ।

ਸ਼ਖ਼ਸੀਅਤ ਕੀ ਜੜ,
ਆਦਮੀਅਤ ਕੀ ਜੜ,
ਇਕ ਬੜੇ, ਬਚਪਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਯਿਹ ਮੁਕੱਦਰ ਭੀ ਕਿਤਨਾ ਮੁਝੇ ਅਜੀਬ ਮਿਲਾ,
ਆਗੋਸ਼-ਏ-ਗ਼ੈਰ ਮੇਂ, ਮੁਝਕੋ ਮੇਰਾ ਹਬੀਬ ਮਿਲਾ।

ਤਮਾਮ ਜ਼ੀਨਤੇਂ ਠੁਕਰਾਂ ਕੇ, ਜਿਸ ਕੀ ਜੁਸਤਜੂ ਕੀ,
ਵੋਹ ਆਸ਼ਨਾ ਭੀ ਹਮੇਂ ਜ਼ੀਨਤ-ਏ-ਰਕੀਬ ਮਿਲਾ।

ਜਿਸੇ, ਹਾਲਾਤ ਕੇ ਤੂਫ਼ਾਂ ਨੇ, ਹਮ ਸੇ ਦੂਰ ਕੀਆ,
ਤਸੱਵਰਾਤ ਮੇਂ ਵੋਹ ਬੇ-ਵਫ਼ਾ ਕਰੀਬ ਮਿਲਾ।

ਮੈਂ ਪਾਸ ਰਹਿ ਕੇ ਭੀ ਦਿਨ-ਰਾਤ ਜਲਤਾ ਰਹਿਤਾ ਹੂੰ,
ਮੁਝੇ ਪਰਵਾਨੇ ਸੇ ਬਦਤਰ, ਮੇਰਾ ਨਸੀਬ ਮਿਲਾ।

ਜਬ ਖ਼ਿਆਲੋਂ ਮੇਂ ਡੂਬ ਜਾਤਾ ਹੂੰ, ਤੁਝਕੋ ਹੀ ਆਸ ਪਾਸ ਪਾਤਾ ਹੂੰ,
ਅਪਨੀ ਤਨਹਾਈਓਂ ਕੀ ਤਲਖ਼ੀਓਂ ਕੋ, ਪਲ ਦੋ ਪਲ ਕੇ ਲੀਏ ਭੁਲਾਤਾ ਹੂੰ।
ਜਬ ਹਕੀਕਤ ਸੇ ਖ਼ਾਬ ਟੂਟੇਂ ਤੋ, ਦੇਰ ਤਕ ਯੂੰ ਹੀ ਤਿਲਮਲਾਤਾ ਹੂੰ,
ਮੇਰੇ 'ਪ੍ਰੀਤਮ'! ਮੈਂ ਕਿਤਨੀ ਬਾਰ ਤੁਝੇ, ਐਸੇ ਪਾਤਾ ਹੂੰ ਔਰ ਗੰਵਾਤਾ ਹੂੰ।

ਦੂਰ ਰਹਿ ਕੇ ਭੀ ਪਾਸ,
ਪਾਸ ਰਹਿ ਕੇ ਭੀ ਯਾਸ,
'ਹਾਲਾਤ-ਏ-ਜ਼ਿਹਨ' ਕੀ ਕਹਾਨੀ
ਹਰ ਕਹਾਨੀ, ਮਿਲਨ ਕੀ ਕਹਾਨੀ।

ਤਤਕਰਾ

ਮਿਲਨੇ ਕੇ ਲੀਏ ਧਰਤੀ ਭਾਗੇ, ਮਿਲਨੇ ਕੇ ਲੀਏ ਚੰਦਾ ਭਾਗੇ,
ਮਿਲਨੇ ਕੇ ਲੀਏ ਗ੍ਰਹਿ ਭਾਗਤੇ ਹੈਂ ਔਰ ਫ਼ਲਕ ਪਿਹ ਹਰ ਤਾਰਾ ਭਾਗੇ,
ਮਿਲਨੇ ਕੇ ਲੀਏ ਨਦੀਆ ਕਾ ਜਲ ਔਰ ਚਾਰੋਂ ਤਰਫ਼ ਹਵਾ ਭਾਗੇ,
ਮਿਲਨੇ ਕੇ ਲੀਏ ਇਨਸਾਨ ਕੀ ਰੂਹ, ਇਸ ਸੇ ਭੀ ਹੋ ਕੇ ਜੁਦਾ, ਭਾਗੇ।

ਖ਼ਤਮ ਹੋਤੀ ਨਹੀਂ,
ਖ਼ਤਮ ਹੋਗੀ ਨਹੀਂ,
ਜ਼ਮੀਂ-ਔ-ਗਗਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਮਿਲਨ ਮਨ ਕੀ ਜ਼ਰੂਰਤ ਹੈ, ਮਿਲਨ ਤਨ ਕੀ ਜ਼ਰੂਰਤ ਹੈ,
ਮਿਲਨ ਸਬ ਕਾ ਨਹੀਂ ਹੋਤਾ, ਯਿਹ ਇਕ ਕੜਵੀ ਹਕੀਕਤ ਹੈ।
ਮਿਲਨ ਅਨਮੋਲ ਦੌਲਤ ਹੈ, ਮਿਲਨ ਕੁਦਰਤ ਕੀ ਨਿਆਮਤ ਹੈ,
ਮਿਲਨ ਹੋਗਾ ਯਾ ਨਾ ਹੋਗਾ, ਯਿਹ ਅਪਨੀ ਅਪਨੀ ਕਿਸਮਤ ਹੈ।

ਤੜਪਤੀ ਆਰਜ਼ੂ,
ਭਟਕਤੀ ਜੁਸਤਜੂ,
ਜ਼ਿਹਨੋਂ ਕੇ ਥਕਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਖ਼ੁਦਾਇਆ! ਯਿਹ ਭੀ ਮਿਲ ਜਾਏ, ਖ਼ੁਦਾਇਆ! ਵੋਹ ਭੀ ਮਿਲ ਜਾਏ,
ਨਹੀਂ ਲਿਖਾ ਮੁਕੱਦਰ ਮੇਂ, ਖ਼ੁਦਾਇਆ! ਤੋ ਭੀ ਮਿਲ ਜਾਏ।
ਕੁਛ ਭੀ ਮਿਲਨੇ ਪਿਹ, ਬਸ ਆਰਜ਼ੀ ਸਕੂਨ ਮਿਲਤਾ ਹੈ,
ਤਮੰਨਾ ਔਰ ਬੜ੍ਹਤੀ ਹੈ, ਅਗਰ-ਚਿ ਜੋ ਭੀ ਮਿਲ ਜਾਏ।

ਵੋਹ ਐਸਾ ਕੌਨ ਸਾ ਸੁਖ ਹੈ, ਨਾ ਜਿਸ ਕੀ ਹਮ ਕੋ ਚਾਹਤ ਹੈ!
ਮਗਰ ਜੋ ਕੁਛ ਭੀ ਮਿਲਤਾ ਹੈ, ਵੋਹ ਸਬ ਅੱਲ੍ਹਾ ਕੀ ਰਹਿਮਤ ਹੈ।
ਸੁਖੋਂ ਕੇ ਵਾਸਤੇ ਫ਼ਰਿਆਦ ਹੈ, 'ਉਸ' ਕੀ ਇਬਾਦਤ ਹੈ,
'ਦੁਆ-ਏ-ਮਿਲਨ' ਨਾ ਹੋ ਤੋ, ਖ਼ੁਦਾ ਕੀ ਕਿਆ ਜ਼ਰੂਰਤ ਹੈ?

'ਗਰ ਦੁਆ ਹੈ ਯਹਾਂ,
ਤੋ ਖ਼ੁਦਾ ਹੈ ਯਹਾਂ,
ਯਿਹ ਖ਼ੁਦਾ ਕੇ ਬਨਨ ਕੀ ਕਹਾਨੀ,
ਹਰ ਕਹਾਨੀ, ਮਿਲਨ ਕੀ ਕਹਾਨੀ।

ਤਤਕਰਾ

ਵਾਰਸਿ ਸ਼ਾਹ ਤੇਰੇ ਸਾਡੇ ਹਸ਼ਰ ਮੇਲੇ, ਅੰਤ ਰੂਹਾਂ ਤੇ ਕਾਲਬਾਂ ਜੋੜ ਹੀਰੇ।

## 87 - ਮਿਲਣ

ਸੁਣਿਓਂ ਨੀ ਮੀਤਾਂ ਵਾਲੀਓ!
ਸੁਣਿਓਂ ਨੀ ਪ੍ਰੀਤਾਂ ਵਾਲੀਓ!!

ਕਿਤੇ ਪ੍ਰੀਤਮ ਪਿਆਰਾ ਦੇਖਿਆ?
ਦਿਲ ਦਾ ਸਹਾਰਾ ਦੇਖਿਆ?
ਜਨਮਾਂ ਦੇ ਰਿਸ਼ਤੇ ਤੋੜ ਕੇ,
ਮੂੰਹ ਪਿਆਰ ਵੱਲੋਂ ਮੋੜ ਕੇ,
ਕਿਧਰੇ ਨੂੰ ਚਾਲੇ ਪਾ ਗਿਆ,
ਉਮਰਾਂ ਦੇ ਰੋਣੇ ਲਾ ਗਿਆ।

ਸਖੀਆਂ ਨੇ ਠੱਠਾ ਸੋਚਿਆ,
ਆਖਣ, 'ਉਨ੍ਹਾਂ ਨੇ ਦੇਖਿਆ'।

ਕੁਝ ਲੀਰਾਂ ਕਰਕੇ 'ਕੱਠੀਆਂ,
ਗੁੱਡਾ ਬਣਾਵਣ ਲੱਗੀਆਂ।
ਉਹਦੇ ਸੁਹਣੇ ਲੀੜੇ ਪਾ ਲਏ,
ਸੋਨੇ ਦੇ ਬੀੜੇ ਲਾ ਲਏ।
ਗਲ ਕੈਂਠਾ, ਕੰਨੀਂ ਨੱਤੀਆਂ,
ਅੱਖਾਂ, ਪਿਆਰਾਂ ਰੱਤੀਆਂ।
ਸਿਰ 'ਤੇ ਵੀ ਚੀਰਾ ਲਾਲ ਸੀ,
ਏਸੇ ਦੀ ਮੈਨੂੰ ਭਾਲ ਸੀ।

ਖ਼ੁਸ਼ ਹੋ, ਮੈਂ ਲਿਪਟੀ ਓਸ ਨੂੰ,
ਛੱਡ ਦੁਨੀਆਂਦਾਰੀ, ਹੋਸ਼ ਨੂੰ।
ਪਰ ਉਹ ਨਾ ਮੂੰਹੋਂ ਬੋਲਿਆ,
ਨਾ ਭੇਦ ਕੋਈ ਖੋਲਿਆ।
ਮੈਂ ਆਵਲ ਬਾਵਲ ਹੋ ਗਈ,
ਲੱਗੇ, ਕਿ ਪਾਗਲ ਹੋ ਗਈ।

ਤਤਕਰਾ

ਖਿੜ ਖਿੜ ਕੇ ਇੰਜ ਉਹ ਹੱਸੀਆਂ,
ਛੁਰੀਆਂ ਕਲੇਜੇ ਧੱਸੀਆਂ।
ਇਕ ਪੀੜ ਲੈ ਕੇ ਪਿਆਰ ਦੀ,
ਅੱਖਾਂ 'ਚ ਸਿੱਕ ਦੀਦਾਰ ਦੀ,
ਏਥੋਂ ਕਰਾ ਕੇ ਮਸ਼ਕਰੀ,
ਮੈਂ ਫੇਰ ਲੱਭਣ ਤੁਰ ਪਈ।

ਕਈ ਜੰਗਲ ਬੇਲੇ ਲੰਘ ਕੇ,
ਆ ਪਹੁੰਚੀ ਇਕ ਥਾਂ, ਹੰਭ ਕੇ।

ਸੁਰਗਾਂ ਜਿਹਾ ਅਸਥਾਨ ਸੀ,
ਕੁਝ ਪਰਬਤ, ਵਿਚ ਮੈਦਾਨ ਸੀ।
ਪਾਣੀ ਸੀ ਠਾਠਾਂ ਮਾਰਦਾ,
ਪੱਥਰਾਂ ਦੇ ਹਿਰਦੇ ਠਾਰਦਾ।
ਉੱਚੇ ਦਰਖ਼ਤਾਂ ਤੋਂ ਪਰੇ,
ਅਸਮਾਨ ਦੀ ਇਕ ਨੁੱਕਰੇ,
ਸੂਰਜ ਸੀ ਝਾਤੀ ਪਾ ਰਿਹਾ,
ਜੱਗ ਨੂੰ ਰੁਸ਼ਨਾਵਣ ਆ ਰਿਹਾ।

ਕੁਝ ਹੋਰ ਅੱਗੇ ਤੱਕਿਆ,
ਕੋਈ ਸੀ ਆਹਰੇ ਲੱਗਿਆ।

"ਵੀਰਾ! ਤੂੰ ਕੀ ਏਂ ਕਰ ਰਿਹਾ?
ਇਹ ਰੰਗ ਕਾਹਤੋਂ ਭਰ ਰਿਹਾ?"

"ਭੈਣੇ! ਮੈਂ ਚਿਤਰਕਾਰ ਹਾਂ,
ਬਣਾਉਂਦਾ ਪਿਆ ਸ਼ਾਹਕਾਰ ਹਾਂ।
ਮੈਂ ਜਿਹੜੀ ਚੀਜ਼ ਵੀ ਚਾਹ ਲਵਾਂ,
ਜਾਂ, ਜਿਹੜੀ ਚੀਜ਼ ਗਵਾ ਲਵਾਂ,
ਉਹਨੂੰ ਹੀ ਮੈਂ ਬਣਾ ਲਵਾਂ,
ਉਹਨੂੰ ਹੀ ਰੰਗੀਂ ਪਾ ਲਵਾਂ।

ਤਤਕਰਾ

ਕੁਝ ਬੀਤੀਆਂ ਹੈਨ ਕਹਾਣੀਆਂ,
ਕੁਝ ਯਾਦਾਂ ਹੈਨ ਪੁਰਾਣੀਆਂ,
ਅੱਜ ਉਹ ਇਕੱਠਆਂ ਕਰ ਰਿਹਾਂ,
ਉਹਨਾਂ ‘ਚ ਇਹ ਰੰਗ ਭਰ ਰਿਹਾਂ।

ਇੰਜ ਰੰਗ ਭਰ ਸਕਦਾ ਹਾਂ ਮੈਂ,
ਸਾਕਾਰ ਕਰ ਸਕਦਾ ਹਾਂ ਮੈਂ,
ਦੀਦਾਰ ਕਰ ਸਕਦਾ ਹਾਂ ਮੈਂ,
ਫਿਰ ਪਿਆਰ ਕਰ ਸਕਦਾ ਹਾਂ ਮੈਂ”।

“ਵੀਰਾ ਵੇ! ਕਰਮਾਂ ਵਾਲਿਆ!!
ਮੈਂ ਵੀ ਹੈ ਕੁਝ ਗਵਾ ਲਿਆ।
ਮੇਰਾ ਪ੍ਰੀਤਮ ਪਿਆਰਾ ਉਠ ਗਿਆ,
ਦਿਲ ਦਾ ਸਹਾਰਾ, ਉਠ ਗਿਆ।

ਜਨਮਾਂ ਦੇ ਰਿਸ਼ਤੇ ਤੋੜ ਕੇ,
ਮੂੰਹ ਪਿਆਰ ਵੱਲੋਂ ਮੋੜ ਕੇ,
ਕਿਧਰੇ ਨੂੰ ਚਾਲੇ ਪਾ ਗਿਆ,
ਉਮਰਾਂ ਦੇ ਰੋਣੇ ਲਾ ਗਿਆ।

ਮੇਰੀ ਵੀ ਜਿੰਦ ਸੁਵਾਰ ਦੇ,
ਉਹਨੂੰ ਵੀ ਕਰ ਸਾਕਾਰ ਦੇ,
ਦੀਦਾਰ ਕਰ ਕੇ ਦੇਖ ਲਾਂ,
ਸਾਹ ਸੁਖ ਦਾ ਭਰ ਕੇ ਦੇਖ ਲਾਂ”।

ਗੱਲ ਮੰਨ, ਉਹ ਓਥੇ ਬਹਿ ਗਿਆ,
ਕੈਨਵਸ ਦਾ ਕੱਪੜਾ ਲੈ ਲਿਆ,
ਕੁਝ ਬੁਰਸ਼ ਨੋਕੀਲੇ ਲੈ ਲਏ,
ਕਈ ਰੰਗ ਸਜੀਲੇ ਲੈ ਲਏ।

ਹਥਿਆਲੀ, ਠੋਡੀ ਹੇਠ ਦੇ,
ਪੰਜੇ ਦੀ, ਮੂੰਹ ਨੂੰ ਟੇਕ ਦੇ,
ਰੱਬ ਵੱਲੇ ਤੱਕਣ ਲੱਗ ਪਈ,
ਕੁਝ ਏਦਾਂ ਦੱਸਣ ਲੱਗ ਪਈ।

ਤਤਕਰਾ

"ਚਿਹਰੇ ਦੀ ਇਹ ਪਹਿਚਾਣ ਹੈ,
ਨ੍ਹਿਮੀਂ ਜਿਹੀ ਮੁਸਕਾਣ ਹੈ।
ਅੱਖਾਂ ਵਿਚ ਹੈਨ ਮੁਹੱਬਤਾਂ,
ਮਨ ਮੋਹਣ ਵਾਲੀਆਂ ਦੌਲਤਾਂ,
ਜੋ ਚਾਲ 'ਚ ਮਸਤੀਆਂ, ਸ਼ੋਖ਼ੀਆਂ,
ਮੈਂ ਹੋਰ ਕਿਤੇ ਨਾ ਦੇਖੀਆਂ।
ਉੱਚੇ ਇਰਾਦੇ ਓਸ ਦੇ,
ਪੱਕੇ ਸੀ ਵਾਅਦੇ ਓਸ ਦੇ ... ... ...

ਪੱਕੇ ਸੀ ਵਾਅਦੇ ਓਸ ਦੇ!

ਮੈਂ ਏਨਾਂ ਕਹਿ ਕੇ ਰੁਕ ਗਈ,
ਇਹ ਨਜ਼ਰ, ਕਿਉਂ ਜਾਣੇ ਝੁਕ ਗਈ।
ਵਹਿਣਾ ਵਿਚ ਏਦਾਂ ਵਹਿ ਗਈ,
ਕੁਝ ਯਾਦ ਨਹੀਂ ਕੀ ਕੀ ਕਹਿ ਗਈ।

ਸ਼ਾਹਕਾਰ ਜਾਂ ਓਸ ਬਣਾ ਲਿਆ,
ਸੱਦ ਮੈਨੂੰ ਕੋਲ ਬੁਲਾ ਲਿਆ।

ਜਦ ਸਾਹਵੇਂ ਪਿਆਰਾ ਦੇਖਿਆ,
ਦਿਲ ਦਾ ਸਹਾਰਾ ਦੇਖਿਆ।
ਉਹਨੂੰ ਦੇਖ, ਨੈਣ ਸੇਜਲਾ ਗਏ,
ਖ਼ੁਸ਼ੀਆਂ ਦੇ ਹੰਝੂ ਆ ਗਏ।
ਅੱਖੀਆਂ ਵਿਚ ਤੁਪਕੇ ਤ੍ਰੇਲ ਦੇ,
ਬੁਲ੍ਹੀਆਂ 'ਤੇ ਹਾਸੇ ਮ੍ਹੇਲਦੇ।

ਕਈ ਵਾਰ, ਮੈਂ ਉਸ ਦਾ ਨਾਂ ਲਿਆ,
ਉਸ ਕੁਝ ਵੀ ਅੱਗੋਂ ਨਾ ਕਿਹਾ।

ਨਾ ਅੱਖ ਉਠਾਈ ਓਸ ਨੇ,
ਨਾ ਚਾਲ ਦਿਖਾਈ ਓਸ ਨੇ।
ਨਾ ਮਿਲਣ ਲਈ ਉਹ ਤੜਪਿਆ,
ਨਾ ਉਸ ਦਾ ਦਿਲ ਹੀ ਧੜਕਿਆ।
ਨਾ ਜ਼ੁਲਫ਼ ਸੁਵਾਰੀ ਓਸ ਨੇ,
ਨਾ ਬਾਂਹ ਉਲਾਰੀ ਓਸ ਨੇ।

ਤਤਕਰਾ

ਮੈਂ ਰੱਬ ਨੂੰ ਕੋਸਣ ਲੱਗ ਪਈ,
“ਤੈਨੂੰ ਮੈਂ ਬੇ-ਦੋਸਣ ਲੱਭ ਪਈ?

ਬਿਰਹਾ ਬਣਾਇਆ ਕਾਸਤੋਂ?
ਏਦਾਂ ਸਤਾਇਆ, ਕਾਸਤੋਂ?
ਕਿਉਂ ਪ੍ਰੀਤ ਪਰਾਈ ਲਾਏਂ ਤੂੰ?
ਕਿਉਂ ਥਲਾਂ ਦੇ ਵਿਚ ਰੁਲਾਏਂ ਤੂੰ?
ਕਈ ‘ਸੋਹਣੀਆਂ’ ਮਾਰ ਰੁੜ੍ਹਾਏਂ ਤੂੰ,
‘ਹੀਰਾਂ’ ਨੂੰ ਜ਼ਹਿਰ ਪਿਆਏਂ ਤੂੰ।
ਤੂੰ ਜ਼ਾਹਰਾ ਨਹੀਂ, ਖ਼ਿਆਲ ਏਂ।
ਜਾਂ ਰੱਬ ਨਹੀਂ, ਚੰਡਾਲ ਏਂ।

ਮੈਂ ਥੱਕ ਟੁੱਟ ਹੋਈ ਚੂਰ ਸੀ,
ਪਰ ਹਿੰਮਤ ਅਜੇ ਜ਼ਰੂਰ ਸੀ।

ਮੈਂ ਆਵਲ ਬਾਵਲ ਹੋ ਗਈ,
ਲੱਗੇ, ਕਿ ਪਾਗਲ ਹੋ ਗਈ।

ਇਹ ਸਮਾਂ, ਜਿਸ ਤਰ੍ਹਾਂ ਰੁਕ ਗਿਆ,
ਇਹ ਲੱਕ, ਜਿਸ ਤਰ੍ਹਾਂ ਝੁਕ ਗਿਆ।
ਇਹ ਨਜ਼ਰ ਵੀ ਸੀ ਝੁੰਝਲਾ ਗਈ,
ਹਰ ਸ਼ੌਕ ਨੂੰ ਹੋਣੀ ਖਾ ਗਈ।

ਲੱਤਾਂ ਵਿਚ ਜਿੰਦ ਨਾ ਜਾਨ ਸੀ,
ਕੁਝ ਦਿਨਾਂ ਦੀ ਹੀ ਮਹਿਮਾਨ ਸੀ।
ਸਾਹਵੇਂ ਸੀ ਮੌਤ ਪੁਕਾਰਦੀ,
ਪਰ ਸਿੱਕ ਸੀ ਅਜੇ, ਦੀਦਾਰ ਦੀ।

ਇਕ ਸੋਟੇ ਦਾ ਲੈ ਆਸਰਾ,
ਮੈਂ ਨਾਪਣ ਲੱਗੀ ਰਾਸਤਾ।

ਤਤਕਰਾ

ਇਕ ਜੰਗਲ ਬੀਆਬਾਨ ਸੀ,
ਲੱਗੇ, ਕਿ ਕਬਰਸਤਾਨ ਸੀ।
ਇਕ ਮਹਿਲ ਸੁੰਨਾਂ ਦੇਖਿਆ,
ਗ਼ਮ ਦੇ ਵਿਚ ਰੁੰਨਾਂ ਦੇਖਿਆ।
ਮਕੜੀ ਦਾ ਜਾਲਾ ਬੁਣੀਂਦਾ,
ਪੱਤਾ ਵੀ ਡਿੱਗੇ, ਸੁਣੀਂਦਾ।

ਉਹਦੇ ਅੰਦਰ, ਬੁੱਤ ਹੀ ਬੁੱਤ ਖੜੇ,
ਸਾਰੇ ਦੇ ਸਾਰੇ ਚੁੱਪ ਖੜੇ।
ਕਈ ਮਰਦ ਤੇ ਕਈ ਸਨ ਨਾਰੀਆਂ,
ਜਿਵੇਂ ਇੰਤਜ਼ਾਰਾਂ ਮਾਰੀਆਂ।

ਚੌਗਿਰਦਾ ਬੇ-ਆਵਾਜ਼ ਸੀ,
ਹਰ ਸ਼ੈਅ ਵਿਚ ਛੁਪਿਆ ਰਾਜ਼ ਸੀ।
ਕੋਈ ਜ਼ੋਰ ਦਾ ਹਾਸਾ ਹੱਸਿਆ,
ਜਿਵੇਂ ਖ਼ੌਫ਼ ਦਾ ਬੱਦਲ ਵੱਸਿਆ।
ਫਿਰ ਨੇੜੇ ਆ ਕੇ ਬੋਲਿਆ,
ਉਸ ਭੇਦ ਇਸ ਤਰ੍ਹਾਂ ਖੋ੍ਲਿਆ।

"ਇਹ ਮੇਰਾ ਹੀ ਘਰ ਬਾਰ ਸੀ,
ਮੈਨੂੰ ਇਸ ਦੇ ਨਾਲ ਪਿਆਰ ਸੀ।

ਕੀ ਘਰ ਅੰਦਰ, ਕੀ ਬਾਹਰ ਨੇ!
ਸਭ ਮਤਲਬ ਦੇ ਹੀ ਯਾਰ ਨੇ।
ਦੁਨੀਆਂ ਵਿਚ ਚੋਖਾ ਦੇਖਿਆ,
ਹਰ ਪਾਸੇ ਧੋਖਾ ਦੇਖਿਆ।

ਪੱਥਰ ਦਿਲ ਸਭ ਇਨਸਾਨ ਹਨ।
ਪੱਥਰ ਦੇ ਹੀ ਭਗਵਾਨ ਹਨ।
ਪੱਥਰਾਂ ਨਾਲ ਨਾਤਾ ਜੋੜਿਆ,
ਪੱਥਰਾਂ ਨੇ ਸਭ ਕੁਝ ਤੋੜਿਆ।

ਤਤਕਰਾ

ਇਸ ਜ਼ਿੰਦਗੀ ਤੋਂ ਅੱਕ ਕੇ,
ਇਸ ਲੰਬੀ ਦੌੜ ਤੋਂ ਥੱਕ ਕੇ,
ਲੈ ਛੈਣੀਆਂ, ਸੁੰਬੇ, 'ਥੋੜੀਆਂ,
ਮੈਂ ਕਈ ਚੱਟਾਨਾਂ ਤੋੜੀਆਂ।
ਹੁਣ ਐਸੇ ਬੁੱਤ ਬਣਾ ਰਿਹਾਂ,
ਜੋ ਜੀਅ ਚਾਹਵੇ, ਕਰਵਾ ਰਿਹਾਂ।
ਜੋ ਚਾਹਵਾਂ, ਬੁੱਤ ਬਣਾਵੰਦਾ,
ਇਸ ਥਾਂ ਹਾਂ ਰੱਬ ਅਖਵਾਵੰਦਾ।

ਜੇ ਤੇਰਾ ਵੀ ਕੋਈ ਮੀਤ ਸੀ,
ਤੈਨੂੰ ਜਿਸ ਦੇ ਨਾਲ ਪ੍ਰੀਤ ਸੀ।
ਜਨਮਾਂ ਦੇ ਰਿਸ਼ਤੇ ਤੋੜ ਕੇ,
ਮੂੰਹ ਪਿਆਰ ਵੱਲੋਂ ਮੋੜ ਕੇ।
ਕਿਧਰੇ ਨੂੰ ਚਾਲੇ ਪਾ ਗਿਆ,
ਉਮਰਾਂ ਦੇ ਰੋਣੇ ਲਾ ਗਿਆ।
ਮੈਂ ਉਸਦਾ ਬੁੱਤ ਬਣਾ ਦਿਆਂ,
ਤੇਰੇ ਸਾਹਮਣੇ, ਬੰਨ੍ਹ ਲਿਆ ਦਿਆਂ"।

ਮੈਂ 'ਹਾਂ' ਵਿਚ ਸਿਰ ਹਿਲਾ ਕੇ,
ਫਿਰ ਬਹਿ ਗਈ ਨੀਵੀਂ ਪਾ ਕੇ।
ਕਈ ਲੰਮੀਆਂ ਸੋਚਾਂ ਸੋਚਦੀ,
ਉਸ ਬੇ-ਦਰਦੀ ਨੂੰ ਲੋਚਦੀ।
ਫਿਰ ਰਾਮ ਕਹਾਣੀ ਕਹਿ ਗਈ,
ਵਹਿਣਾ ਵਿਚ ਓਵੇ ਵਹਿ ਗਈ।
ਕੁਝ ਯਾਦ ਨਹੀਂ ਕੀ ਕੀ ਕਹਿ ਗਈ,
ਫਿਰ ਜਦ ਮੈਂ ਉੱਠ ਕੇ ਬਹਿ ਗਈ:

ਸਾਹਵੇਂ ਪਿਆਰਾ ਦੇਖਿਆ,
ਦਿਲ ਦਾ ਸਹਾਰਾ ਦੇਖਿਆ।
ਗਲ ਕੈਂਠਾ ਕੰਨੀਂ ਨੱਤੀਆਂ,
ਅੱਖਾਂ ਪਿਆਰਾਂ ਰੱਤੀਆਂ।

ਤਤਕਰਾ

ਖੁੱਸਾ ਵੀ ਤਿੱਲੇਦਾਰ ਸੀ,
ਚੀਰਾ ਵੀ ਸ਼ਮਲੇਦਾਰ ਸੀ।

ਉਹਦੇ ਸੁਹਣੇ ਲੀੜੇ ਦੇਖ ਕੇ,
ਸੋਨੇ ਦੇ ਬੀੜੇ ਦੇਖ ਕੇ।
ਮੈਂ ਰੋ ਪਈ, ਮੈਂ ਹੱਸ ਪਈ,
ਗਲ ਲੱਗ ਕੇ ਛਮ ਛਮ ਵੱਸ ਪਈ।

ਉਹ ਪੱਥਰ ਦਿਲ ਨਾ ਬੋਲਿਆ,
ਨਾ ਭੇਦ ਕੋਈ ਖੋਲ੍ਹਿਆ।

ਮੈਂ ਆਵਲ ਬਾਵਲ ਹੋ ਗਈ,
ਸੱਚਮੁੱਚ ਹੀ ਪਾਗਲ ਹੋ ਗਈ।
ਮੈਂ ਏਧਰ ਓਧਰ ਭੱਜਦੀ,
ਉਸ ਸ਼ਿਲਪਕਾਰ ਨੂੰ ਲੱਭਦੀ।
ਹਰ ਚੱਪਾ ਚੱਪਾ ਤੱਕਿਆ,
ਪਰ ਉਹ ਨਾ ਮੈਨੂੰ ਲੱਭਿਆ।

ਜੋ ਬੇ-ਦਰਦੀ ਦਾ ਬੁੱਤ ਸੀ,
ਜੋ ਹਾਲੇ ਤਕ ਵੀ ਚੁੱਪ ਸੀ,
ਉਹਨੂੰ ਖਿਚਣ ਧੱਕਣ ਲੱਗ ਪਈ,
ਕੁਝ ਪੁੱਛਣ ਦੱਸਣ ਲੱਗ ਪਈ।
ਇਕ ਜ਼ੋਰ ਦਾ ਝਟਕਾ ਲੱਗਿਆ,
ਆ ਬੁੱਤ ਮੇਰੇ ‘ਤੇ ਡਿੱਗਿਆ।
ਮੈਂ ਗਸ਼ ਖਾ ਓਥੇ ਢਹਿ ਪਈ,
ਮੇਰੀ ਹੋਸ਼ ਵੀ ਜਾਂਦੀ ਰਹਿ ਗਈ।

ਇਕ ਹੋਸ਼ ਜਦੋਂ ਹੈ ਜਾਵੰਦੀ,
ਇਕ ਹੋਸ਼ ਹੋਰ ਹੈ ਆਵੰਦੀ।
ਇਸ ਹੋਸ਼ ਨੂੰ ਜਦ ਮੈਂ ਪਾ ਗਈ,
ਲੱਗੇ, ਜਿਓਂ ਨੀਂਦਰ ਆ ਗਈ।
ਜੋ ਦੇਖਾਂ ਜਾਂ ਮੈਂ ਜੋ ਕਰਾਂ,
ਇਹਨੂੰ ਸੁਪਨਾ ਕਹਾਂ ਜਾਂ ਕੀ ਕਹਾਂ!
ਢ

ਤਤਕਰਾ

ਲੱਗਾ ਕਿ ਮੈਂ ਕੋਈ ਹੂਰ ਹਾਂ,
ਆਪਣੇ ਪ੍ਰੀਤਮ ਤੋਂ ਦੂਰ ਹਾਂ।

ਸੋਚਾਂ, ਕਿ ਮੈਂ ਨਹੀਂ ਟੋਲਣਾ,
ਜੇ ਮਿਲ ਵੀ ਜਾਵੇ ਢੋਲਣਾ।
ਮੈਂ ਉਹਦੇ ਨਾਲ ਨਹੀਂ ਬੋਲਣਾ,
ਉਹਨੂੰ ਵੀ ਏਦਾਂ ਰੋਲਣਾ।
ਘੜੀਆਂ ਵਿਛੋੜੇ ਵਾਲੀਆਂ,
ਰੋ ਰੋ ਕੇ ਕਿੰਜ ਗੁਜ਼ਾਰੀਆਂ!

ਏਨੇ ਨੂੰ, ਇਕ ਬੇਬਾਣ ‘ਤੇ,
ਦੋ ਬੰਦੇ ਪੁੱਜੇ ਆਣ ਕੇ।
ਉਹਨਾਂ ਝੁਕ ਕੇ ਅਦਬ ਦਿਖਾਇਆ,
ਫਿਰ ਏਦਾਂ ਆਖ ਸੁਣਾਇਆ:

“ਤੇਰਾ ਸਿਦਕ ਹੈ ਰੰਗ ਲਿਆਇਆ,
ਚੱਲ, ਤੈਨੂੰ ਓਸ ਬੁਲਾਇਆ”।

ਨਾ ਸੋਚ ਸੀ ਮਨ ਵਿਚ ਆ ਰਹੀ,
ਸਾਂ ਪਿੱਛੇ ਪਿੱਛੇ ਜਾ ਰਹੀ।

ਮੈਂ ਖ਼ੁਦ ਵੀ ਬੜੀ ਹੈਰਾਨ ਸੀ,
ਨਾ ਗੁਸਾ, ਗਿਲਾ, ਗੁਮਾਨ ਸੀ।

ਜਦ ਸਾਹਵੇਂ ਪਿਆਰਾ ਦੇਖਿਆ,
ਦਿਲ ਦਾ ਸਹਾਰਾ ਦੇਖਿਆ।
ਮੈਂ ਧਾਅ ਗਲਵੱਕੜੀ ਪਾ ਲਈ,
ਉਮਰਾਂ ਦੀ ਵਿੱਥ ਮਿਟਾ ਲਈ।

ਤੇਰੇ ਸਿਦਕ ਦੇ ਏਸ ਮਿਆਰ ਦੀ,
ਕਰਦਾ ਹਾਂ ਕਦਰ ਪਿਆਰ ਦੀ।
ਇਹ ਠੀਕ ਹੈ, ਵਾਅਦਾ ਭੁਲਿਆ,
ਬਿਰਹਾ ਦਾ ਝੱਖੜ ਝੁੱਲਿਆ।

ਤਤਕਰਾ

ਪਰ ਮੈਂ ਵੀ ਤੇ ਮਜਬੂਰ ਸਾਂ,
ਏਸੇ ਲਈ ਤੈਥੋਂ ਦੂਰ ਸਾਂ।
ਜਦ ਧੁਰੋਂ ਬੁਲਾਵਾ ਆਵੰਦਾ,
ਵਾਅਦਾ ਕੀ! ਕੁਝ ਨਹੀਂ ਭਾਵੰਦਾ।

ਸੁਣਿਓਂ ਨੀ ਮੀਤਾਂ ਵਾਲੀਓ!
ਸੁਣਿਓਂ ਨੀ ਪ੍ਰੀਤਾਂ ਵਾਲੀਓ!!

ਮੇਰਾ ਪ੍ਰੀਤਮ ਪਿਆਰਾ ਮਿਲ ਗਿਆ,
ਦਿਲ ਦਾ ਸਹਾਰਾ ਮਿਲ ਗਿਆ।
ਅੱਖਾਂ ਦਾ ਤਾਰਾ ਮਿਲ ਗਿਆ,
ਮੈਨੂੰ ਦੋਬਾਰਾ ਮਿਲ ਗਿਆ।
ਭਾਵੇਂ ਵਿਛੋੜੇ ਪੈਣਗੇ,
ਉਮਰਾਂ ਦੇ ਰਿਸ਼ਤੇ ਰਹਿਣਗੇ।

ਲੱਗਦਾ ਤੇ ਨਹੀਂ ਸੁਪਨਾ ਹੈ ਇਹ,
ਪਰ ਜੇ ਕਦੀ ਸੁਪਨਾ ਹੈ ਇਹ,
ਇਸ ਨੀਂਦ ਦੇ ਬਲਿਹਾਰਨੇ,
ਮੈਂ ਇਸ ਤੋਂ ਜਾਵਾਂ ਵਾਰਨੇ।
ਮੈਨੂੰ ਜੀਵਨ ਮਿਲਿਆ ਏਸ ਤੋਂ,
ਮੇਰਾ ਤਨ ਮਨ ਖਿੜਿਆ ਏਸ ਤੋਂ।

ਇਸ ਨੀਂਦ ਨੂੰ ਲੰਬੀ ਕਰ ਦਿਓ,
ਨੀ ਇਹਨੂੰ ਮੌਤ ਬਣਨ ਦਾ ਵਰ ਦਿਓ।

ਹੁਣ ਸੁੱਤਿਆਂ ਨਾ ਉਠਾ ਦਿਓ,
ਮੈਨੂੰ ਭਾਵੇਂ ਲਾਂਬੂ ਲਾ ਦਿਓ।

---

ਵਿਛੋੜਾ ਸੁਣੇ ਡੁਖ, ਵਿਣ ਡਿਠੇ ਮਰਿਓਦ।
ਬਾਝ ਪਿਆਰੇ ਆਪਣੇ, ਬਿਰਹੀ ਨ ਧੀਰੋਦਿ॥
_ਵਾਰ ਮਾਰੂ ਡੱਖਣੇ (18) 1100

ਤਤਕਰਾ

## ੪੪ - ਮਿਲਾਪ

ਐ ਸੱਜਣ! ਤੇਰੀ ਬੁੱਕਲ ਦਾ ਨਿੱਘ,
ਆਪਣਾ ਆਪ ਭੁਲਾ ਦੇਵੇ।
ਸਮਿਆਂ ਤੋਂ ਜਾਗੀ ਭਟਕਣ ਨੂੰ,
ਪਿਆਰ ਦੀ ਨੀਂਦ ਸੁਲਾ ਦੇਵੇ।

ਨਾ ਦਿਲ ਤੜਪੇ, ਨਾ ਮਨ ਸੋਚੇ,
ਨਾ ਕੋਈ ਸ਼ੈਅ ਪ੍ਰੋਂਦੀ ਹੈ,
ਨਾ ਮਸਤੀ, ਨਾ ਚਾਹ ਮਸਤੀ ਦੀ,
ਐਸੀ ਦਸ਼ਾ ਮਿਲਾ ਦੇਵੇ।

ਨਾ ਦੁਨਿਆਵੀ ਖਿੱਚ ਹੀ ਕੋਈ,
ਨਾ ਅੰਬਰ ਦੀਆਂ ਤਾਂਘਾਂ ਹੀ,
ਜਿਸ ਨੂੰ ਮੌਤ ਕਦੇ ਨਾ ਆਵੇ,
ਉਹ ਜੀਣਾ ਸਿਖਲਾ ਦੇਵੇ।

ਤਤਕਰਾ

1984 ਦਾ ਦੌਰ

## 89 – ਮੇਰਾ ਮਾਹੌਲ

ਤੇਰਾ ਕਹਿਣਾ, ਕਿ ਏਸ ਮਹਫ਼ਿਲ ਨੂੰ,
ਮੈਂ ਕਿਸੇ 'ਪ੍ਰੀਤ-ਨਗਰ' ਲੈ ਜਾਵਾਂ,
ਮੈਂ ਕਿਸੇ ਹੁਸਨ ਦੀ ਤਾਰੀਫ਼ ਕਰਾਂ,
ਮੈਂ ਕਿਸੇ ਇਸ਼ਕ ਦੇ ਨਗ਼ਮੇਂ ਗਾਵਾਂ।

ਮੈਂ ਕਿਸੇ ਰੰਗਲੀ ਬਹਾਰ ਦੀਆਂ,
ਸ਼ੋਖ਼ ਕਲੀਆਂ ਨੂੰ ਫੁੱਲ ਬਣਾ ਦੇਵਾਂ,
ਕਿਸੇ ਮਦਹੋਸ਼ ਪਿਆਰ ਦੇ ਨਗ਼ਮੇਂ,
ਭੌਰਾ ਬਣ ਕੇ, ਮੈਂ ਗੁਣਗੁਣਾ ਦੇਵਾਂ।

ਜਾਂ ਮੈਂ ਨੈਣਾ ਦੇ ਪਿਆਰ ਦੀ ਮਸਤੀ,
ਦੇ ਦਿਆਂ ਅੱਜ ਦੇ ਮਹਿਮਾਨਾਂ ਨੂੰ,
ਜਾਂ ਕਿਸੇ ਜਾਮ ਵਿਚ ਡੁਬੋ ਦੇਵਾਂ,
ਆਪਣੇ ਹੱਥੀਂ, ਇਨ੍ਹਾਂ ਜਵਾਨਾਂ ਨੂੰ।

ਮੈਂ ਕਵੀ ਹਾਂ ਤੇ ਏਸ ਫ਼ਿਤਰਤ ਦੇ
ਹਰ ਨਜ਼ਾਰੇ ਨੂੰ ਪਿਆਰ ਕਰਦਾ ਹਾਂ
ਅਤੇ ਮਾਨੁੱਖਤਾ ਦੇ ਦਰਦ ਲਈ,
ਆਪਣਾ ਸੁਖ ਵੀ ਨਿਸਾਰ ਕਰਦਾ ਹਾਂ।

ਖ਼ੁਸ਼ ਰਹੇ, ਇਸ਼ਕ-ਔ-ਨਾਜ਼ ਦੀ ਦੁਨੀਆਂ,
ਤੂੰ ਵੀ ਚਹੁੰਦੀ ਏਂ, ਮੈਂ ਵੀ ਚਹੁੰਦਾ ਹਾਂ,
ਘੁੱਘ ਵਸੇ, ਸ਼ੇਅਰ-ਔ-ਸਾਜ਼ ਦੀ ਦੁਨੀਆਂ,
ਤੂੰ ਵੀ ਚਹੁੰਦੀ ਏਂ, ਮੈਂ ਵੀ ਚਹੁੰਦਾ ਹਾਂ।

ਪਰ, ਮੇਰੀ ਦੋਸਤ! ਪਿਆਰ ਦੇ ਕਿੱਸੇ,
ਮੇਰੇ ਅੱਜ ਦੇ ਮਾਹੌਲ ਨੂੰ ਰਾਸ ਨਹੀਂ,
ਇਨ੍ਹਾਂ ਮਾਰੂਥਲਾਂ ਦੇ ਬੱਦਲਾਂ ਤੋਂ,
ਕਿਸੇ ਛਹਿਬਰ ਦੀ ਕੋਈ ਆਸ ਨਹੀਂ।

ਤਤਕਰਾ

ਮਸਤੀ ਭਰੇ, ਪਿਆਰ ਦੇ ਨਗ਼ਮੇਂ,
ਬੇਚੈਨ ਦਿਲਾਂ ਨੂੰ ਸੁਲਾ ਜਾਂਦੇ,
ਆਰਜ਼ੀ ਸੁਖ ਤਾਂ ਅੱਜ ਦਿੰਦੇ ਨੇ,
ਕੱਲ੍ਹ, ਗ਼ੁਲਾਮੀ ਦੀ ਬੇੜੀ ਪਾ ਜਾਂਦੇ।

ਪਿਆਰ ਦੀ ਇੱਛਾ ਬੜੀ ਚੀਜ਼ ਹੈ, ਪਰ,
ਇਹ ਬੇਬਸੀ ਦਾ ਸਹਾਰਾ ਨਹੀਂ ਹੁੰਦੀ,
ਪ੍ਰੀਤ ਇਕ ਵੇਗ ਹੈ, ਰਵਾਨੀ ਹੈ,
ਕਿਸੇ ਡੁੱਬਦੇ ਲਈ ਕਿਨਾਰਾ ਨਹੀਂ ਹੁੰਦੀ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਨੌਜਵਾਨੀ ’ਤੇ ਬੜੀਆਂ ਨਜ਼ਰਾਂ ਨੇ,
ਇਕ ਪਾਸੇ ਉਮੀਦ ਤੱਕਦੀ ਹੈ,
ਦੂਜੇ ਪਾਸੇ ’ਤੇ ਕੜੀਆਂ ਨਜ਼ਰਾਂ ਨੇ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਦੁਸ਼ਮਣੀਆਂ ਦੀ ਅੱਗ ਬਲਦੀ ਹੈ,
ਕਿਸੇ ਨੂੰ ਆਪਣਾ ਬਨਾਉਣ ਲਈ,
ਨੇਕ-ਨੀਤੀ ਨਹੀਂ, ਗੋਲੀ ਚੱਲਦੀ ਹੈ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਗੱਲ ਗੱਲ ਉੱਤੇ ਗ੍ਰਿਫ਼ਤਾਰੀ ਹੈ,
ਨਿੱਤ, ਨਵੇਂ ਢੰਗ ਨਾਲ ‘ਨੀਤੀ’ ਨੇ,
ਨੌਜਵਾਨੀ ਦੀ ਅਕਲ ਮਾਰੀ ਹੈ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਭਰਾ ਭਰਾ ਵੀ ਝੜਪ ਝੜਪ ਕੇ ਮਰੇ,
ਬੱਸਾਂ, ਗੱਡੀਆਂ ’ਚ, ਮੁਕਾਬਲੇ ਅੰਦਰ,
ਮੇਰੇ ਵਤਨ ਦੀ ਜਵਾਨੀ ਤੜਫ ਤੜਪ ਕੇ ਮਰੇ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਕੋਈ ਬਾਹਰੋਂ ਮੁੜੇ, ਮੁੜੇ ਨਾ ਮੁੜੇ,
ਜੀਣ ਲਈ ਮਰ ਗਈ ਕਿਸੇ ਜਿੰਦ ਨੂੰ,
ਕੋਈ ਕਫ਼ਨ ਜੁੜੇ, ਜੁੜੇ ਨਾ ਜੁੜੇ।

ਤਤਕਰਾ

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਵਫ਼ਾ ਰੋਂਦੀ ਏ, ਗ਼ੈਰਤ ਟੁੰਭਦੀ ਏ,
ਆਪਣੇ ਫ਼ਰਜ਼ੋਂ ਅਵੇਸਲੇ ਹੋ ਕੇ
ਚਿਰ ਤੋਂ ਸੁੱਤੇ ਨੂੰ, ਜੁੱਰਤ ਟੁੰਬਦੀ ਏ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਕੋਈ ਇਸਮਤ ਪਨਾਹ ਮੰਗਦੀ ਹੈ,
ਜਿਸ ਮੁਹੱਬਤ ਦੇ ਮਹਿਲ ਢਹਿ ਗਏ ਨੇ,
ਉਹ ਮੁਹੱਬਤ ਪਨਾਹ ਮੰਗਦੀ ਹੈ।

ਮੇਰੇ ਅੱਜ ਦੇ ਮਾਹੌਲ ਦੇ ਅੰਦਰ,
ਰਾਤਾਂ ਦੇ ਸੁਰਮਈ ਸਵੇਰੇ ਨੇ,
ਦਾਦ ਫ਼ਰਿਆਦ ਕੀ ਕਰੇ ਕੋਈ!
ਉਹ ਹੀ ਰਹਿਬਰ ਨੇ, ਉਹੀ ਲੁਟੇਰੇ ਨੇ।

ਇਹ ਜਿਸ ਦੀ ਲਾਸ਼ ਇੰਜ ਤੜਪਦੀ ਹੈ,
ਭਾਈ-ਚਾਰੇ ਦਾ ਇਹ ਪੁਜਾਰੀ ਸੀ,
ਪੂਰੀ ਮਾਨੁੱਖਤਾ ਦੇ ਹੱਕਾਂ ਲਈ,
ਇਹਦੇ ਬੱਚਿਆਂ ਨੇ ਜਾਨ ਵਾਰੀ ਸੀ।

ਜਿਹੜੇ 'ਜੰਗਲ' ਨੂੰ ਕੱਲ੍ਹ ਸਫ਼ਾ ਕੀਤਾ,
ਓਸੇ ਜੰਗਲ 'ਚੋਂ ਅੱਜ ਗੁਜ਼ਰਨਾ ਹੈ,
ਜਿਨ੍ਹਾਂ ਕੱਲ੍ਹ ਸਭਿਅਤਾ ਉਸਾਰੀ ਸੀ,
ਉਨ੍ਹਾਂ ਕੰਮਾਂ ਨੂੰ ਫੇਰ ਕਰਨਾ ਹੈ।

ਜਿੱਥੇ ਰੂਹ ਨੇ ਆਜ਼ਾਦ ਹੋਣਾ ਹੈ,
ਜਿੱਥੇ ਹਰ ਪਿਆਸ ਲਈ ਟਿਕਾਣਾ ਹੈ,
ਮੈਂ ਅਜੇ 'ਪ੍ਰੀਤ-ਨਗਰ' ਤੋਂ ਪਹਿਲਾਂ,
ਕਿਸੇ ਉਸ 'ਮੁਕਤ-ਸਰ' 'ਤੇ ਜਾਣਾ ਹੈ।

ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ,
ਓਧਰੋਂ ਪਰਤ ਕੇ ਜਾਂ ਆਵਾਂਗਾ,
ਸੱਚੇ, ਸੁੱਚੇ ਪਿਆਰ ਦੇ ਨਗ਼ਮੇਂ,
ਜਿੰਨੇ ਆਖੇਂਗੀ, ਮੈਂ ਸੁਣਾਵਾਂਗਾ।

ਤਤਕਰਾ

## 90 - ਮੇਰੀ ਜ਼ਿੰਦਗੀ ’ਚੋਂ ਜਾ ਕੇ

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਅੱਜ ਤੇਰਾ ਇੰਜ ਮਿਲਣਾ,
ਠੰਡਕ ਪੁਚਾ ਗਿਆ ਹੈ,
ਭਾਂਬੜ ਮਚਾ ਗਿਆ ਹੈ ।

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਜੇ ਨਜ਼ਰ ਮਿਲਾਈ ਫਿਰ ਭੀ,
ਸਮਝਾਂਗਾ, ਹੁਸਨ ਉੱਤੇ,
ਕੋਈ ਜ਼ੁਲਮ ਢਾਅ ਗਿਆ ਹੈ ।

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਜੇ ਨਜ਼ਰ ਝੁਕਾ ਲਈ ਤਾਂ,
ਸਮਝਾਂਗਾ, ਪਿਆਰ ਕੋਰਾ,
ਵਾਅਦੇ ਭੁਲਾ ਗਿਆ ਹੈ ।

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਮੁੜਕੇ ਪਿਛਾਂਹ ਨਾ ਦੇਖੀਂ,
ਉਹ ਕੌਣ ਹੈ ਜੋ ਇਕ ਥਾਂ,
ਜੀਵਨ ਬਿਤਾ ਗਿਆ ਹੈ ?

ਮੇਰੀ ਜ਼ਿੰਦਗੀ ’ਚੋਂ ਜਾ ਕੇ,
ਜੇ ਫੇਰ ਆ ਮਿਲ਼ੇਂ ਤਾਂ,
ਆਖਾਂਗਾ, “ਇਸ਼ਕ, ‘ਪ੍ਰੀਤਮ’ !
ਮੰਜ਼ਿਲ ਨੂੰ ਪਾ ਗਿਆ ਹੈ”।

ਤਤਕਰਾ

## 91 - ਮੇਰੇ ਮਹਿਬੂਬ

ਮੇਰੇ ਮਹਿਬੂਬ, ਮੇਰੀ ਜੁਸਤਜੂ ਕਾ ਹਾਸਿਲ ਤੂ।

ਇਕ ਤਮੰਨਾ ਹੈ ਕਿ ਮੈਂ ਅਪਨੀ ਜ਼ਿੰਦਗਾਨੀ ਕੋ,
ਇਤਨਾ ਊਂਚਾ ਕਰੂੰ, ਕਿ ਹਰ ਸ਼ਖ਼ਸ ਮੁਝ ਪਿਹ ਨਾਜ਼ ਕਰੇ।
ਮੈਂ ਜ਼ਮਾਨੇ ਕੀ ਮੁਸੱਰਤ ਕੇ ਰਾਜ਼ ਖੋਲ੍ਹ ਸਕੂੰ,
ਮੇਰੇ ਹਰ ਰਾਜ਼ ਕੋ ਹਰ ਆਦਮੀ ਹਮਰਾਜ਼ ਕਰੇ।

ਮੇਰੀ ਪੇਚੀਦਾ ਤਮੰਨਾਉਂ ਕੋ ਪਾਨੇ ਕੇ ਲੀਏ,
ਖ਼ੁਸ਼ਨਸੀਬੀ ਸੇ, ਮੇਰੀ ਜ਼ਿੰਦਗੀ ਮੇਂ ਸ਼ਾਮਿਲ ਤੂ।
ਮੇਰੇ ਮਹਿਬੂਬ, ਮੇਰੀ ਜੁਸਤਜੂ ਕਾ ਹਾਸਿਲ ਤੂ।

ਮੇਰੀ ਅਲਬੇਲੀ ਜਵਾਨੀ ਕੀ ਜੋ ਭੀ ਰਾਹੇਂ ਥੀਂ,
ਉਨ ਪਿਹ ਹਰ ਤਰਹ ਮੇਰਾ ਸਾਥ ਨਿਭਾਇਆ ਤੁਮਨੇ।
ਜਿਸ ਕਾ ਫਲ ਦੇਖ ਕੇ ਹਰ ਕੋਈ ਉਸ ਪਿਹ ਨਾਜ਼ ਕਰੇ,
ਐਸਾ ਪਰਿਵਾਰ ਕਾ ਇਕ ਬਾਗ ਲਗਾਇਆ ਤੁਮਨੇ।

ਮੇਰੇ ਸਾਥੀ! ਮੇਰੇ ਹਮਰਾਜ਼!! ਮੇਰੇ ਹਮਦਮ!!!
ਤਹਿ-ਏ-ਦਿਲ ਸੇ ਹਰ ਦਾਦ ਕੇ ਕਾਬਿਲ ਤੂ,
ਮੇਰੇ ਮਹਿਬੂਬ, ਮੇਰੀ ਜੁਸਤਜੂ ਕਾ ਹਾਸਿਲ ਤੂ।

ਮੇਰੇ ਜਜ਼ਬਾਤ ਨੇ ਜਬ ਭੀ ਕਭੀ ਠੋਕਰ ਖਾਈ,
ਹਲਾਸ਼ੇਰੀ ਸੇ ਮੇਰਾ ਹੌਸਲਾ ਬੜ੍ਹਾਇਆ ਹੈ,
ਮੇਰੀ ਬੁਝਤੀ ਹੂਈ ਉੱਮੀਦ ਫ਼ਰੋਜ਼ਾਂ ਕਰਕੇ,
ਤੂ ਨੇ ਖ਼ੁਸ਼ੀਉਂ ਸੇ ਹਰ ਰਾਹ ਜਗਮਗਾਇਆ ਹੈ।

ਮੇਰੀ ਹਯਾਤ ਕੇ ਤਪਤੇ ਹੂਏ ਲਮਹੋਂ ਕੇ ਲੀਏ,
ਪਿਆਰ ਕੀ ਓਸ ਬਨੀ, ਪਰਵਰਿਸ਼ ਕਾ ਬਾਦਲ ਤੂ,
ਮੇਰੇ ਮਹਿਬੂਬ, ਮੇਰੀ ਜੁਸਤਜੂ ਕਾ ਹਾਸਿਲ ਤੂ।

ਤਤਕਰਾ

ਯਿਹ ਤੇਰਾ ਮੇਰਾ ਮਿਲਨ, ਇੱਤਫ਼ਾਕੀਆ ਬਾਤ ਨਹੀਂ,
ਨਾ ਜਾਨੇ, ਕਿਤਨੇ ਯੁਗੋਂ ਸੇ ਹੈ ਅਪਨਾ ਸਾਥ ਰਹਾ!
ਤੂ ਹਰ ਜਨਮ ਮੇਂ, ਮੇਰੀ ਆਰਜ਼ੂ ਕਾ ਫੂਲ ਬਨੀ,
ਮੇਰੀ ਸ਼ਾਦਾਬੀਉਂ ਕੇ ਪੀਛੇ, ਤੇਰਾ ਹਾਥ ਰਹਾ।

ਕਭੀ ਕਭੀ ਮੁਝੇ ਐਸਾ ਭੀ ਗੁਮਾਂ ਹੋਤਾ ਹੈ,
ਮੇਰੀ ਹਮਰਾਹ ਹੀ ਨਹੀਂ, ਜੈਸੇ ਮੇਰੀ ਮੰਜ਼ਿਲ ਤੂੰ
ਮੇਰੇ ਮਹਿਬੂਬ, ਮੇਰੀ ਜੁਸਤਜੂ ਕਾ ਹਾਸਿਲ ਤੂ।

ਤਤਕਰਾ

ਇਨਸਾਂ-ਪ੍ਰਸਤ ਹੈਂ ਕੌਮ-ਔ-ਵਤਨ ਕੇ ਸਬ ਝਗੜੇ,
ਇਨਸਾਂ-ਪ੍ਰਸਤੀ ਹੈ ਕਿਆ! ਸਬ ਕੋ ਯਿਹ ਬਤਾ ਦੇਨਾ।

## 92 - ਮੈਦਾਨ-ਏ-ਜੰਗ ਮੇਂ

ਜਾਨ ਲੇਨੇ ਯਾ ਦੇਨੇ ਪਿਹ ਉਤਰ ਆਇਆ ਹੂੰ।

ਏਕ ਅਨਜਾਨੀ ਸੀ ਨਫ਼ਰਤ ਕੋ ਅਪਨੇ ਸਾਥ ਲੀਏ,
ਨਾ ਜਾਨੇ ਕੌਨ ਸੀ ਹਸਰਤ ਕੋ ਅਪਨੇ ਸਾਥ ਲੀਏ,
ਮੌਤ ਕੀ ਰਾਹ ਪਿਹ, ਇਕ ਜ਼ਿੰਦਗੀ ਕੀ ਆਸ ਲੀਏ,
ਬੇਖ਼ੁਦੀ ਮੇਂ, ਨਾ ਜਾਨੇ ਮੈਂ ਕਿਧਰ ਆਇਆ ਹੂੰ,
ਜਾਨ ਲੇਨੇ ਯਾ ਦੇਨੇ ਪਿਹ ਉਤਰ ਆਇਆ ਹੂੰ।

ਨਾ ਜਾਨੇ ਮੇਰੇ ਇਸ ਜਨੂੰਨ ਕਾ ਮਕਸਦ ਕਿਆ ਹੈ!
ਨਾ ਜਾਨੇ ਬਹਿਤੇ ਹੂਏ ਖ਼ੂਨ ਕਾ ਮਕਸਦ ਕਿਆ ਹੈ!
ਯਹਾਂ ਲਾਸ਼ੋਂ ਕੇ ਅੰਬਾਰ ਤਲੇ ਖ਼ੁਸ਼ੀਆਂ ਕਹਾਂ!
ਇਤਨੀ ਸੀ ਬਾਤ ਸੇ ਭੀ ਬੇਖ਼ਬਰ ਆਇਆ ਹੂੰ.
ਜਾਨ ਲੇਨੇ ਯਾ ਦੇਨੇ ਪਿਹ ਉਤਰ ਆਇਆ ਹੂੰ।

ਕਿਸੀ ਕੀ ਮੌਤ ਪਿਹ ਹੰਸਨਾ, ਭੀ ਕਿਆ ਸ਼ਰਾਫ਼ਤ ਹੈ?
ਕਿਸੀ ਸੇ ਹਾਰ ਕੇ ਹੰਸਨਾ, ਭੀ ਕਿਆ ਸ਼ਰਾਫ਼ਤ ਹੈ?
ਜੋ ਅਪਨੀ ਜਾਨ ਹੀ ਦੇ ਦੇ, ਉਸ ਕੀ ਹਾਰ ਕਹਾਂ!
ਇਨ ਸਵਾਲਾਤ ਸੇ, ਹੋ ਚਾਕ-ਜਿਗਰ ਆਇਆ ਹੂੰ,
ਜਾਨ ਲੇਨੇ ਯਾ ਦੇਨੇ ਪਿਹ ਉਤਰ ਆਇਆ ਹੂੰ।

ਤਤਕਰਾ

## 93 – ਮੈਂ ਪੂਛਤਾ ਹੂੰ

ਯਿਹ ਰਿਸ਼ੀਓਂ, ਯਿਹ ਗੁਰੂਓਂ, ਯਿਹ ਪੀਰੋਂ ਕੀ ਧਰਤੀ,
ਜੋ ਤਹਿਜ਼ੀਬੋਂ, ਇਲਮੋਂ ਕਾ ਦਾਅਵਾ ਹੈ ਕਰਤੀ।

ਯਿਹ ਧਰਤੀ ਜਹਾਂ ਪਿਹ 'ਕਰਮ' ਪੈਦਾ ਹੂਆ।
ਯਿਹ ਧਰਤੀ ਜਹਾਂ ਪਿਹ 'ਧਰਮ' ਪੈਦਾ ਹੂਆ।

ਇਨਸਾਂ ਕੋ ਇਨਸਾਂ ਬਨਾ ਨਾ ਸਕੀ ਯਿਹ,
ਜਹਾਲਤ ਸੇ ਪੱਲਾ ਛੁੜਾ ਨਾ ਸਕੀ ਯਿਹ।

ਧਰਮ ਕਿਆ! ਜੋ ਲਾਖੋਂ ਕੋ ਨਿਰਧਨ ਬਨਾਏ।
ਅਮੀਰੀ ਗ਼ਰੀਬੀ ਮੇਂ ਦੂਰੀ ਬੜ੍ਹਾਏ।

ਅਮੀਰੋਂ ਕਾ ਇਤਨਾ ਕੀਆ ਬੋਲ-ਬਾਲਾ,
ਬਨਾਇਆ ਗੁਨਾਹਗਾਰ ਹਰ ਭੋਲਾ-ਭਾਲਾ।

'ਗੋ-ਦਾਨ' ਕੀ ਵੋਹ ਕਹਾਨੀ ਸੁਨੀ ਹੈ?
ਕਭੀ ਵੋਹ 'ਹਰੀਸ਼' ਕੀ ਜ਼ੁਬਾਨੀ ਸੁਨੀ ਹੈ?

ਮੈਂਨੇ ਆਜ ਦੇਖੇ ਹੈ ਉਸ ਕੇ ਹੀ ਭਾਈ,
ਫ਼ਰਜ਼ ਨੇ ਵੁਹੀ ਇਨਕਲ਼ ਹਾਲਤ ਬਨਾਈ।

ਦਿਨ ਭਰ ਕੀ ਮਿਹਨਤ ਮੁਸ਼ੱਕਤ ਕੇ ਮਾਰੇ,
ਮਰ ਮਰ ਕਰੇਂ ਯਿਹ ਗੁਜ਼ਾਰਾ, ਬੇਚਾਰੇ।

ਬਸ! ਕਾਮ ਕਰਨਾ ਹੀ ਇਨਕਾ ਧਰਮ ਹੈ।
ਜੀਨੇ ਕੋ ਮਰਨਾ ਹੀ ਇਨਕਾ ਧਰਮ ਹੈ।

ਅਗਰ ਕੋਈ ਬੀਮਾਰ ਹੋ ਜਾਏ ਘਰ ਪਿਹ,
ਤੋ ਆਤੀ ਹੈ ਆਫ਼ਤ ਸੀ ਇਕ ਇਨਕੇ ਸਰ ਪਿਹ।

ਪੈਸੋਂ ਕੀ ਖ਼ਾਤਿਰ ਯਿਹ ਇੱਜ਼ਤ ਭੀ ਬੇਚੇਂ,
ਯਿਹ ਗ਼ੈਰਤ ਭੀ ਬੇਚੇਂ, ਮੁਹੱਬਤ ਭੀ ਬੇਚੇਂ।

ਲਹੂ ਮੇਂ, ਜਵਾਨੀ ਕਾ ਰੰਗ ਬੇਚਤੇ ਹੈ।
ਯਿਹ ਅਪਨੇ ਹੀ ਜਿਸਮੋਂ ਕੇ ਅੰਗ ਬੇਚਤੇ ਹੈਂ।

ਤਤਕਰਾ

ਜੋ ਬਸ ਨਾ ਰਹੇ, ਤੋ ਯਿਹ ਗੁਰਦੋਂ ਕੋ ਬੇਚੇਂ,
ਫ਼ਰਜ਼ ਕੇ ਲੀਏ, ਜ਼ਿੰਦਾ-ਮੁਰਦੋਂ ਕੋ ਬੇਚੇਂ।

'ਹਰੀਸ਼' ਕਾ ਯਿਹ ਭਾਈ ਧਰਮ ਤੋ ਕਮਾਏ,
ਮਗਰ ਕੋਈ ਯਿਹ ਬਾਤ ਮੁਝ ਕੋ ਬਤਾਏ:

"ਯਿਹ ਧਰਮ-ਔ-ਕਰਮ ਇਨਸਾਂ ਕੇ ਲੀਏ ਹੈ?
ਯਾ ਇਨਸਾਨ ਧਰਮ-ਔ-ਈਮਾਂ ਕੇ ਲੀਏ ਹੈਂ?"

ਕਿਉਂ ਇਨਕੀ ਯਿਹ ਹਾਲਤ ਹੈ? ਮੈਂ ਪੂਛਤਾ ਹੂੰ,
ਕਿਉਂ ਇਤਨੀ ਜਹਾਲਤ ਹੈ? ਮੈਂ ਪੂਛਤਾ ਹੂੰ।

ਤਤਕਰਾ

## 94 - ਮੁਬਾਰਕ,ਦੱਖਣੀ ਅਫ਼੍ਰੀਕਾ !

( ਮਈ 1994 )

ਚਿੱਟੀ ਧਰਤ ਤੇ ਜਦ ਛਾਈਆਂ ਘਨਘੋਰ ਘਟਾਵਾਂ,
ਤੁਪਕੇ ਖ਼ੂਨ ਦੇ ਬਰਸੇ ਨਵੀਂ ਇਕ ਲਹਿਰ ਲਹਿਰਾਈ ।
ਹਵਾ ਬਦਲੀ ਸਜ਼ਾ ਬਦਲੀ ਫ਼ਜ਼ਾ ਬਦਲੀ ਖ਼ਿਜ਼ਾ ਬਦਲੀ,
ਸਦੀਆਂ ਬਾਅਦ ਏਧਰ ਫੇਰ ਖ਼ੁਸ਼ੀਆਂ ਤੇ ਬਹਾਰ ਆਈ ।

'ਡੀ-ਕਲਰਕ' ਦੀ ਰੂਹ ਨੇ ਜਦੋਂ ਛੁਹਿਆ ਬੁਲੰਦੀ ਨੂੰ,
ਕਿਸੇ ਨੀਵੇਂ ' ਮੰਡੇਲਾ ' ਕੋਲ਼ ਵੀ ਉਚੀ ਸਤਹ ਆਈ ।
ਮੁਬਾਰਕ ਹੋਵੇ, ਕਿ ਇਨਸਾਨੀਅਤ ਨੇ ਆਦਮੀ ਉਤੇ,
ਇਹਦੀ ਹੀ ਭਲਾਈ ਵਾਸਤੇ, ਇਸ ਤੇ ਫ਼ਤਹ ਪਾਈ ।

ਜਿਹੜੇ ਜ਼ਖ਼ਮ ਰਿਸਦੇ ਸੀ, ਰੂਹਾਂ ਦੇ ਤੇ ਜਿਸਮਾਂ ਦੇ,
ਮੈਂ ਇਹ ਦੇਖਦਾ ਹਾਂ ਉਹਨਾਂ ਤੇ ਅੰਗੂਰ ਆਇਆ ਹੈ ।
ਖ਼ੁਸ਼ਹਾਲੀ ਦੇ ਫਲ਼ ਦੇ ਵਾਸਤੇ ਜੋ ਰੁੱਖ ਲਾਇਆ ਸੀ,
ਮੈਂ ਇਹ ਦੇਖਦਾ ਹਾਂ ਓਸ ਤੇ ਅੱਜ ਬੂਰ ਆਇਆ ਹੈ ।

ਹਜ਼ਾਰਾਂ ਜਾਨ ਤੇ ਖੇਡੇ ਸੀ ਇਸ ਦਿਨ ਦੇ ਲਈ, ਲੇਕਿਨ,
ਇਹ ਦਿਨ ਦੇਖ ਨਾ ਸਕੇ ਉਹ ਆਪਣੀ ਜ਼ਿੰਦਗੀ ਅੰਦਰ ।
ਜਿਨ੍ਹਾਂ ਨੂਰੀ ਨਿਗਾਹਾਂ ਨੂੰ, ਸਿਤਮ ਨੇ ਅੰਨ੍ਹਿਆਂ ਕੀਤਾ,
ਉਨ੍ਹਾਂ ਦਾ ਨ੍ਹੇਰਾ ਵੀ ਸ਼ਾਮਿਲ ਹੈ ਅੱਜ ਦੀ ਰੌਸ਼ਨੀ ਅੰਦਰ ।

ਰਵਾਨਾ ਹੋ ਰਹੀ ਨਫ਼ਰਤ, ਦਿਲਾਂ ਵਿਚ ਸਾਂਝ ਉਪਜੀ ਹੈ,
ਝਗੜੇ ਖ਼ਤਮ ਹੋਏ, ਦੋਸਤੀ ਦਾ ਦੌਰ ਆਇਆ ਹੈ ।
ਤੁਸਾਂ ਸਰ ਕਰ ਲਿਆ ਪਹਿਲਾ ਪੜਾ ਆਪਣੀ ਆਜ਼ਾਦੀ ਦਾ
ਅਤੇ ਹੁਣ ਦੂਸਰਾ, ਮਿਹਨਤਕਸ਼ੀ ਦਾ ਦੌਰ ਆਇਆ ਹੈ ।

ਮੁਸੀਬਤ ਦਾ ਜਾਂ ਤਾਕਤ ਦਾ ਜਦੋਂ ਵੀ ਵਕਤ ਹੁੰਦਾ ਹੈ,
ਸਾਰੇ ਆਪਣੇ ਵੀ ਆਪਣਿਆਂ ਦੇ ਵੱਲ ਨਹੀਂ ਹੁੰਦੇ ।
ਅਕਸਰ, ਉਹ ਜੋ ਦੋਹਾਂ ਧਿਰਾਂ ਲਈ ਗੰਭੀਰ ਹੁੰਦੇ ਹਨ,
ਐਸੇ ਮਸਲੇ ਵੀ ਸਮਝੌਤਿਆਂ ਬਿਨ ਹੱਲ ਨਹੀਂ ਹੁੰਦੇ ।

ਤਤਕਰਾ

ਅਸੀਂ[1] ਵੀ ਏਸ ਥਾਂ ਤੇ ਆ ਕੇ ਕੁਝ ਨਿਰਣੇ ਗ਼ਲਤ ਕੀਤੇ,
ਸਾਡੇ ਆਗੂਆਂ, ਖ਼ੁਦ ਵੱਲ ਜਾਂ ਜਨੂੰਨ ਵੱਲ ਤੱਕਿਆ ।
ਅਤੇ ਕੁਝ ਹੋਰ ਰਹਿਬਰ ਜੋ ਸਾਨੂੰ ਕਾਨੂੰਨ ਦੇ ਗਏ ਸਨ,
ਅਸੀਂ ਉਹਨਾਂ ਨੂੰ ਤੱਕਦੇ ਰਹੇ, ਨਹੀਂ ਕਾਨੂੰਨ ਵੱਲ਼ ਤੱਕਿਆ ।

ਤੁਹਾਡੇ ਵਿਚ ਤੇ ਸਾਡੇ ਵਿਚ ਬਹੁਤਾ ਫ਼ਰਕ ਨਹੀਂ ਦਿਸਦਾ,
ਇਸ ਕਰਕੇ ਤੁਹਾਡੀ ਕਾਮਯਾਬੀ ਲਈ ਅੰਦੇਸ਼ੇ ਨੇ ;
ਤੁਹਾਡੇ ਵਾਸਤੇ ਵੀ ਅੜਚਣਾ ਲੈ ਕੇ ਖੜੇ ਹੋਣੇ,
ਜਨੂੰ ਦੇ ਜੋ ਦੋਰਾਹੇ ਮੇਰੇ ਹਮ-ਵਤਨਾਂ[1] ਨੇ ਦੇਖੇ ਨੇ ।

ਤੁਹਾਡੀ ਧਰਤ ਤੇ ਖ਼ੁਸ਼ੀਆਂ ਦਾ ਭਰਿਆ ਵਕਤ ਹੈ ਭਾਵੇਂ,
ਰਲ਼ਵਾਂ ਮਿਲ਼ਵਾਂ ਇਕ ਅਹਿਸਾਸ ਹੈ ਪਰ ਮੇਰੀ ਚਿੰਤਨ ਦਾ ;
ਪਤਾ ਨਹੀਂ ਅੱਜ ਕਿਉਂ ਰਹਿ ਰਹਿ ਕੇ ਮੈਨੂੰ ਯਾਦ ਆਉਂਦਾ ਹੈ,
ਕਦੀ ਅੰਜਾਮ ’ ਗਾਂਧੀ ’ ਦਾ, ਕਦੀ ਅੰਜਾਮ ’ ਲਿੰਕਨ ’ ਦਾ ।

ਮੇਰੇ ਦੋਸਤੋ ! ਮੈਂ ਡੂੰਘੇ ਦਿਲ ’ਚੋਂ ਇਹ ਹੀ ਚਹੁੰਦਾ ਹਾਂ,
ਕਿ ਮੇਰਾ ਅੱਜ ਦਾ ਇਹ ਸ਼ੱਕ, ਬੇਸ਼ੱਕ ਝੂਠਾ ਨਿਕਲ਼ ਜਾਵੇ ;
ਜਿਸ ਦੇ ਵਾਸਤੇ ਤੁਰਦੇ ਰਹੇ ਓ ਲੰਮੀਆਂ ਵਾਟਾਂ,
ਖ਼ੁਸ਼ਹਾਲੀ ਦੀ ਉਹ ਮੰਜ਼ਿਲ, ਤੁਹਾਨੂੰ ਸਭਨਾ ਨੂੰ ਮਿਲ਼ ਜਾਵੇ ।

---

1. ਹਿੰਦੋਸਤਾਨੀਆਂ

ਤਤਕਰਾ

## 95 - ਯੁਗ ਪਰਿਵਰਤਨ

ਓ ਕਰਮਾਂ, ਓ ਧਰਮਾਂ ਵਾਲਿਆ! ਅੱਜ ਦਾ ਯੁਗ ਵਿੱਦਿਆ ਦਾ ਯੁਗ ਹੈ,
ਇਸ ਦੀਆਂ ਰੌਸ਼ਨ ਰਾਹਾਂ ਉੱਤੇ, ਸੋਚ ਸਮਝ ਕੇ ਪੈਰ ਉਠਾਣਾ।
ਆਉਣ ਵਾਲੀਆਂ ਨਸਲਾਂ ਨੂੰ ਜੇ ਤੇਰੀ ਚਾਲ 'ਚ ਵਿੰਗ ਜਾਪਿਆ,
ਤੇਰੇ ਤੇ ਤੇਰੇ ਧਰਮਾਂ ਤੋਂ, ਦੇਖੀਂ! ਉਨ੍ਹਾਂ ਬਾਗ਼ੀ ਹੋ ਜਾਣਾ।

ਹਾਲੇ ਕੱਲ੍ਹ ਦੀ ਗੱਲ ਹੈ, ਸ਼ਾਇਦ ਤੈਨੂੰ ਇਹ ਤਾਂ ਯਾਦ ਗੋਵੇਗਾ,
ਧਰਮ ਤੋਂ ਮੁਨਕਰ ਹੋ ਕੇ ਇਕ ਵੱਡੀ ਤਾਕਤ[1] ਦਾ ਜਨਮ ਹੋਇਆ ਸੀ।
ਮਾਨਵਤਾ ਨੂੰ ਪੀੜਾਂ ਦੇਵਣ ਵਾਲਾ, ਤੇਰਾ ਹੀ ਇਕ ਭਾਈ,
ਮਾਨਵਤਾ 'ਚੋਂ ਨਿੱਕਲੀ ਅੱਗ ਵਿਚ ਝੁਲਸ, ਤੜਪ ਕੇ ਖ਼ਤਮ ਹੋਇਆ ਸੀ।

ਧਰਮ ਤਾਂ ਹਰ ਇਕ ਦਾ ਨਿੱਜੀ ਹੈ, ਇਹ ਨਹੀਂ ਚਾਰ ਦੀਵਾਰਾਂ ਅੰਦਰ,ਮਨ ਦੇ ਦਰ ਦੀ ਲੋੜ ਹੈ ਇਸ ਨੂੰ, ਕਿਸੇ ਹਰਮ ਦੀ ਲੋੜ ਨਹੀਂ ਹੈ।
ਜਿਹੜਾ ਧਰਮ ਅੜਿੱਕਾ ਬਣਦੈ, ਮਾਨਵ ਦੀਆਂ ਉਡਾਣਾ ਉੱਤੇ,
ਮੈਂ ਕਹਿੰਦਾ ਹਾਂ, "ਮਾਨਵਤਾ ਨੂੰ ਓਸ ਧਰਮ ਦੀ ਲੋੜ ਨਹੀਂ ਹੈ"।

ਏਸੇ ਧਰਤੀ ਦੇ ਇਕ ਪਾਸੇ, ਜਿੱਥੇ ਆ ਕੇ ਮੈਂ ਵਸਿਆ ਹਾਂ,ਜੋ ਲੋਕਾਂ ਨੇ ਸਵਰਗ ਬਣਾਇਆ, ਆ! ਮੈਂ ਤੈਨੂੰ ਇਸ ਦੀ ਸਿਫ਼ਤ ਸੁਣਾਵਾਂ।
ਨਾ ਟੱਲੀਆਂ, ਨਾ ਸੰਖ, ਨਾ ਬਾਂਗਾਂ ਬੁਰਜੀ ਚੜ੍ਹ ਕੇ ਸ਼ੋਰ ਮਚਾਵਣ,
ਏਥੋਂ ਦਾ ਹਰ ਰੱਬ ਸੁਖੀ ਹੈ, ਜੀਅ ਕਰਦੈ ਸਭ ਦਾ ਹੋ ਜਾਵਾਂ।

ਮੇਰੀ ਇਸ ਦੁਨੀਆਂ ਦੇ ਅੰਦਰ, ਮੰਦਰ, ਮਸਜਦ ਦੇ ਬੁਰਜਾਂ ਤੋਂ,
ਲੋਕਾਂ ਦਾ ਆਚਾਰ ਉੱਚਾ ਹੈ, ਲੋਕਾਂ ਦਾ ਵਿਹਾਰ ਉੱਚਾ ਹੈ।
ਨਾ ਧਰਮਾਂ ਦੇ ਨਾਅਰੇ ਏਥੇ, ਨਾ ਕਰਮਾਂ ਦੇ ਨਾਅਰੇ ਏਥੇ,
ਏਥੇ ਤੇ ਬਸ ਮੇਰੇ ਸੱਜਣਾ! ਲੋਕਾਂ ਦਾ ਕਿਰਦਾਰ ਉੱਚਾ ਹੈ।

ਏਥੇ ਦਾ ਤਾਂ ਹਰ ਇਕ ਕਾਮਾ, ਵਿੱਦਿਆਂ ਤੇ ਮਿਹਨਤ ਦੇ ਬਲ 'ਤੇ,
ਰੋਗਾਂ, ਸੋਗਾਂ ਤੋਂ ਨਿੱਕਲ ਕੇ, ਮੌਤ ਨੂੰ ਢਾਉਣ ਦੀ ਸੋਚ ਰਿਹਾ ਹੈ।
ਮੰਤਰ, ਤੰਤਰ ਦੀ ਥਾਂ ਜੰਤਰ ਕੋਲੋਂ ਰੱਬ ਦਾ ਕੰਮ ਕਰਾ ਕੇ,
ਆਪਣੇ ਨਵੇਂ ਰੱਬ ਦਾ ਆਪੇ, ਕਰਤਾ ਬਣਨਾ ਲੋਚ ਰਿਹਾ ਹੈ।

ਤਤਕਰਾ

ਇਕ ਦਿਨ ਸ਼ਾਇਦ ਉਹ ਆਵੇਗਾ, ਇਕ ਟੀਕੇ ਦੇ ਅਸਰ ਦੇ ਹੇਠਾਂ,
ਬੀਤੀ ਹੋਈ ਜ਼ਿੰਦਗੀ ਦੇ ਦਿਨ, ਇਕ ਇਕ ਕਰਕੇ ਯਾਦ ਆਣਗੇ।
ਤੇ ਦੂਜੇ ਟੀਕੇ ਦੇ ਲੱਗਿਆਂ, ਜੋ ਬਾਕੀ ਦੇ ਦਿਨ ਜੀਵਨ ਦੇ,
ਇਕ ਇਕ ਕਰਕੇ ਮੌਤ ਦੇ ਦਿਨ ਤਕ, ਦੋ ਮਿੰਟਾਂ ਵਿਚ ਦਿਸ ਜਾਣਗੇ[2]।

ਆਸਤਿਕਤਾ ਦੀ, ਅੱਖਾਂ ਉੱਤੋਂ ਤੂੰ ਨਾ ਜੇਕਰ ਪੱਟੀ ਖੋਲ੍ਹੀ,
ਸੱਭਿਅਤਾ ਦੇ ਅੰਦਰੋਂ ਤੈਨੂੰ, ਤੇਰੀ ਅਕਲ ਨੇ ਕੱਢ ਜਾਣਾ ਹੈ।
ਤੂੰ ਭਰਮਾਂ, ਕਰਮਾਂ ਤੇ ਕਾਂਡਾਂ ਦੇ ਚੱਕਰ ਵਿਚ ਬੱਝੇ ਰਹਿਣਾ,
ਬਾਕੀ ਦੀ ਦੁਨੀਆਂ ਨੇ ਆਪਣਾ ਅੱਗਾ ਪਿੱਛੇ ਛੱਡ ਜਾਣਾ ਹੈ[3]।

ਅੱਜ ਜ਼ਰਾ ਸ਼ੀਸ਼ੇ ਦਾ ਸਾਹਵੇਂ, ਆਪਣੇ ਆਪ ਨੂੰ ਗਹੁ ਨਾ' ਦੇਖੀਂ,
ਸੋਚੀਂ, 'ਜੀਵਨ ਦਾ ਸੱਚ' ਕੀ ਹੈ, ਆਪਣਾ ਆਪਾ ਫੋਲ ਲਵੀਂ ਤੂੰ।
'ਰਹਿਬਰ ਦਾ ਮਤਲਬ' ਇਕ ਪਾਸੇ, ਦੂਜੇ ਪਾਸੇ 'ਅਪਣੀ ਕਰਨੀ',
ਤਵਾਰੀਖ਼ ਦੀ ਤੱਕੜੀ ਦੇ ਵਿਚ, ਪ੍ਰੀਤਮ! ਪਾ ਕੇ ਤੋਲ ਲਵੀਂ ਤੂੰ।

---

1 U.S.S.R and Republic of China

2 University of Toronto (Canada) has already developed a test, which can tell the month and year of the person's death. (Other than any accident, killing or suicide.)

3 The concept of the Time Machine.

ਤਤਕਰਾ

ਪਰਜਾ-ਪਤੀ ਹੁੰਦਾ ਹੈ ਰਾਜਾ ਜੇ ਤਾਂ 'ਪ੍ਰੀਤਮ'! ਦੱਸ ਇਹ,
ਹੁਣ ਤਾਈਂ 'ਜੰਗਲ ਦਾ ਰਾਜਾ ਸ਼ੇਰ', ਕਿਉਂ ਕਹਿੰਦੇ ਰਹੇ?

## 96 – ਰਾਜ ਕਰੇਗਾ ਖ਼ਾਲਸਾ?

ਜਾਗਤ-ਜੋਤ ਜੇ ਨਾ ਜਗੈ, ਕਿੰਜ ਖ਼ਾਲਸਾ ਹੋਏ?
ਜਾਗਤ-ਜੋਤ ਜੇ ਨਾ ਜਪੈ, ਕਿੰਜ ਖ਼ਾਲਸਾ ਹੋਏ?
ਪੂਰਨ-ਪ੍ਰੇਮ ਨਾ ਉਪਜੈ, ਕਿੰਜ ਖ਼ਾਲਸਾ ਹੋਏ?
ਪੀੜ-ਪ੍ਰਾਈ ਨਾ ਪਨਪਨੈ, ਕਿੰਜ ਖ਼ਾਲਸਾ ਹੋਏ?

ਜਾਗਤ-ਜੋਤ ਜੇ ਜਗ ਪਵੈ, ਰਾਜ ਕਰੇ ਕੋਈ ਕੀ!
ਜਾਗਤ-ਜੋਤ ਨੂੰ ਜੋ ਜਪੈ, ਰਾਜ ਕਰੇ ਕੋਈ ਕੀ!
ਪੂਰਨ-ਪ੍ਰੇਮ ਜੇ ਹੋ ਜਾਏ, ਰਾਜ ਕਰੇ ਕੋਈ ਕੀ!
ਪੀੜ-ਪ੍ਰਾਈ ਜੋ ਜਾਣ ਲਏ, ਰਾਜ ਕਰੇ ਕੋਈ ਕੀ!

ਧਰਤੀ ਅੰਬਰ ਹੋ ਸਕੇ, ਇਹ ਨਾ ਧਰਤੀ ਦੇ ਵੱਸ,
ਰਾਜ ਕਰੇਗਾ ਖ਼ਾਲਸਾ! ਕਿੰਜ? ਏਨਾ ਤੇ ਦੱਸ!

ਕਰਕੇ ਬੋਲ ਨਾ ਪਾਲਣਾ, ਇਹ ਬਿਪਰਨ ਕੀ ਰੀਤ,
ਸੱਚੋਂ ਉਰੇ ਹੀ ਜੀਵਣਾ, ਇਹ ਬਿਪਰਨ ਕੀ ਰੀਤ।
ਆਪਣਾ ਭਲਾ ਹੀ ਲੋਚਣਾ, ਇਹ ਬਿਪਰਨ ਕੀ ਰੀਤ,
ਕੁਝ ਕਰਨਾ ਕੁਝ ਆਖਣਾ, ਇਹ ਬਿਪਰਨ ਕੀ ਰੀਤ।

ਕਿਵੇਂ ਖ਼ਾਲਸਾ ਹੋਏਗਾ? ਜੋ ਨਾ ਸਭ ਦਾ ਮੀਤ,
ਕਿਵੇਂ ਖ਼ਾਲਸਾ ਹੋਏਗਾ? ਜੇ ਤਾਕਤ ਨਾਲ ਪ੍ਰੀਤ।
ਕਿਵੇਂ ਖ਼ਾਲਸਾ ਹੋਏਗਾ? ਜੇ ਦਿਲ ਠੰਡਾ ਸੀਤ,
ਕਿਵੇਂ ਖ਼ਾਲਸਾ ਹੋਏਗਾ? ਜਿਸ ਦੀ ਨਾ ਪ੍ਰਤੀਤ।

ਰਾਜ ਕਰਨ ਦੇ ਵਾਸਤੇ, ਕਦਰਾਂ ਹੋਵਣ ਭੱਸ,
ਰਾਜ ਕਰੇਗਾ ਖ਼ਾਲਸਾ! ਕਿੰਜ? ਏਨਾ ਤੇ ਦੱਸ!

'ਰਾਜੇ ਨੇ ਸ਼ੀਂਹ ਵਾਂਗਰਾਂ, ਹਾਕਮ ਵਾਂਗ ਸੁਆਨ',
ਬਾਣੀ ਪੜ੍ਹ ਕੇ ਦੇਖ ਲੈ, ਹੈ ਬਾਣੀ ਦਾ ਫ਼ੁਰਮਾਨ।
ਸਗਲ ਪੁਰਖੁ ਮਹਿ ਹੋਵੰਦਾ ਉਹ ਪੁਰਖ ਪਰਧਾਨ,
ਸਾਧ-ਸੰਗ ਵਿਚ ਜਿਸਦਾ ਮਿਟ ਜਾਏ ਅਭਿਮਾਨ।

ਤਤਕਰਾ

ਮਿਟ ਜਾਏ ਅਭਿਮਾਨ ਜੇ, ਰਾਜ ਨਾ ਕੀਤਾ ਜਾਏ,
ਹੋਵੇ 'ਸਭ-ਸਮਾਨ' ਜੇ, ਰਾਜ ਨਾ ਕੀਤਾ ਜਾਏ।
ਰੱਖੇ ਦੀਨ ਈਮਾਨ ਜੇ, ਰਾਜ ਨਾ ਕੀਤਾ ਜਾਏ,
ਬਣ ਜਾਵੇ ਇਨਸਾਨ ਜੇ, ਰਾਜ ਨਾ ਕੀਤਾ ਜਾਏ।

ਦੋ ਵੱਖ ਵੱਖ ਸ਼ਖ਼ਸੀਅਤਾਂ, ਦੋ ਵੱਖ ਵੱਖ ਰਹੱਸ,
ਰਾਜ ਕਰੇਗਾ ਖ਼ਾਲਸਾ! ਕਿੰਜ? ਏਨਾ ਤੇ ਦੱਸ!

ਰਾਜ-ਮਹਲ ਦੇ ਨ੍ਹੇਰ 'ਚੋਂ ਆ ਜਾਵੇ ਜੋ ਲੋਏ,
ਨਾ ਪੂਰਨ[1], ਨਾ ਭਰਥਰੀ[2], ਨਾ ਸਿਧਾਰਥ[3] ਹੋਏ।
ਜਾਗਤ-ਜੋਤ ਜੇ ਜਗ ਪਏ, ਚਮਕ ਪਏ ਪ੍ਰਹਿਲਾਦ,
ਸੱਚ ਬੋਲਦਾ ਹੋ ਗਿਆ 'ਹਰੀ ਚੰਦ'[4] ਬਰਬਾਦ।

ਰਾਜ-ਭਾਗ ਦੀ ਜ਼ਿੰਦਗੀ ਰੂਹ ਨੂੰ ਜਾਵੇ ਡੱਸ,
ਰਾਜ ਕਰੇਗਾ ਖ਼ਾਲਸਾ, ਕਿੰਜ? ਏਨਾ ਤੇ ਦੱਸ!

---

1 ਸ਼ਹਿਜ਼ਾਦਾ ਪੂਰਨ ਜੋ ਭਗਤ ਬਣ ਗਿਆ,
2 ਭਰਥਰੀ ਰਾਜ ਛੱਡ ਕੇ ਜੋਗੀ ਬਣ ਗਿਆ,
3 ਸ਼ਹਿਜ਼ਾਦਾ ਸਿਧਾਰਥ, ਬੁੱਧ ਬਣ ਗਿਆ,
4. ਰਾਜਾ ਹਰੀਸ਼ ਚੰਦਰ

ਤਤਕਰਾ

## 97 - ਰਾਤ

ਗਰਦਸ਼ਾਂ ਵਿਚ ਦੌੜਦੀ, ਹਰ ਰੋਜ਼ ਆ ਜਾਂਦੀ ਹੈ ਰਾਤ।
ਮੇਰੇ ਪਿੰਡ ਦੇ ਵਿਹੜਿਆਂ ‘ਤੇ ਆ ਕੇ ਛਾ ਜਾਂਦੀ ਹੈ ਰਾਤ।

ਆਉਂਦਿਆਂ ਹੀ ਸਾਰੇ ਪਾਸੇ ਇਹ ਹਨੇਰਾ ਪਾ ਦੇਵੇ,
ਨਿੱਖਰੇ ਹੋਏ ਪਲ ਛਿਨਾਂ ਨੂੰ, ਆ ਕੇ ਖਾ ਜਾਂਦੀ ਹੈ ਰਾਤ।

ਇਸ ਨੂੰ ਆਉਂਦਿਆਂ ਦੇਖ ਕੇ, ਪੰਛੀ ਘਰਾਂ ਨੂੰ ਪਰਤਦੇ,
ਆਪਣੇ ਜੀਆ-ਜੰਤ ਦਾ ਚੇਤਾ ਕਰਾ ਜਾਂਦੀ ਹੈ ਰਾਤ।

ਦਿਨ ਚੜ੍ਹਨ ਤੋਂ ਲਹਿਣ ਤਕ ਕੰਮ ਕਰਕੇ ਥੱਕੇ ਹੋਇਆਂ ਨੂੰ,
ਚਾਰ ਪਹਿਰ ਆਰਾਮ ਦੀ ਨੀਂਦੇ ਸੁਲ਼ਾ ਜਾਂਦੀ ਹੈ ਰਾਤ।

ਚੋਰਾਂ, ਯਾਰਾਂ, ਉੱਲੂਆਂ, ਚਮਗਿੱਦੜਾਂ ਦੇ ਵਾਸਤੇ,
ਨ੍ਹੇਰਿਆਂ ਦੇ ਵਿਚ ਵੀ ਇਕ ਦਿਨ ਚੜ੍ਹਾ ਜਾਂਦੀ ਹੈ ਰਾਤ।

ਧੁੱਪ ਦੇ ਰਥ ਦੀ ਗਰਦ ਵਿਚ ਜੋ ਸਿਤਾਰੇ ਗੁੰਮ ਗਏ,
ਭਾਲ ਕੇ ਉਹਨਾਂ ਨੂੰ ਫਿਰ ਸਾਨੂੰ ਦਿਖਾ ਜਾਂਦੀ ਹੈ ਰਾਤ।

ਰਾਤ ਨਾ ਹੁੰਦੀ ਤਾਂ ਕਿਥੇ ਦਿਸਣੇ ਸੀ ਤਾਰੇ ਤੇ ਚੰਦ!
ਕਿੰਨੇ ਵੱਡੇ ਗਿਆਨ ਦੇ ਦੀਵੇ ਜਗਾ ਜਾਂਦੀ ਹੈ ਰਾਤ।

ਜਾਣ ਸਕੇ ਅੱਜ ਤਾਈਂ ਨਾ ਜਿਨ੍ਹਾਂ ਦੇ ਮੂਲ਼ ਨੂੰ,
ਐਸੇ ਅਣਹੋਂਦੇ ਕਈ ਸੁਪਨੇ ਤਕਾ ਜਾਂਦੀ ਹੈ ਰਾਤ।

ਭਿੰਨੀ ਭਿੰਨੀ ਆਣਕੇ ਜਦ ‘ਵਾ ਪੁਰੇ ਦੀ ਰੁਮਕਦੀ,
ਪਿਆਰ ਦੇ ਸੰਗੀਤ ਦੀ ਇਕ ਸੁਰ ਹਿਲਾ ਜਾਂਦੀ ਹੈ ਰਾਤ।

ਇਕ ਸੁਹਾਗਣ, ਜੋ ਛੁਪੀ ਹੈ ਕੰਜ-ਕੁਆਰੇ ਘੁੰਡ ਵਿਚ,
ਮਲਕੜੇ ਜਿਹੇ ਓਸ ਤੋਂ ਪਰਦਾ ਉਠਾ ਜਾਂਦੀ ਹੈ ਰਾਤ।

ਮਖ਼ਮਲੀ ਹਰਿਆਵਲਾਂ ਦੀ ਸਰਦ ਸੁਹਣੀ ਸੇਜ ‘ਤੇ,
ਚਿੱਟੇ ਚਿੱਟੇ ਤ੍ਰੇਲ ਦੇ ਮੋਤੀ ਸਜਾ ਜਾਂਦੀ ਹੈ ਰਾਤ।

ਤੂੰ ਜਿਨ੍ਹਾਂ ਨੂੰ ਤ੍ਰੇਲ ਦੇ ਮੋਤੀ ਕਵ੍ਹੇਂ, ਮੋਤੀ ਨਹੀਂ,
ਬਿਰਹਣਾ ਦੇ ਨਾਲ ਬਹਿ ਹੰਝੂ ਵਹਾ ਜਾਂਦੀ ਹੈ ਰਾਤ।

ਤਤਕਰਾ

ਇਹ ਜਦੋਂ ਖ਼ਾਮੋਸ਼ ਹੈ, ਉਦਾਸ ਹੈ, ਸੁੰਨਸਾਨ ਹੈ,
ਵਿੱਛੜੇ ਹੋਇਆਂ ਦੇ ਮਨੀਂ, ਤੂਫ਼ਾਨ ਚਾ ਜਾਂਦੀ ਹੈ ਰਾਤ।

ਫਿਰ ਪੁਰਾਣੇ ਦਰਦ ਨੂੰ ਕੁਝ ਤਾਜ਼ਗੀ ਦੇਵਣ ਲਈ,
'ਰਾਤ ਦੀ ਰਾਣੀ' ਤੋਂ ਲੈ, ਮਹਿਕਾਂ ਖਿੰਡਾ ਜਾਂਦੀ ਹੈ ਰਾਤ।

ਇਹ ਕਦੇ ਨਹੀਂ ਖ਼ਤਮ ਹੋਈ, ਨਾ ਕਦੇ ਇਹ ਹੋਵਣੀ,
ਓਧਰੋਂ ਜਾਂਦੀ ਹੈ ਏਧਰ ਫੇਰ ਆ ਜਾਂਦੀ ਹੈ ਰਾਤ।

ਦੋਸਤੋ! ਇਸ ਰਾਤ ਨੂੰ ਚੰਗਾ ਕਹੋ, ਮਾੜਾ ਕਹੋ,
ਜੋ ਵੀ ਇਸ ਤੋਨ ਬਣ ਸਕੇ, ਉਹੀਓ ਬਣਾ ਜਾਂਦੀ ਹੈ ਰਾਤ।

ਤਤਕਰਾ

## 98 - ਰੂਹ

ਜਦੋਂ ਇਹ ਸ੍ਰਿਸ਼ਟੀ ਨਹੀਂ ਸੀ, ਉਸ ਵੇਲ਼ੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵੀ ਨਹੀਂ ਸਨ। ਇਸ ਧਰਤੀ ਦੀਆਂ ਇਹਨਾਂ ਅਰਬਾਂ ਰੂਹਾਂ ਵਿਚੋਂ ਕੋਈ ਵੀ ਨਹੀਂ ਸੀ। ਰੱਬ ਦਾ ਭਾਣਾ ਕਹਿ ਲਓ ਜਾਂ 'ਬਿੱਗ-ਬੈਂਗ' ਕਹਿ ਲਓ, ਜਿਸ ਦੇ ਹੋਣ ਨਾਲ਼ ਇਹ ਸ੍ਰਿਸ਼ਟੀ ਹੋਂਦ ਵਿਚ ਆਈ ਅਤੇ ਰੂਹਾਂ ਬਣਨ ਲੱਗੀਆਂ। ਉਹ ਇਕ ਕਿਰਿਆ ਸੀ, ਇਕ ਘਟਣਾ ਸੀ। ਹਰ ਘਟਣਾ ਦਾ ਜੇ ਆਦਿ ਹੁੰਦਾ ਹੈ ਤਾਂ ਅੰਤ ਵੀ ਹੁੰਦਾ ਹੈ। ਜੇ ਇਕ ਘਟਣਾ ਕਰਕੇ 'ਰੂਹ' ਹੋਂਦ ਵਿਚ ਆ ਸਕਦੀ ਹੈ ਤਾਂ ਇਕ ਹੋਰ ਘਟਣਾ ਕਰਕੇ, ਮਰ ਵੀ ਸਕਦੀ ਹੈ।

1.

ਰੂਹ ਸੈਭੰ ਨਹੀਂ, ਇਹ ਬਣਾਈ ਗਈ,
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ ਹੈ ਅੰਤ ਵੀ,
ਇਹ ਤੇ ਸਮਿਆਂ ਦੇ ਜ਼ੇਰ-ਏ-ਅਸਰ ਹੋਵੰਦੀ।

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ।

2.

ਰੂਹ ਕਿਸੇ ਦੀ, ਯਾਦਾਂ ਕਰਕੇ ਹੀ ਅਮਰ ਹੈ ਹੋਈ,
ਪੜਦਾਦੇ ਦੇ ਪੜਦਾਦੇ ਦੀ ਰੂਹ ਚਿਰਾਂ ਤੋਂ ਮੋਈ।
ਜਦ ਤਕ ਤੇਰੀਆਂ ਚੀਜ਼ਾਂ ਜੀਵਣ, ਤੂੰ ਜੀਦੇ ਹੈ ਰਹਿਣਾ,
ਢਾਉਣ, ਢੁਆਉਣ ਦਾ ਚੱਕਰ ਛੱਡ ਕੇ, ਮਹਿਲ ਬਣਾ ਜਾ ਕੋਈ।

3.

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ।

ਇਹ ਹਵਾ ਦਾ ਹੈ ਛਿੱਦਾ ਜੋ ਬੇਨਾਮ ਹੈ।
ਅਣਬੁਝੀ ਹੀ ਰਹੀ ਤ੍ਰੇਹ ਦਾ ਅੰਜਾਮ ਹੈ।
ਇਕ ਦੇ ਬਾਅਦ ਇਕ ਇੱਛਾ ਮੰਜ਼ਿਲ ਇਹਦੀ,
ਸਿਰਫ਼ ਰਾਹਾਂ ਦੀ, ਇਹ ਹਮਸਫ਼ਰ ਹੋਵੰਦੀ।

ਤਤਕਰਾ

ਇਹ ਖ਼ਲਾਵਾਂ, ਖ਼ਿਆਲਾਂ ਤੋਂ ਉਪਜੀ ਹੋਈ,
ਕਿਸੇ ਅਨਜਾਣ 'ਕਾਰਣ' ਦੀ ਸਿਰਜੀ ਹੋਈ।
ਤਨ ਬਦਨ ਦੇ ਘਰਾਂ ਨੂੰ ਇਹ ਲੋੜੇ ਸਦਾ,
ਇਹ ਹੈ ਉਹ ਸਾਜ਼, ਵੱਜੇ, ਜੇ ਸੋਚੇ ਕੋਈ।
ਇਸਦੀ ਆਵਾਜ਼ ਵਿਰਲਾ ਹੀ ਸਮਝੇ ਕੋਈ।

ਇਹ ਹੀ 'ਪੱਥਰ' ਇਹ ਹੀ 'ਫਹਿਆ' ਹੋਵੰਦੀ,
ਇਹ ਹੀ 'ਸਾਬਿਰ' ਇਹ ਹੀ 'ਬੇਸਬਰ' ਹੋਵੰਦੀ।

'ਆਦਮ' ਤੇ 'ਹਵਾ' ਤੋਂ ਕਰੋੜਾਂ ਬਣੇ,
ਮੌਤ ਦੇ ਹੁੰਦਿਆਂ ਵੀ ਨੇ ਤਾਣੇ ਤਣੇ।
ਇਹ ਮਜ਼ਲੂਮ ਵੀ ਹੈ ਤੇ ਜ਼ਾਲਿਮ ਵੀ ਹੈ,
ਇਹ ਹੀ ਆਕਾ ਤੇ ਇਹ ਹੀ ਨਫ਼ਰ ਹੋਵੰਦੀ।

ਰੂਹ ਹੁੰਦੀ ਹੈ ਕੀ? ਕੀ ਪਤਾ ਲਾਵਣਾ!
ਇਸ ਨੇ ਸੋਚਣ ਤੋਂ ਪਹਿਲਾਂ ਬਦਲ ਜਾਵਣਾ।
ਪੂਰੀ ਸ੍ਰਿਸ਼ਟੀ ਦੇ ਵਿਚ ਇਹ ਇਕੱਲੀ ਨਹੀਂ,
ਆਪਣੇ ਆਪੇ ਤੋਂ ਜੋ ਬੇਖ਼ਬਰ ਹੋਵੰਦੀ।

ਇੱਛਾਵਾਂ 'ਚ ਹੁੰਦੇ ਨੇ ਸਾਹ ਏਸਦੇ,
ਆਸ ਦੇ ਆਸਰੇ 'ਤੇ ਇਹ ਤੁਰਦੀ ਫਿਰੇ
ਉਸ ਵੇਲੇ ਕਦੇ ਨਾ ਇਹ ਜੀਂਦੀ ਰਵ੍ਹੇ,
ਜਦੋਂ ਆਸ਼ਾ ਦੀ ਝੋਲੀ ਸਿਫ਼ਰ ਹੋਵੰਦੀ।

ਇਹਦਾ ਇਕ ਬੀਜ ਕਈ ਰੂਹਾਂ ਪੈਦਾ ਕਰੇ।
ਕਦੀ ਖਾਲੀ ਕਰੇ, ਕਦੀ ਖਾਲੀ ਭਰੇ।
ਤਨ ਬਦਨ ਦੇ ਬਿਨਾਂ ਵੀ ਜਦੋਂ ਰਹਿ ਸਕੇ,
ਤਾਂ ਇਹ ਉਸ ਰੋਜ਼ ਜਾ ਕੇ 'ਅਮਰ' ਹੋਵੰਦੀ।

ਰੂਹ ਸੈਭੰ ਨਹੀਂ, ਇਹ ਬਣਾਈ ਗਈ।
ਇਹ ਤਾਂ ਘਟਣਾ ਹੈ ਇਕ ਜੋ ਘਟਾਈ ਗਈ।
ਹਰ ਘਟਣਾ ਦਾ ਆਦਿ ਵੀ, ਅੰਤ ਵੀ ਹੈ,
ਇਹ ਸਮਿਆਂ ਦੇ ਜ਼ੇਰ-ਏ-ਅਸਰ ਹੋਵੰਦੀ।

ਤਤਕਰਾ

ਰੂਹ ਨੀਵੀਂ ਵੀ ਹੈ, ਰੂਹ ਉੱਚੀ ਵੀ ਹੈ,
ਰੂਹ ਕੂੜੀ ਵੀ ਹੈ, ਰੂਹ ਸੁੱਚੀ ਵੀ ਹੈ।
ਇਹ ‘ਮਹਾਂ-ਆਤਮਾ’, ਇਹ ‘ਪਰਮ-ਆਤਮਾ’
ਇਹ ਨਜ਼ਾਰਾ ਤੇ ਇਹ ਹੀ ਨਜ਼ਰ ਹੋਵੰਦੀ।

ਰੂਹ ਜੰਮਦੀ ਵੀ ਹੈ, ਰੂਹ ਮਰਦੀ ਵੀ ਹੈ,
ਕੋਈ ਕੋਈ ਹੀ ਹੈ ਜੋ ਅਮਰ ਹੋਵੰਦੀ।

ਤਤਕਰਾ

# 99 - ਵਿਕਸਤ

ਆਪਣੇ ਆਪ ਨੂੰ ਇਸ ਤਰ੍ਹਾਂ ਵਿਕਸਤ ਬਣਾ,
ਰੱਬ ਨੂੰ ਵੀ, ਰੱਬ ਨਹੀਂ ਦੋਸਤ ਬਣਾ।

'ਬੀਜ' ਉਪਰਲੇ ਕਿਲੇ ਨੂੰ ਤੋੜ ਕੇ,
ਖੰਡਰਾਂ ਦੇ ਵਿਚੋਂ ਇਮਾਰਤ ਬਣਾ।

ਇਹ ਹਵਾਵਾਂ ਲੋਹਾ ਵੀ ਖਾ ਜਾਂਦੀਆਂ,
ਲੋਹੇ ਤੋਂ ਵੀ ਵੱਧ, ਨਵੀਂ ਤਾਕਤ ਬਣਾ।

ਲੰਘਣ ਵਾਲਾ ਕੋਈ ਖ਼ੁਸ਼ਬੋ ਲੈ ਸਕੇ,
ਜ਼ਿੰਦਗੀ ਦਾ ਬਾਗ ਪਰਫ਼ੁਲਤ ਬਣਾ।

ਉਲਝਣਾ ਦੇਣਾ ਜ਼ਮਾਨਾਂ ਸਿੱਖਿਆ,
ਉਲਝਣਾ ਸੁਲਝਾਣ ਦੀ ਆਦਤ ਬਣਾ।

ਜ਼ਿੰਦਗੀ ਭਰ ਮਿਲ ਸਕੇ, ਨਾ-ਮਿਲ ਸਕੇ,
ਫਿਰ ਭੀ ਤੂੰ ਅਪਨਾਣ ਦੀ ਹਸਰਤ ਬਣਾ।

ਜ਼ਿੰਦਗੀ ਮਰ ਮਰ ਕੇ ਨਾ ਲੰਘਾ ਲਵੀਂ,
ਏਸ ਨੂੰ 'ਜੀਵਣ ਦੇ ਲਈ' ਜੁੱਰਤ ਬਣਾ।

ਦੁਨੀਆਂਦਾਰੀ ਦੇ ਝਮੇਲੇ ਛੱਡ ਕੇ,
'ਪ੍ਰੀਤਮ' ਆਪਣੇ ਆਪ ਲਈ ਫ਼ੁਰਸਤ ਬਣਾ।

ਤਤਕਰਾ

ਸ਼ਾਦੀ ਤੋਂ ਬਾਅਦ

## 100 - ਵਿਦਾਇਗੀ

ਹੁਣ ਤਕ ਜਿਸ ਨੂੰ ਫ਼ਲ ਕਹਿੰਦੇ ਸੀ,
ਉਸ ਨੇ ਰੰਗ ਵਟਾਣਾ ਹੈ ।
ਇਕ ਗੁਲਸ਼ਨ ਮਹਿਕਾਵਣ ਦੇ ਲਈ,
ਫ਼ਲ ਤੋਂ ਜੜ੍ਹ ਬਣ ਜਾਣਾ ਹੈ ।

ਤਤਕਰਾ